ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 33 | 21 August 2019 to 27 August 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਹੜ੍ਹ ਆਉਣ 'ਤੇ ਸੰਗਤ ਅਤੇ ਫੌਜ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸੰਭਾਲ ਕੀਤੀ

**ਜਲੰਧਰ/ਏਟੀ ਨਿਊਜ਼ :** ਜਿਲ੍ਹੇ ਦੇ ਮੰਡ ਖੇਤਰ ਵਿਚ ਹੜ੍ਹ ਆਉਣ 'ਤੇ ਸੰਗਤ ਅਤੇ ਫੌਜ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸੰਭਾਲ ਕੀਤੀ ਹੈ। ਸਿੱਖ ਕੇਅਰ ਨਾਮੀ ਸੰਸਥਾ ਨੇ ਲੋਕਲ ਸੰਗਤ ਅਤੇ ਫੌਜ ਦੇ ਸਹਿਯੋਗ ਨਾਲ ਟਰੈਕਟਰ-ਟਰਾਲੀ ਅਤੇ ਕਿਸ਼ਤੀ ਦੀ ਮਦਦ ਨਾਲ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਪਾਣੀ ਵਿੱਚ ਡੁੱਬ ਰਹੇ ਗੁਰੂ ਘਰ ਵਿੱਚੋਂ ਕੱਢ ਕੇ ਸਹੀ ਸਥਾਨ ਉਤੇ ਸੰਭਾਲਿਆ। ਪੰਜਾਬ ਵਿਚ ਅਜੇ ਵੀ ਹੜ੍ਹਾਂ ਦਾ ਖਤਰਾ ਬਰਕਰਾਰ ਹੈ ਕਿਉਂਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਭਾਖੜਾ ਡੈਮ ਵਿੱਚੋਂ 19,000 ਕਿਊਸਿਕ ਪਾਣੀ ਹੋਰ ਛੱਡਿਆ ਜਾਏਗਾ।

## ਸਾਬਕਾ ਜਥੇਦਾਰ ਵੇਦਾਂਤੀ ਨੂੰ ਦਿਲ ਦਾ ਦੌਰਾ ਪਿਆ

**ਅੰਮ੍ਰਿਤਸਰ/ਏਟੀ ਨਿਊਜ਼ :** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ



ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਦੇਰ ਰਾਤ ਦਿਲ ਦਾ ਦੌਰਾ ਪਿਆ। ਵੇਦਾਂਤੀ ਦੇ ਪਰਿਵਾਰਕ ਮੈਂਬਰਾਂ ਨੇ ਤੁਰੰਤ ਉਨ੍ਹਾਂ ਨੂੰ ਸ੍ਰੀ ਗੁਰੂ ਰਾਮਦਾਸ ਹਸਪਤਾਲ ਨੇੜੇ ਗੁਰਦੁਆਰਾ ਸ਼ਹੀਦ ਗੰਜ ਵਿਖੇ ਦਾਖਲ ਕਰਵਾਇਆ। ਡਾਕਟਰਾਂ ਮੁਤਾਬਕ ਜਥੇਦਾਰ ਵੇਦਾਂਤੀ ਦੀ ਹਾਲਤ ਸਥਿਰ ਹੈ ਅਤੇ ਕੁਝ ਸਮਾਂ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿਖੇ ਹੀ ਰੱਖਿਆ ਜਾਵੇਗਾ।

# ਪੰਜਾਬ 'ਚ ਹੜ੍ਹਾਂ ਕਾਰਨ ਭਾਰੀ ਤਬਾਹੀ

### *ਰਾਹਤ ਕਾਰਜਾਂ ਲਈ ਕਈ ਇਲਾਕਿਆਂ ਵਿਚ ਫ਼ੌਜ ਅਤੇ ਐੱਨਡੀਆਰਐੱਫ ਦੀਆਂ ਟੀਮਾਂ ਸੱਦੀਆਂ*

- **ਕੈਪਟਨ ਸਰਕਾਰ ਨੇ ਕੁਦਰਤੀ ਆਫਤ ਐਲਾਨਿਆ**
- **ਮੋਹਲੇਧਾਰ ਮੀਂਹ ਨਾਲ ਕਈ ਜਗ੍ਹਾ ਸੜਕ, ਰੇਲ ਅਤੇ ਹਵਾਈ ਆਵਾਜਾਈ ਵਿਚ ਵਿਘਨ**
- **ਭਾਰਤ ਭਰ 'ਚ 300 ਤੋਂ ਜ਼ਿਆਦਾ ਮੌਤਾਂ, ਕਰੋੜਾਂ ਰੁਪਏ ਦੀ ਜਾਇਦਾਦ ਨਸ਼ਟ**



### ਸ਼੍ਰੋਮਣੀ ਕਮੇਟੀ ਰਾਹਤ ਦੇਣ ਲਈ ਤਿਆਰ

ਸ਼੍ਰੋਮਣੀ ਕਮੇਟੀ ਵਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਦੇਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਦੇ ਨਿਰਦੇਸ਼ਾਂ 'ਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਸੰਗਤ ਦੀ ਰਿਹਾਇਸ਼ ਤੇ ਲੰਗਰ ਆਦਿ ਦੇ ਪ੍ਰਬੰਧਾਂ ਲਈ ਤਿਆਰ ਰਹਿਣ ਨੂੰ ਕਿਹਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ: ਰੂਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਲੋੜ ਪੈਣ 'ਤੇ ਲੋਕਾਂ ਦੀ ਮਦਦ ਲਈ ਤਿਆਰ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਲੋੜ ਪੈਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਨਾਲ ਸੰਪਰਕ ਕੀਤਾ ਜਾਵੇ।

**ਜਲੰਧਰ /ਵਿਸ਼ੇਸ਼ ਰਿਪੋਰਟ :**
ਪੰਜਾਬ ਸਮੇਤ ਸਮੁੱਚੇ ਭਾਰਤ ਵਿਚ ਲਗਾਤਾਰ ਪੈ ਰਹੇ ਭਾਰੀ ਮੀਂਹ ਨਾਲ ਕਈ ਜਗ੍ਹਾ ਸੜਕ, ਰੇਲ ਅਤੇ ਹਵਾਈ ਆਵਾਜਾਈ ਵਿਚ ਵਿਘਨ ਪੈਣ ਅਤੇ ਜਾਨ-ਮਾਲ ਦੇ ਭਾਰੀ ਨੁਕਸਾਨ ਕਾਰਣ ਜਨ-ਜੀਵਨ ਬੁਰੀ ਤਰ੍ਹਾਂ ਠੱਪ ਹੋ ਗਿਆ ਹੈ। ਕਈ ਜਗ੍ਹਾ ਲੋਕ ਫਸੇ ਹੋਏ ਹਨ ਅਤੇ ਕਈ ਜਗ੍ਹਾ ਲੋਕਾਂ ਦਾ ਸੰਪਰਕ ਬਾਕੀਆਂ ਨਾਲੋਂ ਟੁੱਟ ਗਿਆ ਹੈ। ਹੁਣ ਤੱਕ ਭਾਰਤ ਵਿਚ 300 ਤੋਂ ਜ਼ਿਆਦਾ ਲੋਕਾਂ ਦੀ ਮੌਤ ਅਤੇ ਹਜ਼ਾਰਾਂ ਲੋਕਾਂ ਦੇ ਬੇਘਰ ਹੋਣ ਤੋਂ ਇਲਾਵਾ ਕਰੋੜਾਂ ਰੁਪਏ ਦੀ ਜਾਇਦਾਦ ਨਸ਼ਟ ਹੋ ਚੁੱਕੀ ਹੈ। 18 ਅਗਸਤ ਨੂੰ 16 ਸੂਬਿਆਂ ਵਿਚ ਭਾਰੀ ਮੀਂਹ ਪਿਆ ਹੈ।

**ਪੰਜਾਬ 'ਚ ਤਬਾਹੀ-** ਬਰਸਾਤ ਦੇ ਕਾਰਨ ਪੰਜਾਬ ਦੇ ਕਈ ਇਲਾਕਿਆਂ ਵਿਚ ਹੜ੍ਹਾਂ ਵਰਗੀ ਸਥਿਤੀ ਪੈਦਾ ਹੋ ਗਈ ਹੈ। ਰੋਪੜ, ਨਵਾਂਸ਼ਹਿਰ, ਜਲੰਧਰ, ਫਿਰੋਜ਼ਪੁਰ ਸਮੇਤ ਬਹੁਤ ਸਾਰੇ ਖੇਤਰਾਂ ਵਿਚ ਸੈਂਕੜੇ ਪਿੰਡਾਂ ਦੇ ਲੋਕਾਂ ਨੂੰ ਪਿੰਡ ਛੱਡ ਜਾਣ ਦੇ ਹੁਕਮ ਦਿੱਤੇ ਗਏ ਹਨ। ਪੰਜਾਬ ਵਿਚ ਸਿਰਫ 2 ਦਿਨਾਂ ਅੰਦਰ 8 ਜ਼ਿਲ੍ਹਿਆਂ ਵਿਚ 100 ਐਮ ਐਮ ਤੋਂ ਜ਼ਿਆਦਾ ਮੀਂਹ ਪੈਣ ਨਾਲ ਛੱਤਾਂ ਡਿੱਗਣ ਅਤੇ ਕਰੰਟ ਲੱਗਣ ਨਾਲ 6 ਵਿਅਕਤੀਆਂ ਦੀ ਮੌਤ ਅਤੇ ਕਈ ਪਿੰਡਾਂ ਵਿਚ ਹੜ੍ਹ ਦਾ ਖਤਰਾ ਪੈਦਾ ਹੋ ਜਾਣ ਕਰਕੇ ਉਨ੍ਹਾਂ ਨੂੰ ਖਾਲੀ ਕਰਨ ਦੇ ਹੁਕਮ ਦਿੱਤੇ ਗਏ ਹਨ। ਦਰਜਨਾਂ ਪਸ਼ੂ ਵੀ ਮਾਰੇ ਗਏ ਹਨ ਤੇ ਰਿਪੋਰਟਾਂ ਮੁਤਾਬਕ ਗੁਰਦਾਸਪੁਰ, ਫ਼ਿਰੋਜ਼ਪੁਰ, ਨਵਾਂ ਸ਼ਹਿਰ, ਰੋਪੜ, ਜਲੰਧਰ, ਮੋਗਾ ਤੇ ਹੋਰ ਕਈ ਜ਼ਿਲ੍ਹਿਆਂ ਵਿੱਚ ਜ਼ਿਆਦਾ ਪਾਣੀ ਆਉਣ ਕਰਕੇ ਪਿੰਡ ਖ਼ਾਲੀ ਕਰਨ ਦੇ ਹੁਕਮ ਦਿੱਤੇ ਗਏ ਹਨ। ਕਿਸਾਨਾਂ ਦੀ ਹਜ਼ਾਰਾਂ ਏਕੜ ਫ਼ਸਲ ਪਾਣੀ ਵਿੱਚ ਡੁੱਬ ਗਈ ਹੈ। ਪੰਜਾਬ ਸਰਕਾਰ ਨੇ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਸੂਬਾ ਤੇ ਜ਼ਿਲ੍ਹਾ ਪੱਧਰ ਉੱਤੇ ਕੰਟਰੋਲ ਰੂਮ ਸਥਾਪਿਤ ਕੀਤੇ ਹਨ। ਡਿਪਟੀ ਕਮਿਸ਼ਨਰਾਂ ਨੇ ਲੋੜ ਪੈਣ ਉੱਤੇ ਗੁਰਦਾਸਪੁਰ, ਫ਼ਿਰੋਜ਼ਪੁਰ, ਰੋਪੜ ਜ਼ਿਲ੍ਹਿਆਂ ਵਿੱਚ ਫੌਜ ਦੀਆਂ ਟੀਮਾਂ ਬੁਲਾਈਆਂ ਹਨ।

ਭਾਖੜਾ ਡੈਮ ਵਿਚੋਂ ਫਲੱਡ ਗੇਟਾਂ ਰਾਹੀਂ ਵਾਧੂ ਪਾਣੀ ਛੱਡੇ ਜਾਣ ਦੇ ਬਾਵਜੂਦ ਇਸ ਸਾਲ ਜ਼ਿਆਦਾ ਮੀਂਹ ਪੈਣ ਕਾਰਣ ਭਾਖੜਾ ਵਿਚ ਪਾਣੀ ਦਾ ਪੱਧਰ ਅੰਦਾਜ਼ਨ ਸਮੇਂ ਤੋਂ ਪਹਿਲਾਂ ਹੀ ਖਤਰੇ ਦਾ ਨਿਸ਼ਾਨ ਪਾਰ ਕਰ ਗਿਆ ਤੇ ਭਾਖੜਾ ਤੋਂ ਸਤਲੁਜ ਦਰਿਆ ਵਿਚ ਪਾਣੀ ਦੇਰ ਨਾਲ ਛੱਡਣ ਕਰਕੇ 18 ਅਗਸਤ ਨੂੰ ਸਤਲੁਜ ਦਰਿਆ ਵਿਚ ਵੀ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਪਾਰ ਹੋ ਜਾਣ 'ਤੇ ਰੋਪੜ, ਲੁਧਿਆਣਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ

**ਬਾਕੀ ਸਫ਼ਾ 33 'ਤੇ**

# ਕਸ਼ਮੀਰ 'ਚ ਮਚਦੇ ਭਾਂਬੜ ਨਹੀਂ ਹੋ ਰਹੇ ਸ਼ਾਂਤ

### *ਕਸ਼ਮੀਰੀ ਨੌਜਵਾਨਾਂ ਅਤੇ ਸੁਰੱਖਿਆ ਬਲਾਂ ਵਿਚ ਝੜਪਾਂ; ਕਈ ਜ਼ਖ਼ਮੀ*

**ਸ੍ਰੀਨਗਰ/ਏਟੀ ਨਿਊਜ਼ :**
ਮੋਦੀ ਸਰਕਾਰ ਦੀ ਧੱਕੇਸ਼ਾਹੀ ਕਾਰਨ ਸਮੁੱਚਾ ਕਸ਼ਮੀਰ ਜੇਲ੍ਹਖਾਨਾ ਬਣ ਚੁੱਕਾ ਹੈ, ਪ੍ਰੰਤੂ ਵਿਦੇਸ਼ੀ ਮੀਡੀਆ ਮੁਸ਼ਕਲ ਹਾਲਤਾਂ ਵਿੱਚ ਵੀ ਅੰਦਰਲੀਆਂ ਖ਼ਬਰਾਂ ਬਾਹਰੀ ਦੁਨੀਆ ਤੱਕ ਪੁਚਾਉਣ ਲਈ ਲਗਾਤਾਰ ਯਤਨਸ਼ੀਲ ਹੈ। ਬੀਬੀਸੀ ਉੱਪਰ ਕਸ਼ਮੀਰ ਦੀ ਕਵਰੇਜ ਕਰਨ 'ਤੇ ਪਾਬੰਦੀ ਲੱਗ ਚੁੱਕੀ ਹੈ। ਕੌਮਾਂਤਰੀ ਨਿਊਜ਼ ਏਜੰਸੀ ਏ ਐੱਫ਼ ਪੀ ਮੁਤਾਬਕ ਅਜ਼ਾਦੀ ਦਿਹਾੜੇ ਤੋਂ ਅਗਲੇ ਦਿਨ ਸ੍ਰੀਨਗਰ ਵਿੱਚ ਸਥਾਨਕ ਪ੍ਰਦਰਸ਼ਨਕਾਰੀ ਪੁਲਸ ਨਾਲ ਭਿੜ ਗਏ ਸਨ। ਪੁਲਸ ਤੇ ਪ੍ਰਦਰਸ਼ਨਕਾਰੀਆਂ ਵਿੱਚ ਇਹ ਸੰਘਰਸ਼ ਉਦੋਂ ਹੋਇਆ, ਜਦੋਂ ਹਜ਼ਾਰਾਂ ਲੋਕ ਸ੍ਰੀਨਗਰ ਦੀਆਂ ਸੜਕਾਂ ਉੱਤੇ ਰੈਲੀ ਕੱਢ ਰਹੇ ਸਨ। ਇਸ ਦੇ ਜਵਾਬ ਵਿੱਚ ਪੁਲਸ ਨੇ ਅੱਥਰੂ ਗੈਸ ਦੇ ਗੋਲੇ ਛੱਡੇ ਤੇ ਪੈਲੇਟ ਗੰਨਾਂ ਨਾਲ



ਗੋਲੀਬਾਰੀ ਕੀਤੀ ਸੀ। ਇਹ ਰੈਲੀ ਸ੍ਰੀਨਗਰ ਦੇ ਸਉਰਾ ਇਲਾਕੇ ਵਿੱਚ ਕੱਢੀ ਗਈ ਸੀ, ਜਿੱਥੇ ਸਰਕਾਰ ਦੇ 5 ਅਗਸਤ ਦੇ ਫ਼ੈਸਲੇ ਤੋਂ ਬਾਅਦ ਲਗਾਤਾਰ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਖਬਰਾਂ ਦੱਸ ਰਹੀਆਂ ਹਨ ਕਿ ਸੂਬੇ ਦਾ ਵਿਸ਼ੇਸ਼ ਦਰਜਾ ਖਤਮ ਕਰਨ ਦੇ ਫੈਸਲੇ ਦਾ ਵਿਰੋਧ ਰੋਕਣ ਲਈ ਏਨੇ ਲੋਕਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ ਕਿ ਉਨ੍ਹਾਂ ਨੂੰ ਸੂਬੇ ਵਿਚ ਰੱਖਣ ਲਈ ਜੇਲ੍ਹਾਂ ਵਿਚ ਵੀ ਥਾਂ ਨਹੀਂ ਬਚੀ। ਇਸ ਲਈ ਪ੍ਰਾਈਵੇਟ ਗੈਸਟ ਹਾਊਸ ਕਿਰਾਏ 'ਤੇ ਲਏ ਜਾ ਰਹੇ ਹਨ ਤੇ ਖਾਲੀ ਘਰਾਂ ਨੂੰ ਵੀ ਨਜ਼ਰਬੰਦੀ ਕੈਂਪਾਂ ਵਿਚ ਬਦਲਿਆ ਜਾ ਰਿਹਾ ਹੈ। ਸਰਕਾਰੀ ਬੁਲਾਰੇ 100 ਦੇ ਕਰੀਬ ਸਿਆਸਤਦਾਨਾਂ ਤੇ ਬੁੱਧੀਜੀਵੀਆਂ ਨੂੰ ਹਿਰਾਸਤ ਵਿਚ ਲੈਣ ਦੀ ਗੱਲ ਕਹਿ ਰਹੇ ਹਨ, ਪਰ ਉਨ੍ਹਾਂ ਪ੍ਰੋਟੈਸਟਰਾਂ ਤੇ

**ਬਾਕੀ ਸਫ਼ਾ 33 'ਤੇ**

## ਖਾਲਸਾ ਏਡ ਦੇ ਮੁਖੀ ਰਵੀ ਸਿੰਘ 'ਤੇ ਨਸਲੀ ਟਿੱਪਣੀ

**ਵਿਆਨਾ/ਏਟੀ ਨਿਊਜ਼ :** ਆਸਟ੍ਰੀਆ ਦੀ ਰਾਜਧਾਨੀ ਵਿਆਨਾ ਦੇ ਹਵਾਈ ਅੱਡੇ 'ਤੇ ਸੰਸਾਰ ਪੱਧਰ ਉਤੇ ਮਸ਼ਹੂਰ ਸਿੱਖ ਸਮਾਜ ਸੇਵੀ ਰਵੀ ਸਿੰਘ ਉਤੇ ਨਸਲੀ ਟਿੱਪਣੀ ਕੀਤੇ



ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਹਵਾਈ ਅੱਡੇ 'ਤੇ ਤਾਇਨਾਤ ਇਕ ਮਹਿਲਾ ਸੁਰੱਖਿਆ ਅਧਿਕਾਰੀ ਵਲੋਂ ਖਾਲਸਾ ਏਡ ਸੰਸਥਾਪਕ ਰਵੀ ਸਿੰਘ ਦੀ ਪੱਗੜੀ ਵਿਚ ਬੰਬ ਹੋਣ ਨੂੰ ਲੈ ਕੇ ਮਜ਼ਾਕ ਕੀਤਾ ਗਿਆ। ਇਕ ਸਥਾਨਕ ਅਖਬਾਰ 'ਮੈਟਰੋ' ਦੀ ਰਿਪੋਰਟ ਮੁਤਾਬਕ ਰਵੀ ਸਿੰਘ ਇਰਾਕ ਵਿਚ ਆਈਐੱਸ. ਵਲੋਂ ਬੰਧਕ ਬਣਾਈਆਂ ਗਈਆਂ ਔਰਤਾਂ ਦੀ ਮਦਦ ਕਰਨ ਪਿੱਛੋਂ ਬਰਤਾਨੀਆ ਪਰਤ ਰਹੇ ਸਨ।

**ਬਾਕੀ ਸਫ਼ਾ 33 'ਤੇ**

PROPERTY FOR SALE
TRAVEL INN
Lewiston ID 835013,
42-Room Property
Call (951) 741-5489

ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀਓ
ਬੇਨਤੀ ਕੀਤੀ ਜਾਂਦੀ ਹੈ ਕਿ
San-Fernando Valley
ਵਿਚ ਗੁਰਦੁਆਰਾ ਸਾਹਿਬ
ਖਾਲਸਾ ਕੇਅਰ ਫਾਊਂਡੇਸ਼ਨ ਵਿਖੇ
24 ਅਗਸਤ 2019, ਦਿਨ ਸ਼ਨਿੱਚਰਵਾਰ
ਨੂੰ ਸਵੇਰੇ 11:00 ਵਜੇ ਤੋਂ ਸ਼ਾਮ 8:00 ਵਜੇ ਤੱਕ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਜੀਵਨ ਕਾਲ ਅਤੇ ਖ਼ਾਲਸਾ ਰਾਜ ਸਮੇਂ ਦੀਆਂ
ਦੁਰਲੱਭ ਨਿਸ਼ਾਨੀਆਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ।
ਆਪ ਜੀ ਆ ਕੇ ਜ਼ਰੂਰ ਦਰਸ਼ਨ ਕਰੋ ਅਤੇ ਗੁਰੂ ਜੀ
ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
KCF (KHALSA CARE FOUNDATION)
9989 Laurel canyon Blvd,
Pacoima, CA 91331
Ph.-818-527-0181

FLEET ONE
OVER THE ROAD
FACTORING PROGRAM TO MEET YOUR NEEDS
WITH RATES STARTING AS LOW AS 1%
• A program custom-built to match your fleet's needs – backed by a FDIC-Insured financial partner in WEX Bank.
• Free same day funding
• Free collection management services
• Real-time credit check service
95% Advance in 24 Hours For Trucking Companies
Call for a Quote
(855)641-6955

22
GET FLAT 22 CENTS DISCOUNT AT
TA TravelCenters of America
PETRO Stopping Centers
We also offer Line of Credit for Fuel Card
Additional Services with our Fuel Card
✓ National Tire Program ✓ PM & Light Mechanical
✓ 24 Hour Dedicated Repair Service
TRANS-ALLIANCE
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
1.888.795.7035
www.trans-alliance.com


SOVEREIGN TOUR OF STATES
ਗੁਰਮੁਖੀ ਦਾ ਬੇਟਾ
Live
in Concert
Satinder Sartaaj
Aug 10
San Jose, CA
Aug 11
Sacramento, CA
Aug 17
Stockton, CA
Aug 18
Fresno, CA
Aug 23
Detroit, MI
Aug 24
Chicago, IL
Aug 25
New York, NY
Aug 31
Bakersfield, CA
Sept 01
Seattle, WA
Sept 07
Virginia City, VA
Sept 08
Rahway, NJ
For Tickets Visit :
www.satindersartaaj.com

# ਸਟਾਕਟਨ ਤੇ ਫਰਿਜ਼ਨੋ 'ਚ ਸਤਿੰਦਰ ਸਰਤਾਜ ਦੇ ਗੀਤਾਂ ਦੀ ਛਹਿਬਰ ਲੱਗੀ

**ਸਟਾਕਟਨ/ਏਟੀ ਨਿਊਜ਼ :**
ਸਥਾਨਕ ਬੌਬ ਹੋਪ ਥੀਏਟਰ ਦੇ ਹਾਲ ਵਿਚ ਪੰਜਾਬੀ ਸੰਗੀਤ ਜਗਤ ਵਿਚ ਧਰੂ ਤਾਰੇ ਵਾਂਗ ਚਮਕ ਰਹੇ, ਸੰਜੀਦਾ ਗਾਇਕੀ ਦੇ ਮੁਹਰੈਲ ਬਣੇ ਸਤਿੰਦਰ ਸਰਤਾਜ ਦੇ ਰੰਗਾਰੰਗ ਪ੍ਰੋਗਰਾਮ ਦਾ ਪੰਜਾਬੀ ਦਰਸ਼ਕਾਂ ਨੇ ਪਰਿਵਾਰਾਂ ਸਮੇਤ ਖ਼ੂਬ ਆਨੰਦ ਮਾਣਿਆ। ਸਟਾਕਟਨ ਦੇ ਪੰਜਾਬੀ ਭਾਈਚਾਰੇ ਨੂੰ ਇਸ ਸਾਫ-ਸੁਥਰੀ ਗਾਇਕੀ ਦੇ ਪ੍ਰੋਗਰਾਮ ਦਾ ਤੋਹਫਾ ਦੇਣ ਵਾਲਿਆਂ ਵਿਚ ਮੰਨਾ ਬੜਿੰਗ, ਲਖਵੀਰ ਸਿੰਘ, ਰੁਪਿੰਦਰ ਮਾਂਗਟ, ਹਰਸਿਮਰਨ ਸਿੰਘ ਅਤੇ ਬਿਕਰਮ ਗਿੱਲ ਨੇ ਮੋਹਰੀ ਰੋਲ ਅਦਾ ਕੀਤਾ।
ਗੌਰਤਲਬ ਹੈ ਕਿ ਸਤਿੰਦਰ ਸਰਤਾਜ ਆਪਣੇ ਕੁੱਲ ਗਿਆਰਾਂ ਪ੍ਰੋਗਰਾਮ ਲੈ ਕੇ ਅਮਰੀਕਾ ਦੌਰੇ ਉਤੇ ਆਏ ਹੋਏ ਹਨ।





ਸਟਾਕਟਨ ਵਿਚ ਉਨ੍ਹਾਂ ਦਾ ਤੀਜਾ ਸ਼ੋਅ ਸੀ। ਇਸ ਤੋਂ ਪਹਿਲਾਂ ਉਹ 10 ਅਗਸਤ ਨੂੰ ਸੈਨ ਹੋਜ਼ੇ ਤੇ 11 ਅਗਸਤ ਨੂੰ ਸੈਕਰਾਮੈਂਟੋ ਵਿਚ ਆਪਣੇ ਸ਼ੋਅ ਕਰ ਚੁੱਕੇ ਹਨ।
ਸਟਾਕਟਨ ਵਿਚ 17 ਅਗਸਤ ਨੂੰ "ਆਪਣਾ ਵਿਰਸਾ ਐਸੋਸੀਏਸ਼ਨ" ਦੇ ਬੈਨਰ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਨੂੰ ਅਮਰੀਕਾ ਤੇ ਕੈਲੀਫੋਰਨੀਆ ਦੀਆਂ ਕਈ ਨਾਮੀ ਟਰੱਕਿੰਗ ਕੰਪਨੀਆਂ, ਬਿਜਨੈਸ ਫਰਮਾਂ, ਸਮਾਜ ਸੇਵੀਆਂ ਤੇ ਪੰਜਾਬੀ ਸੱਭਿਆਚਾਰ ਨੂੰ ਪਿਆਰ ਕਰਨ ਵਾਲੀਆਂ ਸ਼ਖਸੀਅਤਾਂ ਦਾ ਸਪਾਂਸਰਡ ਵੱਜੋਂ ਆਸ਼ੀਰਵਾਦ ਹਾਸਲ ਸੀ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਸਟੇਜ ਸੰਚਾਲਕ ਜਸਵੰਤ ਸਿੰਘ ਸ਼ਾਦ ਨੇ ਬਹੁਤ ਹੀ ਸੰਖੇਪ ਵਿਚ ਸਤਿੰਦਰ ਸਰਤਾਜ ਬਾਰੇ ਅਤੇ ਉਨ੍ਹਾਂ ਦੇ ਹਾਲ ਹੀ ਵਿਚ ਰਿਲੀਜ਼ ਤੇ ਵਿਸ਼ਵ ਭਰ 'ਚ ਮਕਬੂਲ ਹੋਏ ਗੀਤ "ਗੁਰਮੁਖੀ ਦਾ ਬੇਟਾ" ਬਾਰੇ ਦੱਸਦਿਆਂ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਨੂੰ ਸੰਭਾਲਣ ਦਾ ਹੋਕਾ ਦਿੱਤਾ। ਸ਼ਾਦ ਨੇ ਪੰਜਾਬੀ ਵਰਣਮਾਲਾ ਵਿਚੋਂ ਅਲੋਪ ਹੋ ਰਹੇ ਕੁਝ ਖਾਸ ਅੱਖਰਾਂ ਦਾ ਉਚੇਚਾ ਜ਼ਿਕਰ ਕੀਤਾ। ਸਤਿੰਦਰ ਸਰਤਾਜ ਨੇ ਸਟੇਜ ਸੰਭਾਲਦਿਆਂ ਹੀ ਆਪਣੇ ਨਵੇਂ ਤੇ ਪੁਰਾਣੇ ਗੀਤਾਂ ਦੀ ਲੜੀ ਤੋਰ ਦਿੱਤੀ। ਸਰਤਾਜ ਨੇ ਆਪਣੇ ਗੀਤ "ਇਸ਼ਕ ਹਕੀਕੀ" ਨਾਲ ਪਰਵਿਦਗਾਰ ਦੀ

ਬਾਕੀ ਸਫ਼ਾ 32 'ਤੇ


Legal Document Preparation



- Immigration ਇਮੀਗਰੇਸ਼ਨ
- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼

Not an Attorney
Call Sarvinder
510-648-5554
dolly@worryfreelegaldocs.com
www.worryfreelegaldocs.com
35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County

BERKSHIRE HATHAWAY Home Services
Elite Real Estate



Gurdip Kaur
M.A. B.Ed.
Cell : 916-695-0035 Office : 916-681-5112
realtorgurdip@gmail.com • www.bhhser.com
ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ
PLEASE CALL GURDIP KAUR
916-695-0035
Cal BRE# 02032641
7412 Elsie Ave. Sacramento 95828
A member of the franchise system of BHH Affiliates. LLC

GLOBAL ALLIANZ
LAW FIRM LLP
US IMMIGRATION MADE EASY
ਕਾਨੂੰਨੀ ਸੇਵਾਵਾਂ





- ਫੈਮਲੀ ਇਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ

Atul Kapoor
CEO
Neat Allen Sawyer
Attorney at Law
US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਮੈਰੀਲੈਂਡ ਦਾ ਬਜ਼ੁਰਗ ਸਿੱਖ ਸਤਪਾਲ ਸਿੰਘ ਨਰੂਲਾ ਘਾਤਕ ਹਮਲੇ ਦਾ ਸ਼ਿਕਾਰ

**ਮੈਰੀਲੈਂਡ/ਰਾਜ ਗੋਗਨਾ :** ਮੈਰੀਲੈਂਡ ਸੂਬੇ ਦੇ ਸ਼ਹਿਰ ਰੌਕਵਿਲੇ ਦਾ ਰਹਿਣ ਵਾਲਾ ਰੀਅਲ ਅਸਟੇਟ ਨਿਵੇਸ਼ਕ ਸਤਪਾਲ ਸਿੰਘ ਨਰੂਲਾ (79 ਸਾਲ) ਦੁਪਹਿਰ ਦੇ ਸਮੇਂ ਰੌਕਵਿਲੇ ਸ਼ਹਿਰ ਵਿਖੇ ਹਮਲੇ ਵਿਚ ਗੰਭੀਰ ਰੂਪ ਚ ਜਖਮੀ ਪਾਇਆ ਗਿਆ। ਪ੍ਰਾਪਤ ਸੂਚਨਾ ਅਨੁਸਾਰ ਬਜ਼ੁਰਗ ਸਤਪਾਲ ਸਿੰਘ ਨਰੂਲਾ ਰੌਕਵਿਲੇ ਸ਼ਹਿਰ ਚ ਆਰਕਟਿਕ ਐਵਿਨਉ ਸਥਿਤ ਘਰ ਠੇਕੇਦਾਰਾਂ ਨਾਲ ਰੈਂਟ 'ਤੇ ਦੇਣ ਲਈ ਤਿਆਰ ਕਰਵਾ ਰਿਹਾ ਸੀ ਕਿ ਕਿਸੇ ਅਣਪਛਾਤੇ ਵਿਅਕਤੀ ਨੇ ਘਰ ਵਿੱਚ ਦਾਖਲ ਹੋ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਉਸ ਦੇ ਪੁੱਤਰ ਮਨਦੀਪ ਸਿੰਘ ਨਰੂਲਾ ਨੇ ਦੱਸਿਆ ਕਿ ਉਨ੍ਹਾਂ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਕਿ ਉਸ ਦੇ ਬਜੁਰਗ ਪਿਤਾ ਦੇ ਸਿਰ ਵਿੱਚ ਗੋਲੀ ਮਾਰੀ ਹੋਵੇ ਜਾਂ ਕੋਈ ਤੇਜਧਾਰ ਚੀਜ਼ ਮਾਰੀ ਹੋਵੇ, ਜਿਸ ਕਰਕੇ ਉਹ ਖ਼ੂਨ ਨਾਲ ਲਥ-ਪਥ ਪਾਏ ਦੇਖੇ ਗਏ। ਮਨਦੀਪ ਸਿੰਘ ਨਰੂਲਾ ਦਾ ਕਹਿਣਾ ਹੈ ਕਿ ਉਸ ਦਾ ਪਿਤਾ ਠੇਕੇਦਾਰਾਂ ਵੱਲੋਂ ਕਿਰਾਏਦਾਰਾਂ ਲਈ ਤਿਆਰ ਕੀਤੇ ਜਾ ਰਹੇ ਘਰ ਨੂੰ ਵੇਖਣ ਗਿਆ ਤਾਂ ਉਹਨਾਂ ਨੂੰ ਖ਼ੂਨ ਨਾਲ ਲਥ ਪਥ ਪਾਇਆ ਗਿਆ। ਹਮਲਾਵਰ ਬਜ਼ੁਰਗ ਕੋਲੋਂ 800 ਡਾਲਰ, ਘਰ ਚ ਖੜੀ ਉਹਨਾਂ ਦੀ ਕਾਰ ਅਤੇ ਉਸ ਦਾ ਸੈੱਲ ਫੋਨ ਵੀ ਚੋਰੀ ਕਰ ਕੇ ਲੈ ਗਏ। ਬਜ਼ੁਰਗ ਨੂੰ ਗੰਭੀਰ ਹਾਲਤ ਚ ਤੁਰੰਤ ਸਥਾਨਕ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਜਿਥੇ ਉਹ ਸਦਮੇ ਵਿਚ ਹਨ। ਨਰੂਲਾ ਨੇ ਕਿਹਾ, ਕਿਇਹ ਇਕ ਬਜ਼ੁਰਗ ਵਿਅਕਤੀ ਖਿਲਾਫ ਬਹੁਤ ਹਿੰਸਕ ਅਪਰਾਧ ਹੈ, ਜੋ ਕਾਫ਼ੀ ਹੈਰਾਨ ਕਰਨ ਵਾਲਾ ਹੈ। ਮਿੰਟਗੁਮਰੀ ਕਾਉਂਟੀ ਪੁਲਿਸ ਇਸ ਘਟਨਾ ਦੀ ਪੂਰੀ ਜਾਂਚ ਕਰ ਰਹੀ ਹੈ। ਪੁਲਿਸ ਨੇ ਚੋਰੀ ਕੀਤੀ ਹੋਈ ਉਹਨਾਂ ਦੀ ਕਾਰ ਅਤੇ ਸੈਲ ਫੋਨ ਵੀ ਬਰਾਮਦ ਕਰ ਲਿਆ ਹੈ। ਪੁਲਿਸ ਹਮਲਾਵਰ ਦੀ ਛਾਣਬੀਣ ਵਿੱਚ ਲੱਗੀ ਹੋਈ ਹੈ ਪਰ ਅਜੇ ਤੱਕ ਉਸ ਦੀ ਗ੍ਰਿਫਤਾਰੀ ਨਹੀਂ ਹੋ ਸਕੀ ਹੈ।



# ਵਰਜੀਨੀਆ ਵਿਖੇ ਕਾਰ ਹਾਦਸੇ 'ਚ ਸਿੱਖ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ

**ਨਿਊਜਰਸੀ/ਰਾਜ ਗੋਗਨਾ :** ਵਰਜੀਨੀਆ ਸੂਬੇ ਦੀ ਪੇਜ ਕਾਉਂਟੀ ਵਿਖੇ ਇਕ ਕਾਰ–ਟਰੱਕ ਸੜਕ ਹਾਦਸੇ ਚ ਇਕ ਹੀ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਤ ਹੋ ਜਾਣ ਦੀ ਸੂਚਨਾ ਹੈ।

ਮਰਨ ਵਾਲਿਆਂ ਵਿਚ 45 ਸਾਲਾ ਗੁਰਮੀਤ ਸਿੰਘ, ਉਸ ਦੀ 38 ਸਾਲਾ ਪਤਨੀ ਜਸਲੀਨ ਕੌਰ ਅਤੇ ਇਕ 6 ਸਾਲ ਦੀ ਲੜਕੀ ਸ਼ਾਮਿਲ ਹੈ, ਜਦ ਕਿ ਇਸ ਪਰਿਵਾਰ ਦਾ 11 ਸਾਲ ਦੀ ਉਮਰ ਦਾ ਬੇਟਾ ਯਸ਼ਵੀਰ ਸਿੰਘ ਗੰਭੀਰ ਰੂਪ ਚ ਜਖਮੀ ਹੋ ਜਾਣ ਕਾਰਨ ਹਸਪਤਾਲ ਚ ਜੇਰੇ ਇਲਾਜ ਹੈ। ਇਹ ਸਾਰੇ ਕਾਰਟਰੇਟ (ਨਿਊਜਰਸੀ) ਦੇ ਰਹਿਣ ਵਾਲੇ ਸਨ। ਭਾਰਤ ਵਿਚ ਇਹ ਨਵੀਂ ਦਿੱਲੀ ਦੇ ਮੁਖਰਜੀ ਨਗਰ ਦੇ ਰਹਿਣ ਵਾਲੇ ਸਨ।

ਇਹ ਹਾਦਸਾ ਦੁਪਹਿਰ ਦੇ 2:00 ਵਜੇ ਦੇ ਕਰੀਬ ਵਰਜੀਨੀਆ ਦੇ ਰੂਟ 340 'ਤੇ ਵਾਪਰਿਆ ਜਦੋਂ ਇਕ 2008 ਫੋਰਡ ਐਫ -250 ਟਰੱਕ ਤੇਜ ਰਫਤਾਰ ਨਾਲ ਰੋਡ 'ਤੇ ਜਾ ਰਿਹਾ ਸੀ। ਵਰਜੀਨੀਆ ਸਟੇਟ ਪੁਲਿਸ ਬਿਆਨ ਅਨੁਸਾਰ ਰੂਟ 340 'ਤੇ ਤੇਜ ਰਫ਼ਤਾਰ ਫੋਰਡ ਟਰੱਕ ਡਰਾਈਵਰ ਆਪਣਾ ਸੰਤੁਲਨ ਗੁਆ ਬੈਠਾ ਅਤੇ ਉਹ ਸੈਂਟਰ ਦੀ ਲਾਈਨ ਨੂੰ ਪਾਰ ਕਰ ਗਿਆ ਅਤੇ ਉਸ ਦਾ ਟਰੱਕ ਗੁਰਮੀਤ ਸਿੰਘ ਦੀ 2015 ਡੋਜ ਗ੍ਰੈਂਡ ਕਾਰਵੈਨ ਵਿਚ ਜ਼ੋਰ ਨਾਲ ਟਕਰਾ ਗਿਆ। ਕਾਰ ਚਾਲਕ ਗੁਰਮੀਤ ਸਿੰਘ, ਉਸ ਦੀ ਪਤਨੀ ਤੇ 6 ਸਾਲ ਦੀ ਬੇਟੀ, ਇਕੋ ਹੀ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਧਰ ਕਾਰ ਨੂੰ ਟੱਕਰ ਮਾਰਨ ਵਾਲੇ ਫੋਰਡ ਦੇ ਡਰਾਈਵਰ, ਅਮਰੀਕਨ ਮੂਲ ਦੇ 65 ਸਾਲਾ ਸ਼ਗਨਡੋਆ ਡਗਲਸ ਡਬਲਯੂ ਨਾਂਅ ਦੇ ਡਰਾਈਵਰ ਨੂੰ ਮਾਮੂਲੀ ਸੱਟਾਂ ਕਾਰਨ ਵਿਨਚੇਸਟਰ ਮੈਡੀਕਲ ਸੈਂਟਰ ਲਿਜਾਇਆ ਗਿਆ। ਇਸ ਦੁਖਦਾਈ ਘਟਨਾ ਕਾਰਨ ਕਾਰਟਰੇਟ ਦੇ ਸਮੂਹ ਪੰਜਾਬੀ ਭਾਈਚਾਰੇ ਚ ਸੋਗ ਪਾਇਆ ਜਾ ਰਿਹਾ ਹੈ।



# ਫਿਲਾਡੇਲਫੀਆ ਵਿਚ ਇਕ ਬੰਦੂਕਧਾਰੀ ਵਲੋਂ ਛੇ ਪੁਲੀਸ ਅਧਿਕਾਰੀ ਗੋਲੀ ਮਾਰ ਕੇ ਜ਼ਖਮੀ

**ਫਿਲਾਡੇਲਫੀਆ/ਹੁਸਨ ਲੜੋਆ ਬੰਗਾ :** ਅਮਰੀਕਾ ਵਿਚ ਕਈ ਹਫਤਿਆਂ ਤੋਂ ਮਾਰੂ ਘਟਨਾਵਾਂ ਵਾਪਰ ਰਹੀਆਂ ਹਨ ਜਿਨ੍ਹਾਂ ਵਿਚ ਕਾਫੀ ਜਾਨੀ ਨੁਕਸਾਨ ਹੋ ਚੁੱਕਾ ਹੈ। ਹੁਣ ਫਿਰ ਇਕ ਬੰਦੂਕਧਾਰੀ ਨੇ ਪੁਲਿਸ 'ਤੇ ਉਸ ਵੇਲੇ ਗੋਲੀਆਂ ਚਲਾ ਦਿੱਤੀਆਂ ਜਿਸ ਵੇਲੇ ਉਹ ਫਿਲਾਡੇਲਫੀਆ ਵਿਚ ਕਿਸੇ ਨੂੰ ਨਸ਼ੀਲੇ ਪਦਾਰਥਾਂ ਦਾ ਵਾਰੰਟ ਦੇਣ ਗਏ ਸਨ। ਇਸ ਗੋਲੀਬਾਰੀ ਵਿਚ ਛੇ ਪੁਲੀਸ ਅਧਿਕਾਰੀ ਜ਼ਖਮੀ ਹੋ ਗਏ। ਇਨ੍ਹਾਂ 'ਚ ਦੋ ਪੁਲੀਸ ਅਧਿਕਾਰੀ ਗੋਲੀਬਾਰੀ ਸ਼ੁਰੂ ਹੋਣ ਤੋਂ ਬਾਅਦ ਲਗਭਗ ਪੰਜ ਘੰਟਿਆਂ ਲਈ ਘਰ ਦੇ ਅੰਦਰ ਫਸੇ ਰਹੇ। ਆਖਰ ਸਵਾਟ ਟੀਮ ਨੇ ਆ ਕੇ ਉਨਾਂ ਨੂੰ ਰਿਹਾਅ ਕਰਵਾਇਆ। ਕਿਸੇ ਵੀ ਅਧਿਕਾਰੀ ਦੀ ਹਾਲਤ ਖਤਰੇ ਵਾਲੀ ਨਹੀਂ ਹੈ ਤੇ ਸਾਰੇ ਫੱਟੜ ਅਧਿਕਾਰੀਆਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ।



ਪੁਲਿਸ ਕਮਿਸ਼ਨਰ ਰਿਚਰਡ ਰਾਸ ਨੇ ਕਿਹਾ,“ਇਹ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ ਕਿ ਸਾਡਾ ਕੋਈ ਅਧਿਕਾਰੀ ਮਰਿਆ ਨਹੀਂ। ਗੋਲੀਬਾਰੀ ਸਵੇਰੇ ਸ਼ੁਰੂ ਹੋਈ। ਰੌਸ ਨੇ ਕਿਹਾ, ਕਿਜਦੋਂ ਅਧਿਕਾਰੀ ਉੱਤਰੀ ਫਿਲਾਡੇਲਫੀਆ ਵਿਚ ਪੈਂਦੇ ਇੱਕ ਘਰ ਵਿਚ ਗਏ ਤਾਂ ਜੋ ਨਸ਼ੀਲੇ ਪਦਾਰਥਾਂ ਦੀ ਇਕ ਤਫਤੀਸ਼ ਲਈ ਵਾਰੰਟ ਦੇ ਸਕਣ ਪਰ ਤੁਰੰਤ ਅੱਗੇ ਤੋਂ ਗੋਲੀਬਾਰੀ ਸ਼ੁਰੂ ਹੋ ਗਈ।ਇਥੇ ਇਕਦਮ ਹਫੜਾ-ਦਫੜੀ ਮਚ ਗਈ।

ਰੌਸ ਨੇ ਕਿਹਾ, ਕਿ ਕਈ ਅਫਸਰਾਂ ਨੂੰ ਬਾਹਰ ਜਾਣ ਲਈ ਖਿੜਕੀਆਂ ਅਤੇ ਦਰਵਾਜ਼ਿਆਂ ਰਾਹੀਂ ਭੱਜਣਾ ਪਿਆ। ਪੁਲਿਸ ਨੇ ਦੱਸਿਆ ਕਿ ਤਿੰਨ ਘੰਟੇ ਤੱਕ ਗੋਲੀਬਾਰੀ ਚਲਦੀ ਰਹੀ ਅਤੇ ਇਸ ਦੌਰਾਨ ਅਫਸਰਾਂ ਨੇ ਵੀ ਗੋਲੀਬਾਰੀ ਕੀਤੀ। ਇਸ ਮੌਕੇ ਵੱਖ-ਵੱਖ ਖੁਫੀਆ ਏਜੰਸੀਆਂ ਦੀਆਂ ਟੀਮਾਂ ਜਿਨ੍ਹਾਂ ਵਿਚ ਬਿਊਰੋ ਆਫ ਅਲਕੋਹਲ, ਤੰਬਾਕੂ ਵਿਭਾਗ, ਅੱਗ ਬੁਝਾਊ, ਵਿਸਫੋਟਕਾਂ ਨੂੰ ਕਾਬੂ ਕਰਨ ਵਾਲਾ ਵਿਭਾਗ ਵੀ ਮੌਕੇ 'ਤੇ ਪਹੁੰਚੇ। ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਅਟਾਰਨੀ ਜਨਰਲ ਵਿਲੀਅਮ ਬਾਰ ਨੂੰ ਵੀ ਗੋਲੀਬਾਰੀ ਬਾਰੇ ਜਾਣਕਾਰੀ ਦਿੱਤੀ ਗਈ।ਫਿਲਾਡੇਲਫੀਆ ਦੇ ਮੇਅਰ ਜਿੰਮ ਕੈਨੀ ਨੇ ਕਿਹਾ ਕਿ ਸ਼ੁਕਰ ਹੈ ਕਿ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

## ਸਾਹਿਤਕ ਮੈਗਜ਼ੀਨ 'ਹੁਣ' ਦਾ ਸਾਲਾਨਾ ਸਮਾਗਮ 29 ਸਤੰਬਰ ਨੂੰ

**ਨਿਊਯਾਰਕ/ਰਾਜ ਗੋਗਨਾ :** ਅਦਾਰਾ 'ਹੁਣ' ਦਾ ਛੇਵਾਂ ਸਾਲਾਨਾ ਸਮਾਗਮ ਪੰਜਾਬ ਕਲਾ ਭਵਨ ਚੰਡੀਗੜ੍ਹ ਦੇ ਸ. ਮਹਿੰਦਰ ਸਿੰਘ ਰੰਧਾਵਾ ਆਡੀਟੋਰੀਅਮ ਵਿਚ 29 ਸਤੰਬਰ, 2019 ਦਿਨ ਐਤਵਾਰ



ਨੂੰ ਹੋਵੇਗਾ। ਸਾਲਾਨਾ ਸਮਾਗਮ ਦੌਰਾਨ 'ਹੁਣ' ਦੇ ਬਾਨੀ ਸੰਪਾਦਕ ਅਵਤਾਰ ਜੰਡਿਆਲਵੀ ਦੀ ਯਾਦ ਵਿਚ ਦਿੱਤੇ ਜਾਂਦੇ ਦੋ ਪੁਰਸਕਾਰਾਂ ਦੀ ਵੰਡ ਵੀ ਕੀਤੀ ਜਾਵੇਗੀ। 'ਹੁਣ' ਦੇ ਮੁਹਬੱਤੀਆਂ ਨੂੰ ਸਮਾਗਮ ਵਿਚ ਸ਼ਿਰਕਤ ਕਰਨ ਲਈ ਖੁੱਲ੍ਹਾ ਸੱਦਾ ਹੈ। ਇਹ ਪ੍ਰੋਗਰਾਮ ਸਵੇਰੇ ਸਾਢੇ ਦਸ ਵਜੇ ਤੋਂ ਰੰਧਾਵਾ ਆਡੀਟੋਰੀਅਮ, ਪੰਜਾਬ ਕਲਾ ਭਵਨ, ਸੈਕਟਰ 16 ਚੰਡੀਗੜ੍ਹ ਵਿਖੇ ਸੁਸ਼ੀਲ ਦੁਸਾਂਝ ਸੰਪਾਦਕ, ਰਵਿੰਦਰ ਸਹਿਰਾਅ ਪ੍ਰਬੰਧਕੀ ਸੰਪਾਦਕ, ਸੁਰਿੰਦਰ ਸੋਹਲ, ਕਿਰਤਮੀਤ ਅਤੇ ਕਮਲ ਦੁਸਾਂਝ ਸਹਾਇਕ ਸੰਪਾਦਕ ਦੀ ਦੇਖਰੇਖ ਵਿਚ ਹੋਵੇਗਾ।

## ਸਿੱਖ ਸਟੱਡੀ ਸਰਕਲ ਹਾਲੀਵੁੱਡ ਸਿੱਖ ਟੈਂਪਲ ਦੀ ਨਵੀਂ ਕਮੇਟੀ ਦੀ ਚੋਣ

**ਲਾਸ ਏਂਜਲਸ/ਏਟੀ ਨਿਊਜ਼ :** ਸਿੱਖ ਸਟੱਡੀ ਸਰਕਲ, ਹਾਲੀਵੁੱਡ ਸਿੱਖ ਟੈਂਪਲ, 1966 ਐਨ. ਵਰਮੌਂਟ ਐਵੇਨਿਊ, ਲਾਸ ਏਂਜਲਸ (ਕੈਲੀਫੋਰਨੀਆ) ਦੀ ਨਵੀਂ ਕਮੇਟੀ ਦੀ ਚੋਣ ਕੀਤੀ ਗਈ ਹੈ। ਇਸ ਬਾਰੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਕਮੇਟੀ ਦੇ ਨਵੇਂ ਚੁਣੇ ਗਏ ਪ੍ਰਧਾਨ ਭੁਪਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਂਵਾਕ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਯੋ" ਮੁਤਾਬਕ ਸਮਾਜ ਦੇ ਹਰ ਵਰਗ ਦੇ ਲੋਕਾਂ ਲਈ ਸ਼ੁਭਇਛਾਵਾਂ ਲੈ ਕੇ ਵਿਚਰਨ ਵਾਲੇ ਸਿੱਖ ਸਟੱਡੀ ਸਰਕਲ ਦੀ ਨਵੀਂ ਕਮੇਟੀ ਵਿਚ ਉਨਾਂ ਸਮੇਤ ਕੁੱਲ ਗਿਆਰਾਂ ਮੈਂਬਰ ਵੱਖ-ਵੱਖ ਅਹੁਦਿਆਂ ਲਈ ਚੁਣੇ ਗਏ ਹਨ। ਨਵੀਂ ਚੁਣੀ ਗਈ ਟੀਮ ਵਿਚ ਭੁਪਿੰਦਰ ਸਿੰਘ ਢਿੱਲੋਂ (ਪ੍ਰਧਾਨ), ਰੌਣਕ ਸਿੰਘ ਮੀਤ ਪ੍ਰਧਾਨ, ਅਮਰੀਕ ਸਿੰਘ ਜਨਰਲ ਸਕੱਤਰ, ਬਲਦੇਵ ਸਿੰਘ ਜੌਹਲ ਸਹਾਇਕ ਸਕੱਤਰ, ਗੁਲਬਾਗ ਸਿੰਘ ਖਜ਼ਾਨਚੀ, ਨਿਰਮਲ ਸਿੰਘ ਸੈਂਹਬੀ ਮੀਤ ਪ੍ਰਧਾਨ (ਫਾਇਨਾਂਸ), ਅਮਰਜੀਤ ਸਿੰਘ ਸੇਹਰੀ ਚੇਅਰਮੈਨ (ਲੰਗਰ), ਕੁਲਵਿੰਦਰ ਸਿੰਘ ਚੇਅਰਮੈਨ (ਮੈਂਟੀਨੈਂਸ), ਸੁਰਜੀਤ ਸਿੰਘ ਢਿੱਲੋਂ ਸਹਾਇਕ ਖਜ਼ਾਨਚੀ ਅਤੇ ਨਿਰਮਲ ਸਿੰਘ ਸੈਂਹਬੀ ਚੇਅਰਪਰਸਨ (ਮੈਂਬਰਸ਼ਿਪ) ਚੁਣੇ ਗਏ ਹਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਗੁਰਪੁਰਬ ਤੇ ਪਹੁੰਚਣ ਲਈ ਪਾਕਿ ਵਫ਼ਦ ਵਲੋਂ ਖੁੱਲ੍ਹਾ ਸੱਦਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਆਗਮਨ ਗੁਰਪੁਰਬ ਸੰਸਾਰ ਦੇ ਕੋਨੇ-ਕੋਨੇ ਵਿਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਵਾਸਤੇ ਪਾਕਿਸਤਾਨ ਤੋਂ ਸਿਆਟਲ ਪਹੁੰਚੇ ਪਾਕਿਸਤਾਨੀ ਵਫ਼ਦ ਨੇ ਪ੍ਰਵਾਸੀ ਪੰਜਾਬੀਆਂ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਪਾਕਿਸਤਾਨੀ ਵਫ਼ਦ ਦੇ ਮੈਂਬਰਾਂ ਦੀ ਅਗਵਾਈ ਕਰ ਰਹੇ ਲਿਖਾਰੀ ਤੇ ਜਰਨਲਿਸਟ ਪ੍ਰੋ. ਤਫੀਸ ਭੱਟ ਨੇ ਪੰਜਾਬੀ ਭਾਈਚਾਰੇ ਦੇ ਪਤਵੰਤੇ ਲੋਕਾਂ ਨਾਲ ਗੋਲਡਨ ਕਰੀ ਰੈਸਟੋਰੈਂਟ ਵਿਚ ਮੀਟਿੰਗ ਕੀਤੀ ਅਤੇ ਭਾਰਤ-ਪਾਕਿਸਤਾਨ ਆਪਸੀ ਸਬੰਧਾਂ ਬਾਰੇ ਵਿਚਾਰ ਚਰਚਾ ਕੀਤੀ। ਉਨ੍ਹਾਂ ਰਾਜਸੀ ਰੰਜ਼ਿਸ਼ਾਂ ਤੋਂ ਉਪਰ ਉਠ ਕੇ ਸਿੱਖ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਆਪਸ ਵਿਚ ਰਲਮਿਲ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਮਨ ਗੁਰਪੁਰਬ ਧੂਮਧਾਮ ਨਾਲ ਮਨਾਉਣ ਦੀ ਸਲਾਹ ਦਿੱਤੀ ਹੈ। ਇਸ ਮੌਕੇ ਸਿਆਟਲ ਦੇ ਬੁਲਾਰੇ ਗੁਰਦੀਪ ਸਿੰਘ ਸਿੱਧੂ ਅਤੇ



ਪੰਜਾਬੀ ਭਾਈਚਾਰੇ ਵਲੋਂ ਜਰਨਲਿਸਟ ਪ੍ਰੋ. ਤਫੀਸ ਭੱਟ ਦਾ ਸਵਾਗਤ ਕਰਦੇ ਅਤੇ ਸੱਦਾ ਪ੍ਰਵਾਨ ਕਰਦੇ ਸਮੇਂ।

ਬਹਾਦਰ ਸਿੰਘ ਨੇ ਪਾਕਿਸਤਾਨੀ ਵਫ਼ਦ ਦਾ ਸਵਾਗਤ ਕਰਦਿਆਂ ਸਮੂਹ ਪੰਜਾਬੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ ਪਹੁੰਚਣ ਲਈ ਅਪੀਲ ਕੀਤੀ ਅਤੇ ਦੋਨਾਂ ਦੇਸ਼ਾਂ ਦੇ ਆਪਸੀ ਸਬੰਧਾਂ ਤੇ ਰਿਸ਼ਤੇ ਨਾਤਿਆਂ ਵਿਚ ਸੁਧਾਰ ਲਿਆ ਕੇ ਗੁਰੂ ਜੀ ਦੀ ਮੱਤ ਅਨੁਸਾਰ ਸਾਂਝੀਵਾਲਤਾ ਦੇ ਉਪਦੇਸ਼ ਦੀ ਪਾਲਣਾ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਹੀਰਾ ਸਿੰਘ ਭੁੱਲਰ, ਮਾਸਟਰ ਦਲਬੀਰ ਸਿੰਘ ਗੋਰਾਇਆ, ਜਸਵਿੰਦਰ ਸਿੰਘ, ਗੁਰਦੇਵ ਸਿੰਘ ਸਮਰਾ, ਬਲਿਹਾਰ ਸਿੰਘ ਲੇਹਲ, ਸਤਪਾਲ ਪੁਰੇਵਾਲ, ਬਲਦੇਵ ਸਿੰਘ ਅਤੇ ਪਾਕਿ ਵਫ਼ਦ ਦੇ ਮੋਢੀ ਜਰਨਲਿਸਟ ਪ੍ਰੋ. ਤਫੀਸ ਭੱਟ, ਚੌਧਰੀ ਨਦੀਨ ਅਤੇ ਖਾਲਿਦ ਨਜ਼ੀਰ ਨੇ ਆਪਣੇ ਵਿਚਾਰ ਪੇਸ਼ ਕੀਤੇ।

# ਬਰਗਾੜੀ ਕਲੋਜ਼ਰ ਰਿਪੋਰਟ ਦੀ ਕਾਪੀ ਦੇਣ ਤੋਂ ਕੀਤੀ ਨਾਂਹ ਦੇ ਫ਼ੈਸਲੇ ਨੂੰ ਚੁਣੌਤੀ

### ਅਦਾਲਤ ਵਿਚ ਰੀਵਿਊ ਪਟੀਸ਼ਨ ਦਾਇਰ

**ਜਲੰਧਰ/ਏਟੀ ਨਿਊਜ਼ :**

ਬਰਗਾੜੀ ਮਾਮਲੇ ਵਿਚ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦੇਣ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਪੰਜਾਬ ਸਰਕਾਰ ਨੇ ਮੁਹਾਲੀ ਸਥਿਤ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਰੀਵਿਊ ਪਟੀਸ਼ਨ ਦਾਇਰ ਕੀਤੀ ਹੈ। ਇਸ ਵਿਚ ਉਨ੍ਹਾਂ 23 ਜੁਲਾਈ ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ ਜਿਸ ਵਿਚ ਸੂਬੇ ਵੱਲੋਂ ਦਾਇਰ ਕੀਤੀ ਕਲੋਜ਼ਰ ਰਿਪੋਰਟ ਹਾਸਲ ਕਰਨ ਦੀ ਬੇਨਤੀ ਨੂੰ ਅਸਵੀਕਾਰ ਕਰ ਦਿੱਤਾ ਸੀ।

ਐਡਵੋਕੇਟ ਜਨਰਲ ਅਤੁਲ ਨੰਦਾ ਨੇ ਖੁਲਾਸਾ ਕਰਦਿਆਂ ਦੱਸਿਆ ਕਿ ਇਸ ਪਟੀਸ਼ਨ ਦੇ ਜਵਾਬ



ਵਿਚ ਵਧੀਕ ਸੈਸ਼ਨ ਜੱਜ ਕਮ ਜੱਜ ਵਿਸ਼ੇਸ਼ ਅਦਾਲਤ, ਸੀਬੀਆਈ. ਵੱਲੋਂ ਸੀਬੀਆਈ. ਨੂੰ ਨੋਟਿਸ ਜਾਰੀ ਕਰਦਿਆਂ ਇਸ ਮਾਮਲੇ ਵਿਚ 29 ਅਗਸਤ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

ਸੀਬੀਆਈ. ਦੇ ਸਪੈਸ਼ਲ ਜੁਡੀਸ਼ੀਅਲ ਮੈਜਿਸਟ੍ਰੇਟ ਨੇ 13.11.2015 ਮਾਮਲੇ ਵਿੱਚ ਹੁਕਮ ਜਾਰੀ ਕਰਦਿਆਂ ਪੰਜਾਬ ਸਰਕਾਰ ਵੱਲੋਂ ਕਲੋਜ਼ਰ ਰਿਪੋਰਟ ਦੀ ਕਾਪੀ ਹਾਸਲ ਕਰਨ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਸੀ।

ਅਤੁਲ ਨੰਦਾ ਨੇ ਕਿਹਾ ਕਿ ਇਹ ਸੂਬੇ ਦੀ ਦਲੀਲ ਹੈ ਕਿ ਸਪੈਸ਼ਲ ਜੁਡੀਸ਼ੀਅਲ ਮੈਜਿਸਟ੍ਰੇਟ ਵੱਲੋਂ ਮਨਮਾਣੇ ਤੇ ਅਨਿਆਂਪੂਰਨ ਤਰੀਕੇ ਨਾਲ ਕਲੋਜ਼ਰ ਰਿਪੋਰਟ ਦੀ ਕਾਪੀ ਦੇਣ ਤੋਂ ਨਾਂਹ ਕਰ ਦਿੱਤੀ ਗਈ ਸੀ। ਉਨ੍ਹਾਂ ਰੀਵਿਊ ਪਟੀਸ਼ਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਵਿੱਚ ਇਹ ਗੱਲ ਕਹੀ ਗਈ ਹੈ ਕਿ ਕਲੋਜ਼ਰ ਰਿਪੋਰਟ ਦੀ ਕਾਪੀ ਨਾ ਤਾਂ ਸੂਬਾ ਸਰਕਾਰ ਨੂੰ ਦਿੱਤੀ ਗਈ ਅਤੇ ਨਾ ਹੀ ਪੁਲਿਸ ਨੂੰ ਅਤੇ ਨਾ ਹੀ ਸੂਬਾ ਸਰਕਾਰ ਤੇ ਪੁਲਿਸ ਨੂੰ ਇਹ ਜਾਣਕਾਰੀ ਦਿੱਤੀ ਗਈ ਕਿ ਕਿਹੜੇ ਕਾਰਨਾਂ ਕਰ ਕੇ ਸੀਬੀਆਈ. ਨੇ ਅਦਾਲਤ ਵਿੱਚ ਇਸ ਮਾਮਲੇ ਨੂੰ ਬੰਦ ਕਰਨ ਦੀ ਅਪੀਲ ਕੀਤੀ ਹੈ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.302.0512, 916.340.8100 • Fax 707.425.4260

Email: bsonstravel@yahoo.com

1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ਮੋਰਚਾ ਗੁਰੂ ਕਾ ਬਾਗ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਿਆ

**ਸੈਨਹੋਜੇ/ਪ੍ਰਮਿੰਦਰ ਸਿੰਘ ਪ੍ਰਵਾਨਾ :** ਅਮਰੀਕੀ ਪੰਜਾਬੀਆਂ ਕਵੀਆਂ ਵਲੋਂ 'ਮੋਰਚਾ ਗੁਰੂ ਕਾ ਬਾਗ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦੁਆਰਾ ਸੈਨਹੋਜੇ 3636 Murild Ave/Gurdwara Road Sanjose CA-95148 ਵਿਖੇ ਸਜਾਇਆ ਗਿਆ। ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਮੋਰਚੇ ਦੇ ਇਤਿਹਾਸ 'ਤੇ ਰੋਸ਼ਨੀ ਪਾਈ ਗਈ ਕਿ ਮੋਰਚਾ ਗੁਰੂ ਕਾ ਬਾਗ ਦੇ ਦਰਦਨਾਕ ਹਿਰਦੇਵੇਦਕ ਸਾਕੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਵੱਡਾ ਬਲ ਮਿਲਿਆ। ਸਿੰਘਾਂ ਦੇ ਸਿਦਕ, ਬਹਾਦਰੀ ਅਤੇ ਅਣਖ ਉਤੇ ਸੰਸਾਰ ਨੇ ਮਾਣ ਕੀਤਾ। ਮੋਰਚੇ ਦੇ ਸੂਰਬੀਰਾਂ ਨੇ ਅੰਗਰੇਜ਼ੀ ਪੁਲਿਸ ਦੇ ਅਣ ਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹਠ ਅਤੇ ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਇਸ ਮੋਰਚੇ ਦੀ ਜਿੱਤ ਨਾਲ ਆਜ਼ਾਦੀ ਅੰਦੋਲਨ ਦਾ ਰਾਹ ਪੱਧਰਾ ਹੋ ਗਿਆ। ਜਨਤਕ ਉਤਸ਼ਾਹ ਵਧਿਆ, ਕਿਉਂਕਿ ਇਹ ਮੋਰਚਾ ਸਿੱਧੇ ਤੌਰ 'ਤੇ ਅੰਗਰੇਜ਼ ਹਕੂਮਤ ਦੇ ਖਿਲਾਫ਼ ਸੀ। ਕਵਿਤਾਵਾਂ ਦੇ ਦੌਰ ਵਿਚ ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮੌਂਟ, ਚਰਨਜੀਤ ਸਿੰਘ ਪੰਨੂ, ਤੇਜਿੰਦਰ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਕਵੀ ਸ਼ਾਮਲ ਹੋਏ, ਜਿਨ੍ਹਾਂ ਨੇ ਬੀਰਰਸ ਦੀਆਂ ਕਵਿਤਾਵਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਮੰਚ ਸੰਚਾਲਕ ਰਜਿੰਦਰ ਸਿੰਘ ਮੱਘਰ ਵਲੋਂ ਧੰਨਵਾਦ ਕਰਦਿਆਂ ਪ੍ਰੋਗਰਾਮ ਦੀ ਸਫ਼ਲਤਾ 'ਤੇ ਖੁਸ਼ੀ ਪ੍ਰਗਟਾਈ ਗਈ ਅਤੇ ਦੱਸਿਆ ਕਿ ਇਨ੍ਹਾਂ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵਲੋਂ ਸਮੇਂ ਸਮੇਂ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਇਹ ਉਨ੍ਹਾਂ ਦੀ ਧਾਰਮਿਕ ਵਿਰਸੇ ਅਤੇ ਬੋਲੀ ਲਈ ਸੇਵਾ ਹੈ। ਅੱਗੇ ਤੋਂ ਵੀ ਇਨ੍ਹਾਂ ਵਲੋਂ ਧਾਰਮਿਕ ਕਵੀ ਦਰਬਾਰ ਸਜਦੇ ਰਹਿਣਗੇ। ਪ੍ਰਵਾਨਾ ਵਲੋਂ ਦ੍ਰਿੜ ਕਰਵਾਇਆ ਗਿਆ ਕਿ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ। ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਅਜਿਹੇ ਪ੍ਰੋਗਰਾਮ ਸਫ਼ਲ ਹੁੰਦੇ ਹਨ। ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਫੋਨ ਨੰ. 510-415-9377 ਜਾਂ 408-528-4489 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਹਾਈ ਕਮਿਸ਼ਨਰ ਵਿਦੇਸ਼ਾਂ ਵਿੱਚ ਕਾਊਂਟਰ ਪ੍ਰੋਟੈਸਟ ਕਰਾ ਕੇ ਹਿੰਦੂਤਵੀ ਲਾਬੀ ਨੂੰ ਖੁਸ਼ ਕਰਨ ਵਿੱਚ ਲੱਗੇ : ਯੂਨਾਈਟਿਡ ਖਾਲਸਾ ਦਲ ਯੂਕੇ

### *ਭਗਤ ਰਵਿਦਾਸ ਜੀ ਦਾ ਮੰਦਰ ਢਾਹੁਣ ਖਿਲਾਫ ਅਵਾਜ਼ ਉਠਾਉਣ ਵਾਲੇ ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਦੀ ਗ੍ਰਿਫਤਾਰੀ ਦੀ ਨਿਖੇਧੀ*

**ਲੰਡਨ/ਏਟੀ ਨਿਊਜ਼ :** ਯੂਨਾਈਟਿਡ ਖਾਲਸਾ ਦਲ ਯੂਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ, ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਸੁਖਵਿੰਦਰ ਸਿੰਘ ਖਾਲਸਾ ਨੇ ਭਾਰਤ ਸਰਕਾਰ ਅਤੇ ਲੰਡਨ ਸਥਿਤ ਉਸ ਦੇ ਹਾਈ ਕਮਿਸ਼ਨਰ ਨੂੰ ਮੁਖਾਤਿਬ ਹੁੰਦੇ ਆਖਿਆ ਕਿ ਸਾਨੂੰ ਕੌਮੀ ਅਜਾਦੀ ਦੀ ਅਵਾਜ ਬੁਲੰਦ ਕਰਨ ਤੋਂ ਕੋਈ ਨਹੀਂ ਰੋਕ ਸਕਦਾ। ਤੁਹਾਡੀ ਕੋਈ ਚਾਲ ਸਾਡੇ ਰਾਹ ਵਿੱਚ ਰੋੜਾ ਨਹੀਂ ਅਟਕਾ ਸਕਦੀ। ਸਾਡਾ ( ਸਿੱਖ ਕੌਮ ਦਾ ) ਨਿਸ਼ਾਨਾ ਕੇਵਲ ਖਾਲਿਸਤਾਨ ਹੈ ਜਿਸ ਵਾਸਤੇ ਆਖਰੀ ਸਾਹ ਤੱਕ ਯਤਨ ਜਾਰੀ ਰੱਖਾਗੇ।

ਉਨ੍ਹਾਂ ਕਿਹਾ ਕਿ ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀ ਕੌਮਾਂ 'ਤੇ ਲਗਾਤਾਰ ਤਸ਼ੱਦਦ ਦਾ ਦੌਰ ਜਾਰੀ ਹੈ। ਹਿੰਦੂ ਰਾਸ਼ਟਰ ਦੀ ਮੁਦਈ ਹਿੰਦੂਤਵੀ ਲਾਬੀ ਹਰ ਕੋਝੇ ਅਤੇ ਕਮੀਨੇ ਤਰੀਕੇ ਨਾਲ ਘੱਟ ਗਿਣਤੀ ਕੌਮਾਂ ਦੀ ਹੋਂਦ ਮਿਟਾ ਕੇ ਉਹਨਾਂ ਨੂੰ ਹਿੰਦੂਤਵ ਦੇ ਖਾਰੇ ਸਮੁੰਦਰ ਵਿੱਚ ਜਜ਼ਬ ਕਰਨ ਲਈ ਯਤਨਸ਼ੀਲ ਹੈ। ਪੰਜਾਬ ਅਤੇ ਕਸ਼ਮੀਰ ਵਿੱਚ ਸਿੱਖਾਂ ਅਤੇ ਮੁਸਲਮਾਨਾਂ 'ਤੇ ਜਿੰਨੇ ਜੁਲਮ ਹੋਏ ਅਤੇ ਹੋ ਰਹੇ ਹਨ, ਇਹਨਾਂ ਸਾਹਮਣੇ ਹਿਟਲਰ, ਅਬਦਾਲੀ ਅਤੇ ਮੀਰ ਮੰਨੂ ਦੇ ਜੁਲਮ ਵੀ ਬੌਣੇ ਨਜ਼ਰ ਆ ਰਹੇ ਹਨ।

ਗੌਰਤਲਬ ਹੈ ਕਿ ਲੰਡਨ ਸਥਿਤ ਭਾਰਤੀ ਦੂਤਾਵਾਸ ਮੂਹਰੇ ਭਾਰਤ ਦੇ ਅਖੌਤੀ ਅਜ਼ਾਦੀ ਦਿਹਾੜੇ 15 ਅਗਸਤ ਅਤੇ ਗਣਤੰਤਰ ਦਿਵਸ 26 ਜਨਵਰੀ ਨੂੰ ਭਾਰਤ ਸਰਕਾਰ ਦੀਆਂ ਸਿੱਖ ਮਾਰੂ ਨੀਤੀਆਂ ਖਿਲਾਫ , ਹਰ ਸਾਲ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਅਤੇ ਕਸ਼ਮੀਰ ਦੀ ਅਜਾਦੀ ਲਈ ਸੰਘਰਸ਼ੀਲ ਜਥੇਬੰਦੀਆਂ ਦੇ ਨੁਮਇੰਦਿਆਂ ਵਲੋਂ ਰੋਸ ਮੁਜਾਹਰੇ ਕੀਤੇ ਜਾਂਦੇ ਹਨ। ਸਿੱਖਾਂ ਵਲੋਂ ਮੁਜਾਹਰਿਆਂ ਦੀ ਸ਼ੁਰੂਆਤ ਸਿੱਖ ਤਵਾਰੀਖ ਵਿੱਚ ਜੂਨ 1984 ਨੂੰ ਵਾਪਰੇ ਤੀਜੇ ਖੂਨੀ ਘੱਲੂਘਾਰੇ ਤੋਂ ਬਾਅਦ ਆਰੰਭ ਹੋਈ ਸੀ ਜੋ ਕਿ ਨਿਰੰਤਰ ਜਾਰੀ ਹੈ। ਇਸ ਦੀ ਭਾਰਤ ਸਰਕਾਰ ਅਤੇ ਲੰਡਨ ਸਥਿਤ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨੂੰ ਭਾਰੀ ਤਕਲੀਫ ਹੁੰਦੀ ਰਹੀ ਹੈ। ਇਹਨਾਂ ਵਲੋਂ ਆਨੇ ਬਹਾਨੇ ਰੋਸ ਮੁਜਾਹਰਿਆਂ ਨੂੰ ਤਾਰਪੀਡੋ ਕਰਨ ਦੇ ਯਤਨ ਕੀਤੇ ਜਾਂਦੇ ਰਹੇ ਹਨ। ਆਪਣੇ ਏਜੰਟਾਂ ਰਾਹੀਂ ਇਹਨਾਂ ਵਲੋਂ ਅਫਵਾਹਾਂ ਵੀ ਫੈਲਾਈਆਂ ਜਾਂਦੀਆਂ ਰਹੀਆਂ ਕਿ ਇਹਨਾਂ ਮੁਜਾਹਰਿਆਂ ਦਾ ਕੋਈ ਲਾਭ ਨਹੀਂ ਹੈ, ਇਹਨਾਂ ਮੁਜਾਹਰਿਆਂ ਦਾ ਪ੍ਰਬੰਧ ਕਰਨ ਵਾਲਿਆਂ ਵਿੱਚੋਂ ਕੁੱਝ ਵਿਅਕਤੀਆਂ ਦੇ ਭਾਰਤੀ ਦੂਤਾਵਾਸ ਨਾਲ ਸਬੰਧ ਹਨ, ਵਗੈਰਾ ਵਗੈਰਾ। ਪਰ ਭਾਰਤ ਸਰਕਾਰ ਦੀਆਂ ਇਹਨਾਂ ਕੁਚਾਲਾਂ ਨੂੰ ਰੱਦ ਕਰਦਿਆਂ ਸਿੱਖ ਜਥੇਬੰਦੀਆਂ ਵਲੋਂ ਮੁਜਾਹਰਿਆਂ ਦੀ ਲੜੀ ਕਾਇਮ ਰੱਖੀ ਗਈ, ਭਾਵੇਂ ਕਿ ਇਹਨਾਂ ਵਿੱਚ ਸ਼ਮੂਲੀਅਤ ਕਰਨ ਵਾਲਿਆਂ ਦੀ ਗਿਣਤੀ ਵਿੱਚ ਉਤਰਾਅ ਚੜਾਅ ਆਉਂਦੇ ਰਹੇ। ਇਸ ਵਾਰ ਵੀ ਭਾਰਤ ਦੇ ਅਖੌਤੀ ਅਜਾਦੀ ਦਿਨ 15 ਅਗਸਤ



ਵਾਲੇ ਦਿਨ ਨੂੰ ਦੁਨੀਆ ਭਰ ਵਿੱਚ ਵਸਦੇ ਸਿੱਖਾਂ ਵਲੋਂ ਕਾਲੇ ਦਿਨ ਵਜੋਂ ਮਨਾਉਂਦਿਆਂ ਭਾਰਤੀ ਦੂਤ ਘਰਾਂ ਮੂਹਰੇ ਭਾਰੀ ਰੋਸ ਮੁਜਾਹਰੇ ਕੀਤੇ ਗਏ । ਲੰਡਨ ਵਿੱਚ ਕੀਤੇ ਗਏ ਰੋਸ ਮੁਜਾਹਰੇ ਵਿੱਚ ਹਜਾਰਾਂ ਦੀ ਤਦਾਦ ਵਿੱਚ ਕਸ਼ਮੀਰੀਆਂ ਅਤੇ ਖਾਲਿਸਤਾਨੀਆਂ ਨੇ ਸ਼ਮੂਲੀਅਤ ਕਰਕੇ ਲੰਡਨ ਸਥਿਤ ਭਾਰਤੀ ਦੂਤਘਰ ਮੂਹਰਿਉਂ ਲੰਘਦੀ ਸੜਕ ਬੰਦ ਕਰ ਰੱਖੀ ਜਿਸ ਨਾਲ ਲੰਡਨ ਦਾ ਟਰੈਫਿਕ ਜਾਮ ਰਿਹਾ। ਲੰਡਨ ਅਤੇ ਅਮਰੀਕਾ ਵਿੱਚ ਰੋਸ ਮੁਜਾਹਰਿਆਂ ਦੇ ਬਰਾਬਰ ਹੀ ਭਾਰਤੀ ਹਾਈ ਕਮਿਸ਼ਨਰ ਵਲੋਂ ਅਗਾਊਂ ਤਿਆਰ ਕੀਤੀ ਸਕੀਮ ਅਧੀਨ ਭਾਰਤ ਦੇ ਤਿਰੰਗੇ ਝੰਡੇ ਲੈ ਕੇ ਮੋਦੀ ਭਗਤ, ਜਿਹਨਾਂ ਵਿੱਚ ਬਜੁਰਗ ਵਿਅਕਤੀ, ਬਜੁਰਗ ਬੀਬੀਆਂ ਅਤੇ ਬੱਚੇ ਸ਼ਾਮਲ ਸਨ, ਭਾਰਤ ਪੱਖੀ ਨਾਹਰੇ ਲਗਾਉਂਦੇ ਹੋਏ ਰੋਸ ਮੁਜਾਹਰੇ ਦਾ ਵਿਰੋਧ ਕਰਨ ਲੱਗ ਪੈਂਦੇ ਹਨ। ਇਸੇ ਦੌਰਾਨ ਉਹਨਾਂ ਦੀ ਕਾਫੀ ਖਿੱਚ ਧੂਹ ਹੁੰਦੀ ਹੈ ਅਤੇ ਆਖਰ ਉਹਨਾਂ ਵਿੱਚੋਂ ਬਹੁਤਿਆਂ ਦੇ ਹੱਥਾਂ ਵਿੱਚ ਫੜੇ ਹੋਏ ਤਿੰਰੰਗੇ ਖੋਹ ਕੇ ਪਾੜ ਅਤੇ ਸਾੜ ਦਿੱਤੇ ਜਾਂਦੇ ਹਨ ਅਤੇ ਉਹਨਾਂ ਨੂੰ ਖਦੇੜ ਦਿੱਤਾ ਜਾਂਦਾ ਰਿਹਾ ਹੈ। ਰੋਸ ਮੁਜਾਹਰੇ ਮਿਥੇ ਹੋਏ ਟਾਈਮ ਤਕ ਪੂਰੀ ਜੋਸ਼ੋ ਖਰੋਸ਼ ਨਾਲ ਜਾਰੀ ਰਹਿੰਦੇ ਹਨ।

ਜਿਕਰਯੋਗ ਕਿ ਅਜਿਹਾ ਪਹਿਲੀ ਵਾਰ ਵਾਪਰਿਆ ਹੈ ਕਿ ਰੋਸ ਮੁਜਾਹਰੇ ਦੇ ਖਿਲਾਫ ਰੋਸ ਮੁਜਾਹਰਾ ਕਰਵਾਉਣ ਦੀ ਕਿਸੇ ਨੇ ਚਾਲ ਚੱਲੀ ਹੋਵੇ,ਕਿਉਂਕਿ ਇੰਗਲੈਂਡ ਵਿੱਚ ਹਰ ਵਿਅਕਤੀ ਨੂੰ ਆਪਣੀ ਗੱਲ ਕਰਨ ਅਤੇ ਕਿਸੇ ਵਧੀਕੀ ਜਾਂ ਜੁਲਮ ਖਿਲਾਫ ਅਵਾਜ ਉਠਾਉਣ ਦਾ ਹੱਕ ਹੈ ਪਰ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨੇ ਆਪਣੇ ਪੁਰਖਿਆਂ ਦੀ ਚਾਣਕਿਆ ਨੀਤੀ 'ਤੇ ਚਲਦਿਆਂ ਬਜੁਰਗ ਬੰਦਿਆਂ ਅਤੇ ਬੀਬੀਆਂ ਤੋਂ ਇਲਾਵਾ ਛੋਟੇ ਛੋਟੇ ਬੱਚਿਆਂ ਨੂੰ ਅੱਗੇ ਕਰਕੇ ਇਹਨਾਂ ਰੋਸ ਮੁਜਾਹਰੇ ਦਾ ਦੋ ਵਾਰ ਵਿਰੋਧ ਕਰਵਾਇਆ ਹੈ।

ਇਹ ਮੋਦੀ ਭਗਤ ਹਰ ਵਾਰ ਭਾਰਤੀ ਅੰਬੈਸੀ ਵਿੱਚੋਂ ਹੀ ਨਿਕਲਦੇ ਅਤੇ ਵਾਪਸ ਵੜਦੇ ਦੇਖੇ ਜਾ ਸਕਦੇ ਹਨ। ਭਾਰਤੀ ਹਾਈ ਕਮਿਸ਼ਨਰ ਅਤੇ ਫਿਰਕਾਪ੍ਰਸਤ ਹਿੰਦੂਤਵੀ ਮੀਡੀਆ ਇਹਨਾਂ ਦੇ ਪੱਖ ਵਿੱਚ ਭੁਗਤ ਕੇ ਅਜਾਦੀ ਪਸੰਦ ਸਿੱਖਾਂ ਅਤੇ ਕਸ਼ਮੀਰੀਆਂ ਦਾ ਅਕਸ ਖਰਾਬ ਕਰਨ ਦਾ ਕੋਝਾ ਯਤਨ ਕਰਦਾ ਹੈ। ਕਸ਼ਮੀਰ ਵਿੱਚ ਭਾਰਤ ਸਰਕਾਰ ਵਲੋਂ ਜਿਹੜਾ ਸਰਕਾਰੀ ਅੱਤਿਆਚਾਰ ਕੀਤਾ ਜਾ ਰਿਹਾ ਹੈ ਉਸੇ ਤਰਾਂ ਦਾ ਅੱਤਿਆਚਾਰ ਪੰਜਾਬ ਵਿੱਚ ਸਿੱਖਾਂ 'ਤੇ ਜੂਨ 1984 ਤੋਂ ਲੈ ਕੇ ਲਗਾਤਾਰ ਹੋ ਰਿਹਾ ਹੈ। ਇਸੇ ਤਰ੍ਹਾਂ ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਦਿੱਲੀ ਵਿੱਚ ਭਗਤ ਰਵਿਦਾਸ ਜੀ ਦੇ ਅਸਥਾਨ ਨੂੰ ਢਾਹੇ ਜਾਣ ਦੀ ਸਖਤ ਨਿਖੇਧੀ ਕਰਦਿਆਂ ਹਿੰਦੂਤਵੀ ਚਿਹਰੇ ਨੂੰ ਬੇਨਕਾਬ ਕਰਨ ਬਦਲੇ ਸਾਬਕਾ ਵਿਧਾਇਕ ਸਿੰਗਾਰਾ ਰਾਮ ਦੀ ਗ੍ਰਿਫਤਾਰੀ ਦਾ ਵਿਰੋਧ ਕੀਤਾ ਗਿਆ ਹੈ । ਇੱਕ ਪਾਸੇ ਭਾਰਤ ਸਰਕਾਰ ਘੱਟ ਗਿਣਤੀਆਂ ਦੇ ਧਾਰਮਿਕ ਅਸਥਾਨਾਂ ਨੂੰ ਨੇਸਤੋਨਬੂਦ ਕਰ ਰਹੀ ਅਤੇ ਨਾਲ ਹੀ ਇਸ ਖਿਲਾਫ ਅਵਾਜ਼ ਉਠਾਉਣ ਵਾਲਿਆਂ ਤੇ ਅੱਤਿਆਚਾਰ ਕੀਤਾ ਜਾ ਰਿਹਾ ਹੈ ।



# ਉਘੇ ਰਾਜਸੀ ਵਿਸ਼ਲੇਸ਼ਕ ਪ੍ਰੋਫੈਸਰ ਮਨਜੀਤ ਸਿੰਘ ਨੂੰ ਸਦਮਾ

## ਪਤਨੀ ਮਣੀ ਮਹਿਰਾਜ ਦਾ ਅਕਾਲ ਚਲਾਣਾ

**ਚੰਡੀਗੜ੍ਹ/ ਏਟੀ ਨਿਊਜ਼ :** ਉੱਘੇ ਰਾਜਸੀ ਵਿਸ਼ਲੇਸ਼ਕ ਅਤੇ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਮਨਜੀਤ ਸਿੰਘ ਦੀ ਧਰਮ-ਪਤਨੀ ਮਣੀ ਮਹਿਰਾਜ ਦੀ ਅਚਾਨਕ ਮੌਤ ਹੋਣ ਨਾਲ ਗਹਿਰਾ ਸਦਮਾ ਲੱਗਾ ਹੈ। ਉਨਾਂ ਦੀ ਉਮਰ 57 ਸਾਲ ਸੀ। ਉਹ ਆਪਣੇ ਪਿੱਛੇ ਪਤੀ ਮਨਜੀਤ ਸਿੰਘ ਤੇ ਨੌਜਵਾਨ ਪੁੱਤਰ ਅਰਨਵ ਛੱਡ ਗਏ ਹਨ। ਉਹਨਾਂ ਦੇ ਪਿਤਾ ਪ੍ਰੋ. ਰਾਮ ਨਰੇਸ਼ ਮਹਾਰਾਜ ਨੇ ਬੰਧੂਆ ਮਜ਼ਦੂਰਾਂ ਦੀ ਬੇਹਤਰੀ ਲਈ ਬਹੁਤ ਕੰਮ ਕੀਤਾ ਸੀ ਤੇ ਬੰਧੂਆ ਮਜ਼ਦੂਰੀ ਦੇ ਖ਼ਾਤਮੇ ਲਈ ਸੰਨ 1976 ਦਾ ਐਕਟ ਬਣਾਉਣ ਵਿਚ ਵੀ ਅਹਿਮ ਭੂਮਿਕਾ ਨਿਭਾਈ ਸੀ। ਬੀਬਾ ਮਣੀ ਮਹਿਰਾਜ ਪ੍ਰਾਵੀਡੈਂਟ ਫੰਡ ਮਹਿਕਮੇ ਤੋਂ ਸੇਵਾ ਮੁਕਤ ਹੋਏ ਸਨ। ਉਨਾਂ ਨੇ ਆਪਣੇ ਪਰਿਵਾਰ ਨਾਲ ਮਿਲਕੇ ਸਮਾਜ ਦੀ ਬੇਹਤਰੀ ਲਈ ਵੱਖ-ਵੱਖ ਲਹਿਰਾਂ ਵਾਸਤੇ ਯੋਗਦਾਨ ਪਾਇਆ। ਬੀਬਾ ਮਣੀ ਮਹਿਰਾਜ ਦੀ ਯਾਦ ਚ ਸ਼ਰਧਾਂਜਲੀ ਸਮਾਗਮ 22 ਅਗਸਤ, ਵੀਰਵਾਰ ਨੂੰ ਦੁਪਿਹਰ 01:00 ਵਜੇ ਤੋਂ 02:00 ਵਜੇ ਤਕ ਪੰਜਾਬ ਯੂਨੀਵਰਸਿਟੀ ਦੇ ਮੰਦਰ ਸੈਕਟਰ-14 ਚੰਡੀਗੜ੍ਹ ਵਿਚ ਰੱਖਿਆ ਗਿਆ ਹੈ। ਪਰਿਵਾਰ ਨਾਲ ਅਫਸੋਸ ਕਰਨ ਲਈ ਪ੍ਰੋ. ਮਨਜੀਤ ਸਿੰਘ ਦੇ ਫੋਨ ਨੰਬਰ 98767-25391 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪ੍ਰਗਤੀਸ਼ੀਲ ਲਿਖਾਰੀ ਸਭਾ ਵੁਲਵਰਹੈਂਪਟਨ ਵੱਲੋਂ ਅਨਿਲ ਸ਼ਰਮਾ ਇਟਲੀ ਦਾ ਸਨਮਾਨ

**ਲੰਡਨ/ਮਨਦੀਪ ਖੁਰਮੀ :** ਪ੍ਰਗਤੀਸ਼ੀਲ ਲਿਖਾਰੀ ਸਭਾ ਵੁਲਵਰਹੈਂਪਟਨ ਵੱਲੋਂ ਵਿਸ਼ੇਸ਼ ਸਾਹਿਤ ਇਕੱਤਰਤਾ ਪ੍ਰਧਾਨ ਡਾ. ਰਤਨ ਰੀਹਲ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿੱਚ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਫਿਲਮ ਅਦਾਕਾਰ ਚਰਨਜੀਤ ਸੰਧੂ ਨੇ ਵੀ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਰਤਨ ਰੀਹਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਹਾਜਰੀਨ ਨਾਲ ਸਭਾ ਵੱਲੋਂ ਕੀਤੇ ਜਾਂਦੇ ਕਾਰਜਾਂ ਦੀ ਜਾਣ ਪਛਾਣ ਕਰਵਾਈ।



ਇਸ ਸਮੇਂ ਸਾਹਿਤ, ਸੱਭਿਆਚਾਰ ਤੇ ਖੇਡ ਜਗਤ ਦੀ ਪ੍ਰਫੁੱਲਤਾ ਵਿੱਚ ਸਰਗਰਮ ਸਖ਼ਸ਼ ਅਨਿਲ ਸ਼ਰਮਾ ਇਟਲੀ ਦਾ ਮੈਡਲ ਨਾਲ ਸਨਮਾਨ ਕੀਤਾ ਗਿਆ। ਸਕੱਤਰ ਭੁਪਿੰਦਰ ਸਿੰਘ ਸੱਗੂ, ਖਜਾਨਚੀ ਮਹਿੰਦਰ ਸਿੰਘ ਦਿਲਬਰ, ਸਟੇਜ ਸਕੱਤਰ ਨਿਰਮਲ ਸਿੰਘ ਕੰਧਾਲਵੀ, ਨਛੱਤਰ ਸਿੰਘ ਭੋਗਲ ਨੇ ਆਪਣੇ ਸੰਬੋਧਨ ਦੌਰਾਨ ਅਨਿਲ ਸ਼ਰਮਾ ਦੇ ਨਿਸ਼ਕਾਮ ਕਾਰਜਾਂ ਦੀ ਸ਼ਲਾਘਾ ਕਰਦਿਆਂ ਹਰ ਇੱਕ ਨੂੰ ਆਪਣੇ ਹਿੱਸੇ ਦਾ ਯੋਗਦਾਨ ਆਪਣੇ ਮਨਭਾਉਂਦੇ ਖੇਤਰ ਵਿੱਚ ਪਾਉਂਦੇ ਰਹਿਣ ਦੀ ਅਪੀਲ ਕੀਤੀ ਤਾਂ ਕਿ ਸਮਾਜ ਦੀ ਝੋਲੀ ਕੁਝ ਨਰੋਏ ਵਿਚਾਰ ਜਾਂ ਕਾਰਜ ਪਾਏ ਜਾ ਸਕਣ। ਸਨਮਾਨ ਉਪਰੰਤ ਅਨਿਲ ਸ਼ਰਮਾ ਨੇ ਪ੍ਰਗਤੀਸ਼ੀਲ ਲਿਖਾਰੀ ਸਭਾ ਵੁਲਵਰਹੈਂਪਟਨ ਦੇ ਸਮੂਹ ਅਹੁਦੇਦਾਰਾਂ ਤੇ ਹਾਜਰੀਨ ਦਾ ਧੰਨਵਾਦ ਕਰਦਿਆਂ ਅੱਗੇ ਤੋਂ ਹੋਰ ਵਧੇਰੇ ਊਰਜਾ ਨਾਲ ਕਾਰਜ ਕਰਦੇ ਰਹਿਣ ਦਾ ਵਾਅਦਾ ਦੁਹਰਾਇਆ।

# ਨਿਊਯਾਰਕ ਵਿਖੇ 'ਸਾਚਾ ਗੁਰੂ ਲਾਧੋ ਰੇ' ਦਿਵਸ ਮੌਕੇ ਵਿਸ਼ਾਲ ਇਕੱਠ

## ਭਾਈ ਹਰਜਿੰਦਰ ਸਿੰਘ ਅਤੇ ਅਮਰੀਕ ਸਿੰਘ ਚੰਡੀਗੜ੍ਹ ਦਾ ਗੋਲਡ ਮੈਡਲ ਨਾਲ ਸਨਮਾਨ



**ਨਿਊਯਾਰਕ/ਹੁਸਨ ਲੜੋਆ ਬੰਗਾ :**
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਸਮੋਕੀ ਧਾਰਕ ਵਿਖੇ ਹਰ ਸਾਲ ਦੀ ਤਰ੍ਹਾਂ 'ਸਾਚਾ ਗੁਰੂ ਲਾਧੋ ਰੇ'ਸਮਾਗਮ ਕਰਵਾਇਆ ਗਿਆ।ਅਮਰੀਕਾ ਵਿਚ ਸਿੱਖਾਂ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਇਸ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਵਿਸ਼ੇਸ ਤੌਰ 'ਤੇ ਸ਼ਮੂਲੀਅਤ ਕੀਤੀ।

ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਗੁਰੂ ਸਮਰਪਿਤ ਜੀਵਨ ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬਾਬਾ ਜੀ ਨੇ ਦੇਹਧਾਰੀ ਗੁਰੂਡੰਮ ਨੂੰ ਨਕਾਰਦਿਆਂ ਸਿੱਖ ਕੌਮ ਨੂੰ ਸੱਚੇ ਗੁਰੂ ਦੀ ਪਰਖ ਕਰਨ ਦੀ ਜਾਂਚ ਸਿਖਾਈ।ਉਹਨਾਂ ਕਿਹਾ ਕਿ ਸਿੱਖ ਕੌਮ ਨੂੰ ਅੱਜ ਬਾਬਾ ਜੀ ਦੀ ਸੋਚ 'ਤੇ ਪਹਿਰਾ ਦਿੰਦਿਆਂ ਗੁਰੂ-ਡੰਮ ਨੂੰ ਭਾਂਜ ਦੇਣੀ ਚਾਹੀਦੀ ਹੈ। ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਕਿਹਾ ਕਿ ਅੱਜ ਸਿੱਖ ਕੌਮ ਨੂੰ ਰਲਮਿਲ ਕੇ ਬੈਠਣ ਦੀ ਜ਼ਰੂਰਤ ਹੈ ਅਤੇ ਦਰਪੇਸ਼ ਮੁਸ਼ਕਲਾਂ ਦੇ ਸਾਰੇ ਹੱਲ ਤਲਾਸ਼ਣ ਦਾ ਸਮਾਂ ਹੈ। ਉਹਨਾਂ ਪ੍ਰਬੰਧਕਾਂ ਦਾ ਵਿਸ਼ਾਲ ਪੱਧਰ 'ਤੇ ਨਿਊਯਾਰਕ ਵਿਚ ਪ੍ਰੋਗਰਾਮ ਉਲੀਕਣ 'ਤੇ ਧੰਨਵਾਦ ਕੀਤਾ। ਗੁਰਮਤਿ ਸਮਾਗਮ ਵਿਚ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ, ਭਾਈ ਰਾਏ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ, ਭਾਈ ਗੁਰਪ੍ਰੀਤ ਸਿੰਘ ਬਲੜਵਾਲ ਅਤੇ ਭਾਈ ਜਗਦੇਵ ਸਿੰਘ ਰਮਦਾਸ ਦੇ ਜਥਿਆਂ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਸੰਗਤਾਂ ਨੂੰ ਸਰਵਣ ਕਰਵਾਇਆ ਗਿਆ।ਪ੍ਰਸਿੱਧ ਕਥਾਵਾਚਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਅਤੇ ਗਿਆਨੀ ਦਵਿੰਦਰ ਸਿੰਘ ਅਨੰਦਪੁਰ ਸਾਹਿਬ ਵਾਲਿਆਂ ਵੱਲੋਂ ਕਥਾ ਵਿਚਾਰ ਰਾਹੀ ਭਾਈ ਮੱਖਣ ਸ਼ਾਹ ਲੁਬਾਣਾ ਦੇ ਪਰਉਪਕਾਰੀ ਜੀਵਨ ਬਾਰੇ ਸਾਂਝ ਪਾਈ ਗਈ। ਢਾਡੀ ਭਾਈ ਮੋਹਨ ਸਿੰਘ ਬਡਾਨਾ ਦੇ ਜਥੇ ਵੱਲੋਂ ਸੰਗਤਾਂ ਨੂੰ ਢਾਡੀ ਵਾਰਾਂ ਰਾਹੀ ਨਿਹਾਲ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਹਿੰਮਤ ਸਿੰਘ ਸਰਪੰਚ ਨੇ ਬਾਖ਼ੂਬੀ ਨਿਭਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਵੱਲੋਂ ਨਿਭਾਏ ਵਿਸ਼ੇਸ ਰੋਲ ਲਈ ਧੰਨਵਾਦ ਅਤੇ ਸਨਮਾਨ ਕੀਤਾ ਗਿਆ।ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਅਤੇ ਭਾਈ ਅਮਰੀਕ ਸਿੰਘ ਚੰਡੀਗੜ ਵਾਲਿਆਂ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਨਿਊਯਾਰਕ ਦੇ ਸਟੇਟ ਸੈਨੀਟਰ ਜੋਹਨ ਲੂਅ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਸਿੱਖ ਕੌਮ ਨੂੰ ਹਰ ਸਹਿਯੋਗ ਦਾ ਭਰੋਸਾ ਦਿੱਤਾ। ਸਮਾਗਮ ਨੂੰ ਮਾਸਟਰ ਮਹਿੰਦਰ ਸਿੰਘ ਅਤੇ ਰਘਵੀਰ ਸਿੰਘ ਸੁਭਾਨਪੁਰ ਨੇ ਵੀ ਸੰਬੋਧਨ ਕੀਤਾ।ਪ੍ਰਧਾਨ ਗੁਰਮੀਤ ਸਿੰਘ ਮਹਿਮਦਪੁਰ ਨੇ ਆਈਆਂ ਸੰਗਤਾਂ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਧੰਨਵਾਦ ਕੀਤਾ। ਸਮਾਗਮ ਮੌਕੇ ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਿਆ ਅਤੇ ਵੱਖ-ਵੱਖ ਪਕਵਾਨਾਂ ਦੇ ਵਿਸ਼ੇਸ ਸਟਾਲ ਲਗਾਏ ਗਏ। ਇਸ ਮੌਕੇ ਹੋਰਨਾਂ ਤੋ ਇਲਾਵਾ ਚੇਅਰਮੈਨ ਸਤਨਾਮ ਸਿੰਘ ਟਾਹਲੀ, ਕੁਲਦੀਪ ਸਿੰਘ ਖਾਲਸਾ, ਦਲੇਰ ਸਿੰਘ, ਗੁਰਮੇਜ ਸਿੰਘ ਹਰਿਆਣਾ, ਬਲਦੇਵ ਸਿੰਘ, ਪ੍ਰੀਤਮ ਸਿੰਘ ਗਿਲਜੀਆਂ, ਬਲਵਿੰਦਰ ਸਿੰਘ ਸੁਭਾਨਪੁਰ ਅਤੇ ਸੁਖਜਿੰਦਰ ਸਿੰਘ ਸੁਭਾਨਪੁਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਖਾਲਿਸਤਾਨੀਆਂ ਤੇ ਕਸ਼ਮੀਰੀਆਂ ਵਲੋਂ ਅੰਬੈਸੀ ਸਾਹਮਣੇ ਰੋਸ ਪ੍ਰਦਰਸ਼ਨ

## *ਭਾਰਤ ਧਾਰਾ 370 ਤੇ 35-ਏ ਖਤਮ ਕਰਕੇ ਸਾਂਝੀਵਾਲਤਾ ਦਾ ਪ੍ਰਤੀਕ ਬਣਿਆ: ਅੰਬੈਸਡਰ ਹਰਸ਼ ਵਰਧਨ ਸ਼ਿਰੰਗਲ*

**ਵਾਸ਼ਿੰਗਟਨ/ਰਾਜ ਗੋਗਨਾ :** ਭਾਰਤ ਦੇ ਅਜ਼ਾਦੀ ਦੇ ਦਿਹਾੜੇ 'ਤੇ ਖਾਲਿਸਤਾਨੀਆਂ ਅਤੇ ਕਸ਼ਮੀਰੀਆਂ ਵੱਲੋਂ ਇੱਕ ਰੋਸ ਪ੍ਰਦਰਸ਼ਨ ਭਾਰਤੀ ਅੰਬੈਸੀ ਦੇ ਸਾਹਮਣੇ ਕੀਤਾ ਗਿਆ, ਜਿੱਥੇ ਧਾਰਾ 370 ਅਤੇ 35-ਏ ਨੂੰ ਕੇਂਦਰ ਵਲੋਂ ਖਤਮ ਕੀਤੇ ਜਾਣ ਦੇ ਵਿਰੋਧ ਵਿੱਚ ਖੂਬ ਨਾਹਰੇਬਾਜ਼ੀ ਕੀਤੀ ਗਈ। ਜ਼ਿਕਰਯੋਗ ਹੈ ਕਿ ਭਾਵੇਂ ਵਿਰੋਧ ਪ੍ਰਦਰਸ਼ਨ ਕਰਨ ਵਾਲਿਆਂ ਦੀ ਗਿਣਤੀ ਘੱਟ ਸੀ ਪਰ ਉਹਨਾਂ ਦੇ ਜੋਸ਼ ਅਤੇ ਸ਼ਕਤੀ ਨੇ ਅੰਬੈਸੀ ਨੂੰ ਜਾਣੂ ਕਰਾ ਦਿੱਤਾ ਕਿ ਸਿੱਖ ਵੱਖਰੇ ਰਾਜ ਦੇ ਹਾਮੀ ਹਨ। ਘੱਟ ਗਿਣਤੀਆਂ ਦੀ ਸੁਰੱਖਿਆ ਤਾਂ ਹੀ ਹੋ ਸਕਦੀ ਹੈ ਜੇਕਰ ਉਹਨਾਂ ਦਾ ਵੱਖਰਾ ਰਾਜ ਹੋਵੇ। ਖਾਲਿਸਤਾਨ ਜ਼ਿੰਦਾਬਾਦ, ਅਕਾਲ ਤਖਤ ਤੋਂ ਆਈ ਆਵਾਜ਼ ਦੇ ਨਾਹਰਿਆਂ ਨੇ ਭਾਰਤੀ ਹਕੂਮਤ ਨੂੰ ਜਾਣੂ ਕਰਵਾ ਦਿੱਤਾ ਕਿ ਉਹ ਵੱਖਰੇ ਰਾਜ ਦੇ ਹਾਮੀ ਹਨ। ਇਸ ਕਾਰਵਾਈ ਦੇ ਮੁੱਖ ਨਾਇਕ ਭਾਈ ਦਵਿੰਦਰ ਸਿੰਘ, ਨਰਿੰਦਰ ਸਿੰਘ, ਭਾਈ ਬਲਵਿੰਦਰ ਸਿੰਘ, ਡੈਨੀ ਸਿੰਘ ਸਾਊਥ ਅਫਰੀਕਨ ਸਿੱਖ ਤੋਂ ਇਲਾਵਾ ਕੁੱਝ ਬੀਬੀਆਂ ਨੇ 11ਵਜੇ ਤੋਂ ਲੈ ਕੇ 2ਵਜੇ ਤੱਕ ਇਸ ਰੋਸ ਮੁਜ਼ਾਹਰੇ ਨੂੰ ਪੂਰਨ ਜੋਸ਼ ਨਾਲ ਕਾਮਯਾਬ ਕੀਤਾ। ਭਾਵੇਂ ਕਸ਼ਮੀਰੀਆਂ ਦੀ ਗਿਣਤੀ ਘੱਟ ਸੀ ਪਰ ਉਹ ਆਪਣੀ ਬੁਲੰਦ ਅਵਾਜ਼ ਨਾਲ ਅੰਬੈਸੀ ਸਾਹਮਣੇ ਛਾਏ ਰਹੇ। ਧਾਰਾ 370 ਅਤੇ 35-ਏ ਨੂੰ ਲੈ ਕੇ ਖੂਬ ਭੰਡੀ ਪ੍ਰਚਾਰ ਅਤੇ ਸਿਆਪਾ ਕੀਤਾ ਗਿਆ। ਇਸੇ ਤਰ੍ਹਾਂ ਦੇ ਮੁਜਾਹਰੇ ਨਿਊਯਾਰਕ, ਯੂ.ਐੱਨ. ਓ ਅਤੇ ਅਮਰੀਕਾ ਦੀਆਂ ਬਾਕੀ ਅੰਬੈਸੀਆਂ ਸਾਹਮਣੇ ਵੀ ਕੀਤੇ ਗਏ ਹਨ, ਤਾਂ ਜੋ ਭਾਰਤ ਸਰਕਾਰ ਘੱਟ ਗਿਣਤੀਆਂ ਸਬੰਧੀ ਆਪਣਾ ਵਤੀਰਾ ਸਪੱਸ਼ਟ ਕਰੇ।



### ਭਾਰਤੀ ਅੰਬੈਸੀ ਸਾਹਮਣੇ ਪ੍ਰਦਰਸ਼ਨਕਾਰੀਆਂ ਖਿਲਾਫ ਨਾਹਰੇਬਾਜ਼ੀ

**ਵਾਸ਼ਿੰਗਟਨ ਡੀਸੀ/ਰਾਜ ਗੋਗਨਾ :** ਭਾਰਤੀ ਅੰਬੈਸੀ ਦੇ ਸਾਹਮਣੇ ਇਕ ਪਾਸੇ ਗਰਮ ਦਲੀਆਂ ਦੇ ਮੁਜ਼ਾਹਰੇ ਨੂੰ ਨਕਾਰਨ ਵਾਸਤੇ ਮੋਦੀ ਭਗਤਾਂ ਵਲੋਂ ਇੱਕ ਵੱਡਾ ਇਕੱਠ ਕੀਤਾ ਗਿਆ ਜਿੱਥੇ ਮਹਾਤਮਾ ਗਾਂਧੀ ਬਾਰੇ ਪ੍ਰਦਰਸ਼ਨੀ ਰਾਹੀਂ ਆਏ ਮਹਿਮਾਨਾਂ ਨੂੰ ਲੁਭਾਇਆ ਗਿਆ। ਖਾਲਿਸਤਾਨੀਆਂ ਦੇ ਨਾਹਰਿਆਂ ਦੀ ਗੂੰਜ ਨੂੰ ਘੱਟ ਕਰਨ ਲਈ ਮੋਦੀ ਭਗਤਾਂ ਨੇ ਭਾਰਤ ਮਾਤਾ ਦੀ ਜੈ, ਵੰਦੇ ਮਾਤਰਮ ਅਤੇ ਮੋਦੀ ਜ਼ਿੰਦਾਬਾਦ ਦੇ ਖੂਬ ਨਾਹਰੇ ਲਗਾਏ । ਇਸ ਇਕੱਠ ਨਾਲ ਰਾਸ਼ਟਰਵਾਦੀਆਂ ਨੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਕਿ ਉਹ ਆਖੰਡ ਭਾਰਤ ਦੇ ਟੁਕੜੇ ਨਹੀਂ ਹੋਣ ਦੇਣਗੇ। ਇਸ ਪ੍ਰਦਰਸ਼ਨ ਨੂੰ ਅਯੋਜਿਤ ਕਰਨ ਵਿਚ ਡਾ. ਅਡੱਪਾ ਪ੍ਰਸ਼ਾਦ ਸੀਨੀਅਰ ਉਪ ਪ੍ਰਧਾਨ ਬੀਜੇਪੀ. ਅਤੇ ਕੰਵਲਜੀਤ ਸਿੰਘ ਸੋਨੀ ਓਵਰਸੀਜ ਬੀਜੇਪੀ. ਸਿੱਖ ਵਿੰਗ ਦਾ ਭਰਪੂਰ ਯੋਗਦਾਨ ਸੀ।

# ਵਾਸ਼ਿੰਗਟਨ 'ਚ ਭਾਰਤ ਦੀ ਅਜ਼ਾਦੀ ਦਾ 73ਵਾਂ ਦਿਹਾੜਾ ਮਨਾਇਆ

## *ਭਾਰਤ ਧਾਰਾ 370 ਤੇ 35-ਏ ਖਤਮ ਕਰਕੇ ਸਾਂਝੀਵਾਲਤਾ ਦਾ ਪ੍ਰਤੀਕ ਬਣਿਆ: ਅੰਬੈਸਡਰ ਹਰਸ਼ ਵਰਧਨ ਸ਼ਿਰੰਗਲ*

**ਵਾਸ਼ਿੰਗਟਨ ਡੀਸੀ/ਰਾਜ ਗੋਗਨਾ :** ਭਾਰਤ ਦੀ ਅਜ਼ਾਦੀ ਦਾ 73ਵਾਂ ਸਮਾਗਮ ਵਾਸ਼ਿੰਗਟਨ ਡੀਸੀ. ਵਿਖੇ ਭਾਰਤੀ ਅੰਬੈਸਡਰ ਦੀ ਰਿਹਾਇਸ਼ 'ਤੇ ਮਨਾਇਆ ਗਿਆ।ਇਸ ਵਿਚ ਮੈਟਰੋਪੁਲਿਟਨ ਏਰੀਏ ਦੀਆਂ ਸੰਸਥਾਵਾਂ, ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਤੋਂ ਇਲਾਵਾ ਕੁਝ ਵਿਸ਼ੇਸ਼ ਮਹਿਮਾਨਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਤਿਰੰਗੇ ਝੰਡੇ ਨੂੰ ਭਾਰਤੀ ਅੰਬੈਸਡਰ ਹਰਸ਼ ਵਰਧਨ ਸ਼ਿਰੰਗਲ ਵਲੋਂ ਝੁਲਾ ਕੇ ਕੀਤੀ ਗਈ। ਉਹਨਾਂ ਵੱਲੋਂ ਤਿਰੰਗੇ ਨੂੰ ਸਲਾਮੀ ਦਿੱਤੀ ਗਈ, ਉਪਰੰਤ ਰਾਸ਼ਟਰੀ ਗੀਤ ਗਾਇਆ ਗਿਆ। ਆਏ ਮਹਿਮਾਨਾਂ ਵਲੋਂ ਇਸ ਦਾ ਤਾੜੀਆਂ ਨਾਲ ਭਰਵਾਂ ਸਵਾਗਤ ਕੀਤਾ ਗਿਆ। ਸਭ ਤੋਂ ਪਹਿਲਾਂ ਭਾਰਤੀ ਅੰਬੈਸਡਰ ਹਰਸ਼ ਵਰਧਨ ਵਲੋਂ ਰਾਸ਼ਟਰਪਤੀ ਦੇ ਭਾਸ਼ਣ ਨੂੰ ਪੜ੍ਹ ਕੇ ਸੁਣਾਇਆ ਜਿਸ ਵਿੱਚ ਧਾਰਾ 370 ਅਤੇ 35-ਏ ਦੇ ਖਤਮ ਕਰਨ ਦੇ ਉਪਰਾਲੇ ਬਾਰੇ ਦੱਸਿਆ ਗਿਆ। ਉਹਨਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਉਤਸਵ ਨੂੰ ਪੂਰੇ ਵਿਸ਼ਵ ਵਿੱਚ ਸ਼ਰਧਾ ਭਾਵਨਾ ਨਾਲ ਮਨਾਉਣ ਸਬੰਧੀ ਵੀ ਜਿਕਰ ਕੀਤਾ ਗਿਆ।



ਉਪਰੰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਾਸ਼ਣ ਦੀਆਂ ਖਾਸ ਸਤਰਾਂ ਦਾ ਜ਼ਿਕਰ ਕੀਤਾ ਗਿਆ, ਜਿਸ ਵਿੱਚ ਪਾਣੀ ਦੀ ਸੰਭਾਲ, ਧਾਰਾ 370 ਅਤੇ 35-ਏ,ਆਰਮੀ, ਏਅਰ ਫੋਰਸ ਅਤੇ ਨੇਵੀ ਤਿੰਨਾਂ ਫੋਰਸਾਂ ਦਾ ਇੱਕ ਮੁਖੀ ਬਣਾਉਣ ਦੇ ਜ਼ਿਕਰ ਤੋਂ ਇਲਾਵਾ ਕਸ਼ਮੀਰ ਵਿੱਚ 40 ਮਿਲੀਅਨ ਦੇ ਨਿਵੇਸ਼ ਦਾ ਖਾਸ ਜ਼ਿਕਰ ਕੀਤਾ ਗਿਆ। ਅਖੀਰ ਵਿੱਚ ਭਾਰਤੀ ਅੰਬੈਸਡਰ ਨੇ ਸਾਰਿਆਂ ਨੂੰ ਅਜ਼ਾਦੀ ਦੇ ਸ਼ੁੱਭ ਅਵਸਰ ਦੀ ਵਧਾਈ ਦਿੱਤੀ ਅਤੇ ਅਮਰੀਕਾ ਨਾਲ ਬੇਹਤਰ ਸਬੰਧਾਂ ਦਾ ਜ਼ਿਕਰ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੇ ਸਤੰਬਰ ਦੌਰੇ ਸਬੰਧੀ ਆਏ ਮਹਿਮਾਨਾਂ ਨੂੰ ਸੱਦਾ ਪੱਤਰ ਵੀ ਦਿੱਤਾ ਗਿਆ। ਸਥਾਨਕ ਸਕੂਲ ਦੇ ਬੱਚਿਆਂ ਨੇ ਅਜ਼ਾਦੀ ਦੇ ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾ ਗੀਤਾਂ ਰਾਹੀਂ ਪੇਸ਼ ਕੀਤੀ ਅਤੇ ਵੰਦੇ ਮਾਤਰਮ ਗੀਤ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ। ਸਮੁੱਚੇ ਤੌਰ ਤੇ ਪ੍ਰੋਗਰਾਮ ਸਫਲ ਰਿਹਾ। ਮਹਾਤਮਾ ਗਾਂਧੀ ਦੇ ਜੀਵਨ 'ਤੇ ਪ੍ਰਦਰਸ਼ਨੀ ਅਤੇ ਬੈਂਡ ਦੇ ਕੌਤਕ ਵੀ ਪੇਸ਼ ਕੀਤੇ ਗਏ। ਆਏ ਮਹਿਮਾਨਾਂ ਨੇ ਖੂਬ ਭੰਗੜੇ ਪਾਏ ਅਤੇ ਅਜ਼ਾਦੀ ਦੇ ਨਾਹਰੇ ਮਾਰੇ। ਸਿੱਖਾਂ ਦੇ ਵਫ਼ਦ ਨੂੰ ਵਿਸ਼ੇਸ਼ ਮਾਣ ਸਨਮਾਨ ਦਿੱਤਾ ਗਿਆ। ਉਹਨਾਂ ਦੇ ਗਰੁੱਪ ਨਾਲ ਭਾਰਤੀ ਅੰਬੈਸਡਰ ਨੇ ਯਾਦਗਾਰੀ ਤਸਵੀਰ ਖਿਚਵਾ ਕੇ ਆਪਣੀ ਹਾਜ਼ਰੀ ਦਾ ਪ੍ਰਗਟਾਵਾ ਕੀਤਾ। ਇਸ ਟੀਮ ਦੇ ਵਿਸ਼ੇਸ਼ ਨਾਇਕ ਜਸਦੀਪ ਸਿੰਘ ਜੱਸੀ ਚੇਅਰਮੈਨ ਸਾਊਥ ਏਸ਼ੀਅਨ ਕਮਿਸ਼ਨਰ, ਕੰਵਲਜੀਤ ਸਿੰਘ ਸੋਨੀ, ਬਲਜਿੰਦਰ ਸਿੰਘ ਸ਼ੰਮੀ, ਰਤਨ ਸਿੰਘ, ਕਾਤਾਂ ਸੈਮੀ, ਡਾ. ਸੁਖਪਾਲ ਸਿੰਘ ਧਨੋਆ, ਡਾ. ਸੁਰਿੰਦਰ ਗਿੱਲ ਅਤੇ ਮਾਸਟਰ ਧਰਮਪਾਲ ਸਨ। ਮਿਲਣੀ ਦੌਰਾਨ ਚਾਹ ਅਤੇ ਸਨੈਕਸ ਨਾਲ ਆਏ ਮਹਿਮਾਨਾਂ ਨੇ ਖੂਬ ਆਨੰਦ ਮਾਣਿਆ। ਅੰਬੈਸੀ ਦੀ ਸਮੁੱਚੀ ਟੀਮ ਨੇ ਦਿਨ ਰਾਤ ਇੱਕ ਕਰਕੇ ਪ੍ਰੋਗਰਾਮ ਨੂੰ ਕਾਮਯਾਬੀ ਨਾਲ ਸਿਰੇ ਚੜ੍ਹਾਇਆ, ਜਿਸ ਵਿੱਚ ਅਨੁਰਾਗ ਕੁਮਾਰ ਅਤੇ ਸ਼ੁਬਰਨੋ ਦਾ ਖਾਸ ਰੋਲ ਸੀ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)

• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਖਾਲਿਸਤਾਨੀ ਜਥੇਬੰਦੀਆਂ ਨੇ ਕਾਲੇ ਦਿਨ ਵਜੋਂ ਮਨਾਇਆ ਆਜ਼ਾਦੀ ਦਿਹਾੜਾ

## ✪ ਪੰਜਾਬ ਦੇ 14 ਜ਼ਿਲ੍ਹਿਆਂ 'ਚ ਖਾਲਿਸਤਾਨੀ ਸਿੱਖਾਂ ਵਲੋਂ ਮੁਜ਼ਾਹਰੇ ✪ ਲੰਡਨ 'ਚ ਖਾਲਿਸਤਾਨੀਆਂ ਤੇ ਭਾਰਤੀਆਂ ਵਿਚਾਲੇ ਝੜਪ

**ਅੰਮ੍ਰਿਤਸਰ/ਏਟੀ ਨਿਊਜ਼ :** ਖਾਲਿਸਤਾਨੀ ਜਥੇਬੰਦੀਆਂ ਤੇ ਉਨ੍ਹਾਂ ਦੀਆਂ ਹੋਰ ਹਮਖ਼ਿਆਲੀ ਜਥੇਬੰਦੀਆਂ ਵਲੋਂ ਕੇਂਦਰ ਸਰਕਾਰ ਖ਼ਿਲਾਫ਼ ਰੋਸ ਪ੍ਰਗਟਾਉਂਦਿਆਂ ਆਜ਼ਾਦੀ ਦਿਹਾੜੇ ਨੂੰ ਕਾਲੇ ਦਿਵਸ ਵਜੋਂ ਮਨਾਇਆ ਗਿਆ। ਇਸ ਸਬੰਧ ਵਿਚ ਸੂਬੇ ਦੇ 14 ਜ਼ਿਲ੍ਹਿਆਂ ਵਿਚ ਰੋਸ ਦਿਖਾਵੇ ਕੀਤੇ ਗਏ। ਜਦੋਂ ਕਿ ਤਰਨ ਤਾਰਨ ਵਿਚ ਜਥੇਬੰਦੀਆਂ ਦੀ ਇਸ ਕਾਰਵਾਈ 'ਤੇ ਪ੍ਰਸ਼ਾਸ਼ਣ ਨੇ ਰੋਕ ਲਾ ਦਿੱਤੀ ਗਈ ਸੀ ਤੇ ਪਹਿਲਾਂ ਹੀ ਸਿੱਖ ਆਗੂਆਂ ਨੂੰ ਹਿਰਾਸਤ ਵਿਚ ਲੈ ਲਿਆ ਸੀ। ਪੁਲੀਸ ਨੇ ਹਿਰਾਸਤ ਵਿਚ ਲਏ 20 ਦੇ ਕਰੀਬ ਕਾਰਕੁਨਾਂ ਨੂੰ ਸ਼ਾਮ ਵੇਲੇ ਰਿਹਾਅ ਕਰ ਦਿੱਤਾ। ਇਨ੍ਹਾਂ ਜਥੇਬੰਦੀਆਂ ਵਿਚ ਦਲ ਖ਼ਾਲਸਾ, ਅਕਾਲੀ ਦਲ ਅੰਮ੍ਰਿਤਸਰ, ਯੂਨਾਈਟਿਡ ਅਕਾਲੀ ਦਲ, ਸਿੱਖ ਯੂਥ ਆਫ ਪੰਜਾਬ ਅਤੇ ਸਟੂਡੈਂਟਸ ਫਾਰ ਸੁਸਾਇਟੀ ਨਾਂ ਦੀਆਂ ਜਥੇਬੰਦੀਆਂ ਸ਼ਾਮਲ ਸਨ। ਸਿੱਖ ਆਗੂਆਂ ਨੇ ਇਸ ਮੌਕੇ ਯੂਐਨਓ ਅਤੇ ਕੌਮਾਂਤਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਭਾਰਤ ਸਰਕਾਰ 'ਤੇ ਦਬਾਅ ਬਣਾਉਣ ਤਾਂ ਜੋ ਵੱਖ ਵੱਖ ਖਿੱਤਿਆਂ ਵਿਚ ਸੰਘਰਸ਼ਸ਼ੀਲ ਕੌਮਾਂ ਨੂੰ ਸਵੈ-ਨਿਰਣੈ ਦਾ ਹੱਕ ਮਿਲ ਸਕੇ। ਅੰਮ੍ਰਿਤਸਰ ਵਿਚ ਕੀਤੇ ਗਏ ਰੋਸ ਦਿਖਾਵੇ ਵਿਚ ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਬੁਲਾਰੇ ਕੰਵਰਪਾਲ ਸਿੰਘ, ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਪ੍ਰੋ. ਮਹਿੰਦਰ ਸਿੰਘ ਦੀ ਅਗਵਾਈ ਹੇਠ ਉਨ੍ਹਾਂ ਦੇ ਕਾਰਕੁਨ ਸ਼ਾਮਲ ਹੋਏ।

ਇਸੇ ਤਰ੍ਹਾਂ ਜਲੰਧਰ, ਗੁਰਦਾਸਪੁਰ, ਮਾਨਸਾ, ਬਠਿੰਡਾ, ਸੰਗਰੂਰ, ਬਰਨਾਲਾ, ਮੋਗਾ, ਪਟਿਆਲਾ, ਫਤਹਿਗੜ੍ਹ ਸਾਹਿਬ, ਫ਼ਿਰੋਜ਼ਪੁਰ ਅਤੇ ਕੋਟਕਪੂਰਾ ਵਿਚ ਵੀ ਰੋਸ ਮੁਜ਼ਾਹਰੇ ਕੀਤੇ ਗਏ।

ਬਠਿੰਡਾ ਵਿੱਚ ਸਿੱਖ ਜਥੇਬੰਦੀਆਂ ਨੇ 15 ਅਗਸਤ ਨੂੰ ਕਾਲੇ ਦਿਨ ਵਜੋਂ ਮਨਾਇਆ। ਦਲ ਖ਼ਾਲਸਾ ਦੇ ਸੀਨੀਅਰ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਮਹਿਰਾਜ, ਅਕਾਲੀ ਦਲ (ਅ) ਦੇ ਪਰਮਿੰਦਰ ਸਿੰਘ ਬਾਂਲਿਆਵਾਲੀ ਤੇ ਲੱਖਾ ਸਿਧਾਣਾ ਨੇ ਕਿਹਾ ਕਿ ਸਿੱਖਾਂ ਨੂੰ 1947 ਦੀ ਵੰਡ ਨੇ ਇੱਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਵੱਲ ਧੱਕਿਆ।

ਪਟਿਆਲਾ ਵਿਖੇ ਅਕਾਲੀ ਦਲ ਅੰਮ੍ਰਿਤਸਰ ਤੇ ਤੇ ਦਲ ਖਾਲਸਾ ਵੱਲੋਂ 15 ਅਗਸਤ ਨੂੰ ਕਾਲੇ ਦਿਵਸ ਵਜੋਂ ਮਨਾਉਂਦਿਆਂ ਖੰਡਾ ਚੌਂਕ ਵਿਚ ਰੋਸ ਇਕੱਤਰਤਾ ਕਰ ਕੇ ਕਾਲੇ ਝੰਡੇ ਲਹਿਰਾਏ ਗਏ। ਫਤਹਿਗੜ੍ਹ ਸਾਹਿਬ ਵਿਚ ਰੋਸ ਮਾਰਚ ਕੀਤਾ ਗਿਆ।



### ਕੈਪਟਨ ਅਮਰਿੰਦਰ ਸਿੰਘ ਹੋਏ ਸਖ਼ਤ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 73ਵੇਂ ਆਜ਼ਾਦੀ ਦਿਹਾੜੇ ਮੌਕੇ ਸਮਾਜ ਵਿਰੋਧੀ ਤਾਕਤਾਂ ਨੂੰ ਸਖ਼ਤ ਤਾੜਨਾ ਕਰਦੇ ਹੋਏ ਕਿਹਾ ਕਿ ਸੂਬੇ ਦੀ ਅਮਨ-ਸ਼ਾਂਤੀ ਤੇ ਸਦਭਾਵਨਾ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਤਾਕਤਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਪੰਜਾਬ ਵਾਸੀਆਂ ਨੂੰ ਵੀ ਅਜਿਹੀਆਂ ਸ਼ਕਤੀਆਂ ਨੂੰ ਮੂੰਹਤੋੜ ਜਵਾਬ ਦੇਣ ਲਈ ਇਕਜੁੱਟ ਹੋਣ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਸੂਬੇ ਦੀ ਬਿਹਤਰੀ ਅਤੇ ਖ਼ੁਸ਼ਹਾਲੀ ਲਈ ਅਮਨ-ਸ਼ਾਂਤੀ ਅਤੇ ਸਦਭਾਵਨਾ ਦਾ ਮਾਹੌਲ ਬਣਾਈ ਰੱਖਣ ਲਈ ਪੰਜਾਬ ਸਰਕਾਰ ਵਚਨਬੱਧ ਹੈ।

### ਭਾਰਤੀਆਂ ਤੇ ਖਾਲਿਸਤਾਨੀਆਂ ਵਿਚਾਲੇ ਝੜਪ

ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਵਿਚ 73ਵੇਂ ਭਾਰਤੀ ਆਜ਼ਾਦੀ ਦਿਹਾੜਾ ਸਮਾਗਮ ਮਨਾਉਣ ਲਈ ਇਕੱਠੇ ਹੋਏ ਭਾਰਤੀ ਮੂਲ ਦੇ ਲੋਕਾਂ ਤੇ ਖਾਲਿਸਤਾਨੀ, ਕਸ਼ਮੀਰੀ ਮੁਜ਼ਾਹਰਾਕਾਰੀਆਂ ਵਿਚਾਲੇ ਝੜਪਾਂ ਹੋਈਆਂ। ਭਾਜਪਾ ਦੇ ਵਿਦੇਸ਼ੀ ਵਿਭਾਗ ਦੇ ਇੰਚਾਰਜ ਵਿਜੇ ਚੌਥੇਵਾਲੇ ਨੇ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਹੋਈ ਘਟਨਾ ਨੂੰ ਨਿੰਦਣਯੋਗ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਦੂਤਘਰ ਪਥਰਾਅ ਕੀਤਾ ਗਿਆ ਤੇ ਤਿਰੰਗੇ ਨੂੰ ਵੀ ਨੁਕਸਾਨ ਪਹੁੰਚਾਇਆ। ਪੁਲਿਸ ਦੇ ਮੁਕਾਬਲੇ ਪ੍ਰਦਰਸ਼ਨਕਾਰੀਆਂ ਦੀ ਗਿਣਤੀ ਜ਼ਿਆਦਾ ਸੀ। ਜਿਵੇਂ ਹੀ ਭੜਕੇ ਭਾਰਤੀਆਂ ਨੇ 'ਮੋਦੀ-ਮੋਦੀ' ਦੇ ਨਾਅਰੇ ਲਗਾਏ, ਖਾਲਿਸਤਾਨੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਖ਼ਿਲਾਫ਼ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ।

### ਖਾਲਿਸਤਾਨੀਆਂ ਤੇ ਕਸ਼ਮੀਰੀਆਂ ਵਲੋਂ ਇੱਕਜੁੱਟ ਹੋ ਕੇ ਅਮਰੀਕਾ ਵਿਚ ਰੋਸ ਪ੍ਰਦਰਸ਼ਨ

**ਨਿਊਯਾਰਕ/ਏਟੀ ਨਿਊਜ਼ :** ਭਾਰਤ ਸਰਕਾਰ ਵੱਲੋਂ ਕਸ਼ਮੀਰ ਤੋਂ ਵਿਸ਼ੇਸ਼ ਦਰਜੇ ਦਾ ਅਧਿਕਾਰ ਵਾਪਸ ਲੈਣ ਦੇ ਵਿਰੋਧ ਵਿਚ ਸੰਯੁਕਰ ਰਾਸ਼ਟਰ ਦੇ ਦਫ਼ਤਰ ਬਾਹਰ ਕਸ਼ਮੀਰੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਦਾ ਖ਼ਾਲਿਸਤਾਨ ਪੱਖੀ ਸਿੱਖਾਂ ਨੇ ਵੀ ਸਮਰਥਨ ਕੀਤਾ। ਭਾਰਤੀ ਦੂਤਾਵਾਸ ਤੋਂ ਯੂਐਨ ਦੇ ਦਫ਼ਤਰ ਤਕ ਕੀਤੇ ਇਸ ਰੋਸ ਪ੍ਰਦਰਸ਼ਨ ਵਿਚ 400 ਲੋਕਾਂ ਨੇ ਹਿੱਸਾ ਲਿਆ। ਉਹ ਖ਼ਾਲਿਸਤਾਨ ਤੇ ਕਸ਼ਮੀਰ ਸਬੰਧੀ ਨਾਅਰੇ ਲਾ ਰਹੇ ਸਨ। ਜ਼ਿਆਦਾਤਰ ਪ੍ਰਦਰਸ਼ਨਕਾਰੀ ਸਿੱਖ ਤੇ ਕੁਝ ਪਾਕਿਸਤਾਨੀ ਤੇ ਕਸ਼ਮੀਰੀ ਹੀ ਸਨ। ਪ੍ਰਦਰਸ਼ਨਕਾਰੀਆਂ ਨੇ ਇਹ ਪ੍ਰਦਰਸ਼ਨ 'ਕਸ਼ਮੀਰੀ ਤੇ ਖ਼ਾਲਿਸਤਾਨ ਪੱਖੀ ਸਿੱਖ' ਤੇ 'ਸਥਾਨਕ ਸਿੱਖ ਗੁਰਦੁਆਰਿਆਂ' ਦੇ ਸਹਿਯੋਗ ਨਾਲ ਕੀਤਾ।

## ਮਾਮਲਾ ਹਵਾਈ ਅੱਡੇ 'ਤੇ ਭਾਈ ਵਡਾਲਾ ਨੂੰ ਤੰਗ ਕਰਨ ਦਾ, ਜਥੇਦਾਰ ਵੱਲੋਂ ਸਖ਼ਤ ਨੋਟਿਸ

**ਅੰਮ੍ਰਿਤਸਰ/ਏਟੀ ਨਿਊਜ਼ :** ਹਵਾਈ ਅੱਡਿਆਂ 'ਤੇ ਖ਼ਾਸ ਕਰਕੇ ਅੰਮ੍ਰਿਤਧਾਰੀ ਸਿੱਖਾਂ ਨੂੰ ਕਕਾਰਾਂ ਕਾਰਨ ਪ੍ਰੇਸ਼ਾਨ ਕੀਤੇ ਜਾਣ ਦੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਨਿੰਦਾ ਕੀਤੀ ਹੈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਤੇ ਹੋਰ ਸਿੱਖ ਆਗੂਆਂ ਨੂੰ ਇਸ ਮਾਮਲੇ ਸਬੰਧੀ ਕੇਂਦਰ ਸਰਕਾਰ ਕੋਲ ਆਪਣਾ ਪੱਖ ਰੱਖਣ ਅਤੇ ਇਸ ਸਮੱਸਿਆ ਦਾ ਸਥਾਈ ਹੱਲ ਲੱਭਣ ਲਈ ਆਖਿਆ ਹੈ। ਅਜਿਹੇ ਵਿਤਕਰੇ ਦਾ ਸ਼ਿਕਾਰ ਹੋਏ ਸਿੱਖ ਪ੍ਰਚਾਰਕ ਭਾਈ ਬਲਦੇਵ ਸਿੰਘ ਵਡਾਲਾ ਨੇ ਇਸ ਵਿਤਕਰੇ



ਨੂੰ ਖ਼ਤਮ ਕਰਨ ਲਈ ਕਾਨੂੰਨੀ ਚਾਰਾਜੋਈ ਕਰਨ ਲਈ ਆਖਿਆ ਹੈ। ਭਾਈ ਵਡਾਲਾ ਨੇ 15 ਅਗਸਤ ਨੂੰ ਦਿੱਲੀ ਹਵਾਈ ਅੱਡੇ ਤੋਂ ਲਖਨਊ ਜਾਣਾ ਸੀ ਤੇ ਉਨ੍ਹਾਂ ਨੇ ਏਅਰ ਇੰਡੀਆ ਕੰਪਨੀ ਦੀ ਟਿਕਟ ਲਈ ਸੀ ਪਰ ਉਨ੍ਹਾਂ ਨੂੰ ਛੋਟੀ ਸ੍ਰੀ ਸਾਹਿਬ ਸਮੇਤ ਸਫ਼ਰ ਕਰਨ ਤੋਂ ਰੋਕ ਦਿੱਤਾ ਗਿਆ ਜਦੋਂ ਕਿ ਦਿੱਲੀ ਦੇ ਹਵਾਈ ਅੱਡੇ ਤੋਂ ਹੀ ਹੋਰ ਹਵਾਈ ਕੰਪਨੀ ਵੱਲੋਂ ਉਨ੍ਹਾਂ ਨੂੰ ਕ੍ਰਿਪਾਨ ਸਮੇਤ ਲਖਨਊ ਤਕ ਸਫ਼ਰ ਕਰਨ ਦਿੱਤਾ ਗਿਆ। ਇਸ ਘਟਨਾ ਦਾ ਨੋਟਿਸ ਲੈਂਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ **ਬਾਕੀ ਸਫ਼ਾ 32 'ਤੇ**


# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਭਾਰਤ-ਪਾਕਿ ਦਰਮਿਆਨ ਪ੍ਰਮਾਣੂ ਜੰਗ ਦੀਆਂ ਧਮਕੀਆਂ

- ਅਮਰੀਕਾ ਦੋਹਾਂ ਨੂੰ ਠੰਡਾ ਕਰਨ ਲਈ ਹੋਇਆ ਸਰਗਰਮ
- ਦੁਨੀਆ ਭਾਰਤ ਦੇ ਪ੍ਰਮਾਣੂ ਹਥਿਆਰਾਂ ਦੀ ਸੁਰੱਖਿਆ ਦਾ ਨੋਟਿਸ ਲਵੇ: ਇਮਰਾਨ
- ਰੱਖਿਆ ਮੰਤਰੀ ਰਾਜਨਾਥ ਸਿੰਘ ਬੋਲੇ-ਪਾਕਿਸਤਾਨ ਨਾਲ ਹੁਣ ਸਿਰਫ਼ ਮਕਬੂਜ਼ਾ ਕਸ਼ਮੀਰ ’ਤੇ ਗੱਲਬਾਤ ਹੋਵੇਗੀ
- ਭਾਰਤ-ਪਾਕਿ ਵਿਚਾਲੇ ਬਣੀ ਕੁੜੱਤਣ ਨਾਲ ਦੁਵੱਲਾ ਵਪਾਰ ਮੁੜ ਪ੍ਰਭਾਵਿਤ
- ਕਰਤਾਰਪੁਰ ਲਾਂਘੇ ਦਾ ਕੰਮ ਜਾਰੀ



**ਇਸਲਾਮਾਬਾਦ/ਵਿਸ਼ੇਸ਼ ਰਿਪੋਰਟ :**
ਭਾਰਤ-ਪਾਕਿਸਤਾਨ ਵਿਚ ਸਬੰਧ ਬੁਰੀ ਤਰ੍ਹਾਂ ਵਿਗੜ ਗਏ ਹਨ। ਦੋਵੇਂ ਦੇਸ਼ ਜੰਗ ਦੇ ਲਈ ਬੜਕਾਂ ਮਾਰਨ ਲੱਗ ਪਏ ਹਨ। ਪਾਕਿਸਤਾਨ ਦੇ ਨਾਲ ਭਾਰਤ ਨੇ ਵੀ ਪ੍ਰਮਾਣੂ ਜੰਗ ਛੇੜਨ ਦੀ ਧਮਕੀ ਦਿੱਤੀ ਹੈ। ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ ਇਹ ਕਹਿਣ ਕਿ ਪਹਿਲਾਂ ਪ੍ਰਮਾਣੂ ਹਥਿਆਰ ਨਾ ਚਲਾਉਣ ਦੀ ਨੀਤੀ ਪੱਥਰ ’ਤੇ ਲਕੀਰ ਨਹੀਂ ਹੈ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕੌਮਾਂਤਰੀ ਭਾਈਚਾਰੇ ਨੂੰ ਮੋਦੀ ਸਰਕਾਰ ਦੇ ਹੱਥਾਂ ਵਿਚ ਪ੍ਰਮਾਣੂ ਅਸਲੇ ਦੀ ਸੁਰੱਖਿਆ ਵੱਲ ਖਿਆਲ ਕਰਨ ਲਈ ਕਿਹਾ ਹੈ। ਉਨ੍ਹਾਂ ਟਵੀਟ ਕੀਤਾ ਕਿ ਇਹ ਮੁੱਦਾ ਸਿਰਫ ਖਿੱਤੇ ਦਾ ਨਹੀਂ, ਸਾਰੇ ਸੰਸਾਰ ਦਾ ਹੈ। ਇਮਰਾਨ ਨੇ ਕਿਹਾ, “ਮੇਰਾ ਮੋਦੀ ਨੂੰ ਇਹੀ ਸੁਨੇਹਾ ਹੈ ਕਿ ਜੇਕਰ ਉਨ੍ਹਾਂ ਨੇ ਅਜਿਹੀ ਕੋਈ ਕਾਰਵਾਈ ਕੀਤੀ ਤਾਂ ਅਸੀਂ ਵੀ ਕਰਾਰਾ ਜਵਾਬ ਦਿਆਂਗੇ।”
ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ, ‘ਪਾਕਿਸਤਾਨ ਨੇ ਵੀ ਕੁਝ ਦਿਨ ਮੰਨਿਆ ਕਿ ਭਾਰਤ ਨੇ ਬਾਲਾਕੋਟ ਵਿਚ ਵੱਡੀ ਸਰਜੀਕਲ ਸਟ੍ਰਾਈਕ ਕੀਤੀ ਸੀ ਅਤੇ ਉਸ ਨੂੰ ਸਬਕ ਸਿਖਾਇਆ। ਕੁਝ ਦਿਨ ਪਹਿਲਾਂ ਪਾਕਿ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਭਾਰਤ ਬਾਲਾਕੋਟ ਤੋਂ ਵੱਡਾ ਕਦਮ ਉਠਾਉਣ ਦੀ ਯੋਜਨਾ ਬਣਾ ਰਿਹਾ ਹੈ, ਇਸ ਦਾ ਮਤਲਬ ਹੈ ਕਿ ਪਾਕਿ ਪੀਐੱਮ ਨੇ ਸਵੀਕਾਰ ਕੀਤਾ ਕਿ ਭਾਰਤ ਨੇ ਬਾਲਾਕੋਟ ਵਿਚ ਕੀ ਕੀਤਾ। ਗੁਆਂਢੀ ਮੁਲਕ ਬੇਹੱਦ ਡਰਿਆ ਹੋਇਆ ਹੈ, ਹੁਣ ਪਾਕਿ ਨਾਲ ਸਿਰਫ਼ ਮਕਬੂਜ਼ਾ ਕਸ਼ਮੀਰ ’ਤੇ ਗੱਲਬਾਤ ਹੋਵੇਗੀ।’
ਰੱਖਿਆ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਨੂੰ ਹਾਲੇ ਵੀ ਸਰਜੀਕਲ ਸਟ੍ਰਾਈਕ ਵਰਗੀ ਕਾਰਵਾਈ ਦਾ ਡਰ ਹੈ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੇ ਵਿਕਾਸ ਲਈ ਉੱਥੇ ਧਾਰਾ 370 ਨੂੰ ਖ਼ਤਮ ਕੀਤੀ ਗਈ ਹੈ ਜਿਸ ਤੋਂ ਪਾਕਿਸਤਾਨ ਘਬਰਾਇਆ ਹੋਇਆ ਹੈ। ਉਹ ਦੂਸਰੇ ਦੇਸ਼ਾਂ ਦੇ ਦਰਵਾਜ਼ੇ ਖੜਕਾ ਰਿਹਾ ਹੈ ਪਰ ਪੂਰੇ ਵਿਸ਼ਵ ਵਿਚ ਉਸ ਨੂੰ ਕਿਤਿਓਂ ਵੀ ਸਮਰਥਨ ਨਹੀਂ ਮਿਲ ਰਿਹਾ। ਕਿਸੇ ਨੇ ਵੀ ਨਹੀਂ ਕਿਹਾ ਕਿ ਭਾਰਤ ਨੇ ਗ਼ਲਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਹੁਣ ਪਾਕਿਸਤਾਨ ਨਾਲ ਉਦੋਂ ਹੀ ਗੱਲਬਾਤ ਹੋਵੇਗੀ ਜਦੋਂ ਉਹ ਅੱਤਵਾਦ ਦਾ ਸਮਰਥਨ ਕਰਨਾ ਬੰਦ ਕਰੇਗਾ।
ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਭਾਰਤ-ਪਾਕਿ ਨੂੰ ਠੰਡੇ ਰਹਿਣ ਲਈ ਕਿਹਾ ਹੈ ਅਤੇ ਗੱਲਬਾਤ ਰਾਹੀਂ ਮਸਲਾ ਨਿਪਟਾਉਣ ਦੀ ਅਪੀਲ ਕੀਤੀ ਹੈ।

**ਪਾਕਿ ਫ਼ੌਜ ਪ੍ਰਧਾਨ ਮੰਤਰੀ ਇਮਰਾਨ ਤੋਂ ਨਰਾਜ਼-**
ਪਾਕਿਸਤਾਨੀ ਫ਼ੌਜ ਤੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵਿਚਾਲੇ ਦੂਰੀਆਂ ਵਧਦੀਆਂ ਜਾ ਰਹੀਆਂ ਹਨ। ਅਮਰੀਕੀ ਦੌਰੇ ਤੇ ਭਾਰਤ ਨਾਲ ਸਬੰਧਾਂ ਨੂੰ ਲੈ ਕੇ ਕੁਝ ਅਹਿਮ ਮੌਕਿਆਂ ’ਤੇ ਇਮਰਾਨ ਦੇ ਬਿਆਨਾਂ ਤੋਂ ਪਾਕਿ ਫ਼ੌਜ ਖਿਝ ਗਈ ਹੈ। ਪਾਕਿ ਫ਼ੌਜ ਭਾਰਤ ਵਿਚ ਅੱਤਵਾਦੀਆਂ ਦੀ ਵੱਡੇ ਪੱਧਰ ’ਤੇ ਘੁਸਪੈਠ ਕਰਵਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ। ਪਰ ਕਦੇ ਪਾਕਿਸਤਾਨੀ ਫ਼ੌਜ ਦੀ ਕਠਪੁਤਲੀ ਕਹੇ ਜਾਣ ਵਾਲੇ ਪੀਐੱਮ ਇਮਰਾਨ ਨੇ ਕਈ ਵਾਰ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਅੱਤਵਾਦੀਆਂ ’ਤੇ ਕਾਰਵਾਈ ਕਰ ਰਹੀ ਹੈ। ਲਿਹਾਜ਼ਾ ਪਾਕਿਸਤਾਨੀ ਫ਼ੌਜ ਇਮਰਾਨ ਖ਼ਾਨ ਤੋਂ ਨਾਰਾਜ਼ ਹੈ।
ਹੁਣ ਹਾਲ ਹੀ ਵਿਚ ਪਾਕਿਸਤਾਨ ਦੇ ਆਜ਼ਾਦੀ ਦਿਵਸ ’ਤੇ ਇਮਰਾਨ ਖ਼ਾਨ ਇਹ ਵੀ ਕਬੂਲ ਕਰ ਬੈਠੇ ਕਿ ਭਾਰਤ ਨੇ ਮਕਬੂਜ਼ਾ ਕਸ਼ਮੀਰ ਵਿਚ ਬਾਲਾਕੋਟ ਤੋਂ ਵੀ ਵੱਡਾ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਹੈ। ਪਾਕਿਸਤਾਨੀ ਫ਼ੌਜ ਨੂੰ ਇਸ ਗੱਲ ਦੀ ਪੂਰੀ ਜਾਣਕਾਰੀ ਹੈ। ਸਾਡੀ ਜਾਣਕਾਰੀ ਮੁਤਾਬਕ ਭਾਰਤ ਦੀਆਂ ਹੋਰ ਵੀ ਭਿਆਨਕ ਯੋਜਨਾਵਾਂ ਹਨ। ਇਮਰਾਨ ਖ਼ਾਨ ਦੇ ਇਸ ਕਬੂਲਨਾਮੇ ਤੋਂ ਵੀ ਪਾਕਿਸਤਾਨੀ ਫ਼ੌਜ ਬੇਹੱਦ ਨਾਰਾਜ਼ ਹੈ।

**ਵਪਾਰ ਹੋਇਆ ਠੱਪ-**
ਜੰਮੂ ਕਸ਼ਮੀਰ ਵਿਚੋਂ ਧਾਰਾ 370 ਮਨਸੂਖ ਕਰ ਕੇ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਤਬਦੀਲ ਕਰਨ ਦਾ ਸੰਤਾਪ ਕਸ਼ਮੀਰੀ ਤਾਂ ਭੋਗ ਹੀ ਰਹੇ ਹਨ ਪਰ ਇਸ ਦਾ ਆਰਥਿਕ, ਸਿਆਸੀ ਅਤੇ ਸੱਭਿਆਚਾਰਕ ਅਸਰ ਪੰਜਾਬ ਉੱਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ। ਇਸ ਵਾਰ ਫਰਵਰੀ ਵਿੱਚ ਹੋਏ ਪੁਲਵਾਮਾ ਹਮਲੇ ਮਗਰੋਂ ਭਾਰਤ ਵੱਲੋਂ ਦਰਾਮਦ ਉੱਤੇ ਟੈਕਸ 200 ਫੀਸਦ ਵਧਾ ਦਿੱਤੇ ਜਾਣ ਤੋਂ ਬਾਅਦ ਇਹ ਦੁਵੱਲਾ ਵਪਾਰ ਉਸ ਵੇਲੇ ਤੋਂ ਹੀ ਲਗਭਗ ਬੰਦ ਪਿਆ ਹੈ ਅਤੇ ਹੁਣ ਜੰਮੂ ਕਸ਼ਮੀਰ ਵਿੱਚ ਧਾਰਾ 370 ਖਤਮ ਕੀਤੇ ਜਾਣ ਮਗਰੋਂ ਪਾਕਿਸਤਾਨ ਨੇ ਵੀ ਸਰਹੱਦ ਰਸਤੇ ਹੁੰਦਾ ਇਹ ਦੁਵੱਲਾ ਵਪਾਰ ਬੰਦ ਕਰ ਦਿੱਤਾ ਹੈ।
ਭਾਰਤ ਵੱਲੋਂ ਪਾਕਿਸਤਾਨ ਨੂੰ 1996 ਵਿੱਚ ਤਰਜੀਹੀ ਮੁਲਕ ਐੱਮਐੱਫਐੱਨ ਦਾ ਦਰਜਾ ਦਿੱਤਾ ਗਿਆ ਸੀ ਤਾਂ ਜੋ ਦੋਵਾਂ ਦੇਸ਼ਾ ਵਿਚਾਲੇ ਖੁੱਲ੍ਹਾ ਵਪਾਰ ਹੋ ਸਕੇ ਪਰ ਉਸ ਵੇਲੇ ਵੀ ਪਾਕਿਸਤਾਨ ਨੇ ਭਾਰਤ ਨੂੰ ਇਹ ਦਰਜਾ ਨਹੀਂ ਦਿੱਤਾ ਸੀ ਅਤੇ ਸਿਰਫ 138 ਵਸਤਾਂ ਦੇ ਵਪਾਰ ਦੀ ਪ੍ਰਵਾਨਗੀ ਦਿੱਤੀ ਸੀ। ਭਾਰਤ ਵੱਲੋਂ ਦੁਵੱਲੇ ਵਪਾਰ ਅਤੇ ਆਵਾਜਾਈ ਨੂੰ ਬਿਹਤਰ ਬਣਾਉਣ ਦੇ ਮੰਤਵ ਨਾਲ ਹੀ ਅਟਾਰੀ ਸਰਹੱਦ ਵਿੱਚ 2012 ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਆਈਸੀਪੀ (ਸਗੰਠਿਤ ਚੈੱਕ ਪੋਸਟ) ਦਾ ਨਿਰਮਾਣ ਕੀਤਾ ਸੀ। ਲਗਭਗ 118 ਏਕੜ ਰਕਬੇ ਵਿੱਚ ਬਣੀ ਇਸ ਚੈੱਕ ਪੋਸਟ ’ਤੇ ਅਤਿ-ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ।
ਆਈਸੀਪੀ ਦੀ ਸਥਾਪਨਾ ਮਗਰੋਂ ਇਥੋਂ ਹੋਣ ਵਾਲਾ ਵਪਾਰ ਵਧਿਆ ਸੀ ਪਰ ਭਾਜਪਾ ਦੀ ਕੇਂਦਰ ਵਿੱਚ ਸਥਾਪਤ ਹੋਈ ਸਰਕਾਰ ਦੇ ਹੁੰਦਿਆਂ ਆਪਸੀ ਦੁਵੱਲੇ ਰਿਸ਼ਤਿਆਂ ਵਿੱਚ ਨਿਰੰਤਰ ਉਤਾਰ-ਚੜ੍ਹਾਅ ਆਉਂਦਾ ਰਿਹਾ ਹੈ ਅਤੇ ਇਸ ਨੇ ਵਪਾਰ ਨੂੰ ਵੀ ਪ੍ਰਭਾਵਿਤ ਕੀਤਾ ਹੈ। 2012-13 ਵਿੱਚ ਇਹ ਦੁਵੱਲਾ ਵਪਾਰ ਲਗਪਗ 4800 ਕਰੋੜ ਰੁਪਏ ਦਾ ਹੋਇਆ ਸੀ, ਜੋ 2013-14 ਵਿੱਚ ਵਧ ਕੇ 5443 ਕਰੋੜ ਰੁਪਏ ਦਾ ਹੋ ਗਿਆ। 2014 ਵਿੱਚ ਭਾਜਪਾ ਦੀ ਸਰਕਾਰ ਸਥਾਪਤ ਹੋਣ ਮਗਰੋਂ ਇਸ ਰਸਤੇ ਕੁੱਲ 4485 ਕਰੋੜ ਰੁਪਏ ਦਾ ਦੁਵੱਲਾ ਵਪਾਰ ਹੋਇਆ। 2015-16 ਵਿੱਚ ਦੁਵੱਲਾ ਵਪਾਰ ਕੁਝ ਘਟਿਆ ਅਤੇ ਕੁੱਲ ਵਪਾਰ 3748 ਕਰੋੜ ਰੁਪਏ ਦਾ ਹੋਇਆ। ਇਸੇ ਤਰ੍ਹਾਂ 2016-17 ਵਿੱਚ 3971 ਕਰੋੜ ਅਤੇ 2017-18 ਵਿੱਚ 4148 ਕਰੋੜ ਦਾ ਵਪਾਰ ਹੋਇਆ ਹੈ। 2018-19 ਵਿੱਚ ਇਹ ਵਪਾਰ 4354 ਕਰੋੜ ਰੁਪਏ ਦਾ ਸੀ ਪਰ 2019-20 ਵਿੱਚ ਇਹ ਵਪਾਰ ਹੁਣ ਤਕ ਸਿਰਫ 531 ਕਰੋੜ ਰੁਪਏ ਦਾ ਹੀ ਹੋਇਆ ਹੈ। ਪੁਲਵਾਮਾ ਹਮਲੇ ਮਗਰੋਂ ਦਰਾਮਦ ਉਤੇ ਵਾਧੂ ਟੈਕਸ ਲਾਉਣ ਕਾਰਨ ਦਰਾਮਦ ਸਿਰਫ਼ 369 ਕਰੋੜ ਰੁਪਏ ਦੀ ਹੋਈ ਹੈ ਜਦੋਂ ਕਿ ਪਿਛਲੇ ਵਰ੍ਹੇ ਇਹ ਦਰਾਮਦ 3627 ਕਰੋੜ ਰੁਪਏ ਦੀ ਸੀ। ਇਸੇ ਤਰ੍ਹਾਂ ਬਰਾਮਦ ਪਿਛਲੇ ਤਿੰਨ ਸਾਲਾਂ ਤੋਂ ਨਿਰੰਤਰ ਘੱਟ ਰਹੀ ਸੀ ਜੋ ਕਿ ਇਸ ਵਰ੍ਹੇ ਹੁਣ ਤਕ ਸਿਰਫ 162 ਕਰੋੜ ਰੁਪਏ ਦੀ ਹੀ ਹੋਈ ਹੈ, ਜਦੋਂ ਕਿ ਪਿਛਲੇ ਵਰ੍ਹੇ ਇਹ ਬਰਾਮਦ 726 ਕਰੋੜ ਰੁਪਏ ਦੀ ਸੀ। ਭਾਰਤ ਵੱਲੋਂ ਪਾਕਿਸਤਾਨ ਵਿੱਚ ਸੋਇਆਬੀਨ, ਸਬਜ਼ੀਆਂ, ਕਾਟਨ, ਚਿਕਨ ਫੀਡ, ਲਾਲ ਮਿਰਚ, ਆਟੋ-ਮੋਬਾਈਲ ਦੇ ਸਪੇਅਰ ਪਾਰਟ, ਪਲਾਸਟਿਕ ਦਾ ਦਾਣਾ ਤੇ ਹੋਰ ਵਸਤਾਂ ਭੇਜੀਆਂ ਜਾਦੀਆਂ ਸਨ ਜਦੋਂ ਕਿ ਪਾਕਿਸਤਾਨ ਵਾਲੇ ਪਾਸਿਉਂ ਸੀਮਿੰਟ, ਜਿਪਸਮ, ਛੁਹਾਰੇ, ਚੱਟਾਨੀ ਨਮਕ ਤੇ ਹੋਰ ਵਸਤਾਂ ਆ ਰਹੀਆਂ ਸਨ।
ਇਸ ਵਾਰ ਤਾਂ ਕਸ਼ਮੀਰ ਤੇ ਮਕਬੂਜਾ ਕਸ਼ਮੀਰ ਰਸਤੇ ਹੁੰਦਾ ਵਪਾਰ ਵੀ ਬੰਦ ਹੋ ਗਿਆ ਹੈ। ਵਾਹਗਾ ਸਰਹੱਦ ਰਾਹੀਂ ਵਪਾਰ ਪੂਰੀ ਤਰ੍ਹਾਂ ਠੱਪ ਹੋ ਚੁੱਕਾ ਹੈ। ਇਸ ਤਰ੍ਹਾਂ ਦੋਵਾਂ ਦੇਸ਼ਾਂ ਵਿਚਾਲੇ ਚਲਦੀ ਸਮਝੌਤਾ ਐਕਸਪ੍ਰੈੱਸ ਰੇਲਗੱਡੀ, ਦਿੱਲੀ-ਲਾਹੌਰ ਵਿਚਾਲੇ ਚੱਲਦੀ ਦੋਸਤੀ ਬੱਸ ਅਤੇ ਅੰਮ੍ਰਿਤਸਰ-ਲਾਹੌਰ ਤੇ ਨਨਕਾਣਾ ਸਾਹਿਬ ਵਿਚਾਲੇ ਚਲਦੀ ਪੰਜ-ਆਬ ਬੱਸ ਵੀ ਬੰਦ ਹੋ ਗਈ ਹੈ, ਜਿਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਲੋਕਾਂ ਦੀ ਆਵਾਜਾਈ ਵੀ ਬੰਦ ਹੋ ਗਈ ਹੈ। ਇਸ ਵਰ੍ਹੇ ਹੁਣ ਤਕ ਆਈਸੀਪੀ ਰਸਤੇ ਸਿਰਫ 13 ਹਜ਼ਾਰ ਲੋਕ ਹੀ ਦੋਵੇਂ ਪਾਸੇ ਆਏ ਤੇ ਗਏ ਹਨ, ਜਦੋਂ ਕਿ ਪਿਛਲੇ ਵਰ੍ਹੇ ਇਹ ਗਿਣਤੀ 77 ਹਜ਼ਾਰ ਸੀ। ਦੋਵਾਂ ਮੁਲਕਾਂ ਵਿੱਚ ਵਧ ਰਹੀ ਆਪਸੀ ਕੁੜੱਤਣ ਕਾਰਨ ਭਾਰਤ ਦਾ ਪਾਕਿ ਰਸਤੇ ਅਫਗਾਨਿਸਤਾਨ ਨਾਲ ਹੁੰਦਾ ਵਪਾਰ ਵੀ ਪ੍ਰਭਾਵਿਤ ਹੋਣ ਦੇ ਆਸਾਰ ਹਨ।
ਅਰਥਸ਼ਾਸਤਰੀ ਪ੍ਰੋ. ਰਣਜੀਤ ਸਿੰਘ ਘੁੰਮਣ ਦਾ ਕਹਿਣਾ ਹੈ ਕਿ ਵਪਾਰ ਬੰਦ ਹੋਣ ਦਾ ਸਭ ਤੋਂ ਵੱਡਾ ਨੁਕਸਾਨ ਪੰਜਾਬ ਨੂੰ ਹੁੰਦਾ ਹੈ। 1947 ਵਿੱਚ ਵੀ ਸਭ ਤੋਂ ਵੱਧ ਸੰਤਾਪ ਪੰਜਾਬ ਨੇ ਹੀ ਭੋਗਿਆ ਸੀ ਅਤੇ ਇਹ ਲਗਾਤਾਰ ਜਾਰੀ ਹੈ। ਉਨ੍ਹਾਂ ਦੋਵੇਂ ਦੇਸ਼ਾਂ ਦੇ ਵਪਾਰ ਉੱਤੇ ਪੀਐਚਡੀ ਕੀਤੀ ਹੋਈ ਹੈ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਦਰਮਿਆਨ 1965 ਤੋਂ 1974 ਤੱਕ ਵਪਾਰ ਬੰਦ ਰਿਹਾ ਸੀ। ਦੁਨੀਆਂ ਵਿੱਚ ਹੋਰ ਕਿਤੇ ਇਸ ਤਰ੍ਹਾਂ ਵਪਾਰ ਬੰਦ ਨਹੀਂ ਕੀਤਾ ਜਾਂਦਾ।

**ਵਪਾਰੀ ਜੰਗ ਨਹੀਂ ਚਾਹੁੰਦੇ-**
ਡਰਾਈ ਫਰੂਟ ਵਪਾਰੀਆਂ ਦੀ ਜਥੇਬੰਦੀ ਦੇ ਆਗੂ ਅਨਿਲ ਮਹਿਰਾ ਨੇ ਦਸਿਆ ਕਿ ਉਹ ਪਾਕਿਸਤਾਨ ਤੋਂ ਛੁਹਾਰੇ, ਜਿਪਸਮ ਅਤੇ ਹੋਰ ਵਸਤਾਂ ਮੰਗਵਾ ਰਹੇ ਸਨ ਪਰ ਹੁਣ ਸਭ ਕੁਝ ਹੀ ਬੰਦ ਹੋ ਗਿਆ ਜਦੋਂ ਕਿ ਅਫਗਾਨਿਸਤਾਨ ਤੋਂ ਡਰਾਈ ਫਰੂਟ ਦਾ ਵਪਾਰ ਜਾਰੀ ਹੈ। ਉਨ੍ਹਾਂ ਕਿਹਾ ਕਿ ਦੁਵੱਲੇ ਵਪਾਰ ਦੇ ਬੰਦ ਹੋਣ ਨਾਲ ਦੋਵੇਂ ਪਾਸੇ ਵਪਾਰੀ ਵਰਗ ਪ੍ਰਭਾਵਿਤ ਹੋ ਰਿਹਾ ਹੈ। ਪੀਐੱਚਡੀ ਚੈਂਬਰ ਆਫ਼ ਕਾਮਰਸ ਦੇ ਆਗੂ ਆਰਐੱਸ ਸਚਦੇਵਾ ਨੇ ਆਖਿਆ ਕਿ ਵਪਾਰੀ ਵਰਗ ਕਦੇ ਵੀ ਜੰਗ ਨਹੀਂ ਚਾਹੁੰਦਾ ਹੈ ਪਰ ਦੋਵਾਂ ਦੇਸ਼ਾਂ ਦੇ ਵਿਗੜਦੇ ਰਿਸ਼ਤਿਆਂ ਕਾਰਨ ਸਮੁੱਚਾ ਵਪਾਰੀ ਵਰਗ ਚਿੰਤਾ ਵਿੱਚ ਹੈ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਨਾਲ ਵਧੇਰੇ ਪੰਜਾਬ ਦਾ ਵਪਾਰੀ ਪ੍ਰਭਾਵਿਤ ਹੋ ਰਿਹਾ ਹੈ। ਪੰਜਾਬ ਦੀ ਤਰੱਕੀ ਲਈ ਦੁਵੱਲਾ ਵਪਾਰ ਚੱਲਦਾ ਰਹਿਣਾ ਚਾਹੀਦਾ ਹੈ।



## ਕਰਤਾਰਪੁਰ ਲਾਂਘੇ ਦਾ ਕੰਮ ਜੰਗੀ ਪੱਧਰ ’ਤੇ ਜਾਰੀ

ਗੁਰੂ ਨਾਨਕ ਦੇਵ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਨਵੰਬਰ ਵਿਚ ਮਨਾਉਣ ਲਈ ਕੌਮਾਂਤਰੀ ਸੀਮਾ ਡੇਰਾ ਬਾਬਾ ਨਾਨਕ ਨੇੜੇ ਕਰਤਾਰਪੁਰ ਲਾਂਘੇ ਦਾ ਕੰਮ ਜੰਗੀ ਪੱਧਰ ’ਤੇ ਚੱਲ ਰਿਹਾ ਹੈ। ਉਂਜ ਸਿਆਸੀ ਆਗੂਆਂ ਅਤੇ ਨਿਰਮਾਣ ਕੰਪਨੀਆਂ ਦੇ ਉੱਚ ਅਹੁਦੇਦਾਰਾਂ ਵੱਲੋਂ ਇਹ ਕਾਰਜ 31 ਅਕਤੂਬਰ ਤਕ ਸੰਪੂਰਨ ਕਰਨ ਦੇ ਦਾਅਵੇ ਅਤੇ ਵਾਅਦੇ ਕੀਤੇ ਜਾ ਰਹੇ ਹਨ। ਪਾਕਿ ਤੋਂ ਪੰਜ ਮਹੀਨੇ ਪਛੜ ਕੇ ਭਾਰਤੀ ਖੇਤਰ ਵਿਚ ਸ਼ੁਰੂ ਹੋਇਆ ਲਾਂਘੇ ਦਾ ਕੰਮ 65 ਫ਼ੀਸਦੀ ਮੁਕੰਮਲ ਕਰ ਲਿਆ ਗਿਆ ਹੈ, ਜਦੋਂਕਿ ਪਾਕਿਸਤਾਨ ਵਿਚ ਲਾਂਘੇ ਦਾ ਕੰਮ ਲਗਪਗ 90 ਫ਼ੀਸਦ ਹੋ ਗਿਆ ਹੈ। ਇਧਰ, ਮੌਨਸੂਨ ਕਾਰਨ ਵੀ ਕੰਮ ਕੁਝ ਮੱਠਾ ਰਿਹਾ, ਜਿਸ ਵਿਚ ਆਉਂਦੇ ਦਿਨਾਂ ਵਿਚ ਤੇਜ਼ੀ ਆ ਸਕਦੀ ਹੈ। ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਵਿਚ ਧਾਰਾ 370 ਤੇ 35ਏ ਨੂੰ ਹਟਾਏ ਜਾਣ ਮਗਰੋਂ ਦੋਵਾਂ ਦੇਸ਼ਾਂ ਵਿਚ ਮਾਹੌਲ ਤਣਾਅਪੂਰਨ ਬਣਨ ਦੇ ਬਾਵਜੂਦ ਪਾਕਿਸਤਾਨ ਸਰਕਾਰ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਨਿਰਮਾਣ ਕਾਰਜ ਚਾਲੂ ਰੱਖਣਾ, ਦੇਸ਼ ਵਿਦੇਸ਼ ਵਿਚ ਵਸਦੀਆਂ ਸੰਗਤਾਂ ਨੂੰ ਸੁਖਦ ਸੁਨੇਹਾ ਦੇਣ ਵਾਲੀ ਗੱਲ ਹੈ। ਹਲਕਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਲਾਂਘੇ ਨੂੰ 31 ਅਕਤੂਬਰ ਤਕ ਮੁਕੰਮਲ ਕਰ ਲਿਆ ਜਾਵੇਗਾ। ਇੱਥੋਂ ਦੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਦਾ ਕਹਿਣਾ ਹੈ ਕਿ ਦੋਵਾਂ ਦੇਸ਼ਾਂ ਵਿਚ ਵਧਦੀ ਕੁੜੱਤਣ ਕਾਰਨ ਜੇ ਲਾਂਘੇ ਦੇ ਕੰਮ ’ਤੇ ਅਸਰ ਪੈਂਦਾ ਹੈ ਤਾਂ ਇਸ ਲਈ ਕੇਂਦਰ ਸਰਕਾਰ ਹੀ ਜ਼ਿੰਮੇਵਾਰ ਹੋਵੇਗੀ।



# ਪੰਜਾਬ ਦਾ ਖ਼ਜ਼ਾਨਾ ਖਾਲੀ ਕਰਨ ਵਾਲੇ ਬਾਦਲ ਦਲ ਦਾ ਖ਼ਜ਼ਾਨਾ ਵੀ ਹੋਇਆ ਖਾਲੀ

✪ ਬਾਹਰੋਂ ਚੰਦਾ ਮਿਲਣਾ ਬੰਦ

**ਬਠਿੰਡਾ/ਏਟੀ ਨਿਊਜ਼ :**
ਆਰਥਿਕ ਸੰਕਟ ਦਾ ਸ਼ਿਕਾਰ ਸ਼੍ਰੋਮਣੀ ਅਕਾਲੀ ਦਲ ਨੂੰ ਬਾਹਰੋਂ ਚੰਦਾ ਨਹੀਂ ਮਿਲ ਰਿਹਾ ਹੈ। ਰੌਚਕ ਗੱਲ ਇਹ ਹੈ ਕਿ ਬਾਦਲ ਪਰਿਵਾਰ ਦੀ ਡੱਬਵਾਲੀ ਟਰਾਂਸਪੋਰਟ ਤੇ ਔਰਬਿਟ ਰਿਜ਼ੌਰਟ ਕੰਪਨੀ ਵੱਲੋਂ ਅਕਾਲੀ ਦਲ ਨੂੰ ਇੱਕ ਹੱਥ ਚੰਦਾ ਦਿੱਤਾ ਜਾ ਰਿਹਾ ਹੈ ਤੇ ਦੂਜੇ ਬੰਨੇ ਔਰਬਿਟ ਏਵੀਏਸ਼ਨ ਨੂੰ ਅਕਾਲੀ ਦਲ ਕਰੋੜਾਂ ਦਾ ਕਿਰਾਇਆ ਤਾਰ ਰਿਹਾ ਹੈ। ਦੱਸਣਯੋਗ ਹੈ ਕਿ ਕੰਪਨੀਜ਼ ਐਕਟ 2013 ਤਹਿਤ ਜੋ ਕੰਪਨੀ ਸਿਆਸੀ ਧਿਰਾਂ ਨੂੰ ਚੰਦਾ ਦਿੰਦੀ ਹੈ, ਉਸ ਨੂੰ ਆਮਦਨ ਕਰ ਤੋਂ ਛੋਟ ਮਿਲ ਜਾਂਦੀ ਹੈ। ਬਾਦਲ ਦਲ ਵੱਲੋਂ ਚੋਣ ਕਮਿਸ਼ਨ ਨੂੰ ਜੋ ਸੂਚਨਾ ਭੇਜੀ ਹੈ, ਉਸ ਅਨੁਸਾਰ ਸਾਲ 2018-19 ਵਿਚ ਅਕਾਲੀ ਦਲ ਨੂੰ 1.75 ਕਰੋੜ ਚੰਦੇ ਵਜੋਂ ਪ੍ਰਾਪਤ ਹੋਏ ਹਨ, ਜਿਸ ਵਿਚੋਂ ਪੰਜਾਹ ਫੀਸਦੀ ਤੋਂ ਵੱਧ ਦਾਨ ਬਾਦਲ ਪਰਿਵਾਰ ਵੱਲੋਂ ਦਿੱਤਾ ਗਿਆ ਹੈ। ਮੈਸਰਜ਼ ਡੱਬਵਾਲੀ ਟਰਾਂਸਪੋਰਟ ਦੇ ਡਾਇਰੈਕਟਰ ਲਖਵੀਰ ਸਿੰਘ ਨੇ ਅਕਾਲੀ ਦਲ ਨੂੰ 45 ਲੱਖ ਰੁਪਏ ਅਤੇ ਔਰਬਿਟ ਰਿਜ਼ੌਰਟ ਪ੍ਰਾਈਵੇਟ ਲਿਮਟਿਡ ਗੁੜਗਾਓਂ ਦੇ ਐੱਮ.ਡੀ ਲਖਵੀਰ ਸਿੰਘ ਨੇ 59 ਲੱਖ ਰੁਪਏ ਚੰਦੇ ਵਜੋਂ ਦਿੱਤੇ ਹਨ।

ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਪਾਰਟੀ ਨੂੰ 5.60 ਲੱਖ ਰੁਪਏ ਦਿੱਤੇ ਹਨ ਜਦੋਂ ਕਿ ਸਾਬਕਾ ਮੁੱਖ ਮੰਤਰੀ ਬਾਦਲ ਨੇ 60 ਹਜ਼ਾਰ



ਦਾ ਪਾਰਟੀ ਨੂੰ ਦਾਨ ਦਿੱਤਾ ਹੈ। ਵੇਰਵਿਆਂ ਅਨੁਸਾਰ ਪਾਰਟੀ ਦੇ ਪ੍ਰਧਾਨ ਸੁਖਬੀਰ ਨੇ ਵੀ 60 ਹਜ਼ਾਰ ਅਤੇ ਬਿਕਰਮ ਮਜੀਠੀਆ ਨੇ ਵੀ 60 ਹਜ਼ਾਰ ਚੰਦੇ ਵਜੋਂ ਪਾਰਟੀ ਨੂੰ ਦਿੱਤੇ ਹਨ। ਬਰਨਾਲਾ ਦੇ ਰੁਪਿੰਦਰ ਨੇ 6 ਲੱਖ ਦਿੱਤੇ ਹਨ ਜਦੋਂ ਕਿ ਸਾਬਕਾ ਮੰਤਰੀ ਜਨਮੇਜਾ ਸੇਖੋਂ ਨੇ ਇੱਕ ਲੱਖ ਰੁਪਏ ਦਾ ਚੰਦਾ ਦਿੱਤਾ ਹੈ।

ਅਕਾਲੀ ਦਲ ਨੂੰ ਹਕੂਮਤ ਦੇ ਆਖਰੀ ਵਰ੍ਹੇ ਸਾਲ 2016-17 ਵਿਚ 115 ਲੋਕਾਂ ਤੇ ਕੰਪਨੀਆਂ ਤੋਂ 15.45 ਕਰੋੜ ਦਾ ਚੰਦਾ ਪ੍ਰਾਪਤ ਹੋਇਆ ਸੀ ਅਤੇ ਸਾਲ 2009-10 ਵਿਚ ਪਾਰਟੀ ਨੂੰ 7.14 ਕਰੋੜ ਦਾ ਚੰਦਾ ਮਿਲਿਆ ਸੀ। ਹਕੂਮਤ ਸਮੇਂ ਤਾਂ ਅਕਾਲੀ ਦਲ ਨੂੰ ਸ਼ਰਾਬ ਕੰਪਨੀਆਂ ਅਤੇ ਰੀਅਲ ਅਸਟੇਟ ਕੰਪਨੀਆਂ ਤੋਂ ਮੋਟਾ ਗੱਫਾ ਮਿਲ ਜਾਂਦਾ ਸੀ। ਅਕਾਲੀ ਦਲ ਨੂੰ ਸਾਲ 2017-18 ਵਿਚ 3.91 ਕਰੋੜ ਦੀ ਆਮਦਨ ਹੋਈ ਸੀ ਅਤੇ ਇਕੱਲੀ ਭਰਤੀ ਮੁਹਿੰਮ ਤੋਂ 1.06 ਕਰੋੜ ਰੁਪਏ ਕਮਾ ਲਏ ਸਨ। ਹੁਣ ਅਕਾਲੀ ਦਲ ਨੂੰ ਬਾਹਰੋਂ ਮਿਲਣ ਵਾਲਾ ਚੰਦਾ ਘੱਟ ਗਿਆ ਹੈ ਅਤੇ ਬਾਦਲ ਪਰਿਵਾਰ ਦੀਆਂ ਕੰਪਨੀਆਂ ਹੀ ਚੰਦਾ ਦੇਣ ਲਈ ਮੋਹਰੀ ਬਣੀਆਂ ਹਨ। ਨਜ਼ਰ ਮਾਰੀਏ ਤਾਂ ਸਾਲ ਪੰਜਾਬ ਚੋਣਾਂ 2017 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਔਰਬਿਟ ਏਵੀਏਸ਼ਨ ਦਾ ਹੈਲੀਕਾਪਟਰ ਵਰਤਿਆ ਸੀ ਜਿਸ ਦੇ 1.37 ਕਰੋੜ ਦਲ ਨੇ ਤਾਰੇ ਸਨ। ਸਾਲ 2017-18 ਦੀ ਆਡਿਟ ਰਿਪੋਰਟ ਅਨੁਸਾਰ ਬਾਦਲ ਦਲ 1.87 ਕਰੋੜ ਦਾ ਕਰਜ਼ਦਾਰ ਇਕੱਲੀ ਔਰਬਿਟ ਏਵੀਏਸ਼ਨ ਦਾ ਸੀ ਅਤੇ ਪੀ.ਟੀ.ਸੀ ਦੇ ਵੀ ਦਲ ਵੱਲ 57.50 ਲੱਖ ਖੜ੍ਹੇ ਸਨ। ਬਾਦਲ ਦਲ ਦੇ ਖ਼ਜ਼ਾਨਚੀ ਅਤੇ ਵਿਧਾਇਕ ਐਨ.ਕੇ.ਸ਼ਰਮਾ ਦਾ ਕਹਿਣਾ ਸੀ ਕਿ ਪਾਰਟੀ ਤਰਫ਼ੋਂ ਹੁਣ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਹੈ ਅਤੇ ਮੈਂਬਰਸ਼ਿਪ ਫੀਸ 5 ਰੁਪਏ ਤੋਂ ਵਧਾ ਕੇ ਐਤਕੀਂ 10 ਰੁਪਏ ਕਰ ਦਿੱਤੀ ਹੈ ਜਿਸ ਨਾਲ ਦਲ ਕੋਲ ਕਾਫ਼ੀ ਪੈਸਾ ਆ ਜਾਵੇਗਾ।

## ਤਿੰਨ ਭੈਣਾਂ ਦੇ ਇਕਲੌਤੇ ਭਰਾ ਦੀ ਸ਼ਰਾਬ ਨਾਲ ਮੌਤ

**ਭੁੱਚੋ ਮੰਡੀ//ਏਟੀ ਨਿਊਜ਼ :** ਪਿੰਡ ਲਹਿਰਾ ਮੁਹੱਬਤ ਦੇ ਨੌਜਵਾਨ ਰਘਵੀਰ ਸਿੰਘ (28) ਦੀ ਨਸ਼ੇ ਕਾਰਨ ਬੀਤੇ ਦਿਨੀਂ ਮੌਤ ਹੋ ਗਈ। ਉਸ ਦੀ ਦੇਹ ਥਰਮਲ ਪਲਾਂਟ ਨੇੜੇ ਖੇਤਾਂ ਵਿਚ ਪਈ ਮਿਲੀ ਹੈ। ਮ੍ਰਿਤਕ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ। ਜੀਐਚਟੀਪੀ ਕੰਟਰੈਕਟ ਵਰਕਰਜ਼ ਯੂਨੀਅਨ, ਲਹਿਰਾ ਮੁਹੱਬਤ ਦੇ ਜਨਰਲ ਸਕੱਤਰ ਜਗਸੀਰ ਸਿੰਘ ਭੰਗੂ ਨੇ ਦੱਸਿਆ ਕਿ ਰਘਵੀਰ ਥਰਮਲ ਪਲਾਂਟ ਦੇ ਡੀਐਮ ਪਲਾਂਟ ਵਿਚ ਕੱਚਾ ਮੁਲਾਜ਼ਮ ਸੀ। ਉਸ ਦਾ ਛੇ ਕੁ ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ ਅਤੇ ਨਸ਼ੇ ਦਾ ਆਦੀ ਹੋਣ ਕਾਰਨ ਸਹੁਰਾ ਪਰਿਵਾਰ ਰਿਸ਼ਤਾ ਤੋੜ ਕੇ ਲੜਕੀ ਨੂੰ ਨਾਲ ਲੈ ਗਿਆ ਸੀ। ਉਸ ਤੋਂ ਬਾਅਦ ਉਹ ਜ਼ਿਆਦਾ ਸ਼ਰਾਬ ਪੀ ਰਿਹਾ ਸੀ। ਪਿਤਾ ਜਗਸੀਰ ਸਿੰਘ ਨੇ ਕਿਹਾ ਕਿ ਪਤਨੀ ਨਾਲ ਤਲਾਕ ਤੋਂ ਬਾਅਦ ਉਹ ਪ੍ਰੇਸ਼ਾਨ ਸੀ ਅਤੇ ਸ਼ੁੱਕਰਵਾਰ ਦੁਪਹਿਰੇ ਘਰੋਂ ਚਲਾ ਗਿਆ ਤੇ ਸ਼ਨਿਚਰਵਾਰ ਸਵੇਰੇ ਖੇਤਾਂ ਵਿੱਚੋਂ ਲਾਸ਼ ਮਿਲੀ ਹੈ।

## ਕੈਨੇਡਾ 'ਚ ਘਰਾਂ ਅੰਦਰ ਸ਼ਰਾਬ ਕੱਢਣ ਵਾਲੇ ਪੰਜਾਬੀਆਂ ਦੀ ਚਰਚਾ

**ਟੋਰਾਂਟੋ/ਏਟੀ ਨਿਊਜ਼ :** ਬੀਤੇ ਮੰਗਲਵਾਰ ਨੂੰ ਬਰੈਂਪਟਨ ਵਿਖੇ ਇਕ ਘਰ ਅੰਦਰ ਚਲਦੀ ਨਾਜਾਇਜ਼ 'ਸ਼ਰਾਬ ਦੀ ਭੱਠੀ' ਵਿਚ ਜਬਰਦਸਤ ਧਮਾਕਾ ਹੋਣ ਕਾਰਨ ਪੂਰਾ ਘਰ ਤਬਾਹ ਹੋ ਗਿਆ ਸੀ। ਇਸ ਘਟਨਾ ਵਿਚ ਸੇਕ ਤੇ ਧੂੰਏ ਨਾਲ ਘਰ ਅੰਦਰ ਮੌਜੂਦ ਪੰਜਾਬੀ ਪਰਿਵਾਰ ਦੀ 1 ਸਾਲ ਦੀ ਬੱਚੀ ਸਮੇਤ ਚਾਰ ਜੀਅ ਫੱਟੜ ਹੋ ਗਏ ਤੇ ਨੇੜਲੇ ਹੋਰ ਘਰਾਂ ਦਾ ਵੀ ਨੁਕਸਾਨ ਹੋਇਆ। ਪੁਲਿਸ ਨੇ ਇਸ ਮਾਮਲੇ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਘਰ ਦੇ ਹੇਠਾਂ ਬੇਸਮੈਂਟ ਵਿਚ ਦੇਸੀ ਸ਼ਰਾਬ ਕੱਢਣ ਦਾ ਜੁਗਾੜ ਲਗਾਇਆ ਗਿਆ ਸੀ। ਉਪਰੰਤ ਘਰ ਦੇ ਮੁਖੀ 57 ਸਾਲ ਦੇ ਪੰਜਾਬੀ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਅਗਜ਼ਨੀ ਦਾ ਕੇਸ ਦਰਜ ਕੀਤਾ ਗਿਆ ਹੈ। ਇਹ ਪਰਿਵਾਰ ਘਰ ਵਿਚ ਕਿਰਾਏਦਾਰ ਹੈ। ਕੈਨੇਡਾ ਵਿਚ ਦੇਸੀ ਸ਼ਰਾਬ ਕੱਢਣ ਦਾ ਜੁਗਾੜ ਆਮ ਗੱਲ ਹੋ ਚੁੱਕੀ ਹੈ ਪਰ ਪੁਲਿਸ ਅਨੁਸਾਰ ਘਰਾਂ ਅੰਦਰ ਅਜਿਹਾ ਕਰਨਾ ਗੈਰ-ਕਾਨੂੰਨੀ ਹੈ।

# ਖਾਲਿਸਤਾਨ ਦੀ ਹਮਾਇਤ ਦੇ ਦੋਸ਼ 'ਚ ਮਲੇਸ਼ੀਆ ਤੋਂ ਡਿਪੋਰਟ ਕਰਕੇ ਭਾਰਤ ਭੇਜੀ ਸਿੱਖ ਬੀਬੀ ਹਿਰਾਸਤ ਵਿਚ

**ਬਟਾਲਾ/ਏਟੀ ਨਿਊਜ਼ :**
ਪਿਛਲੇ ਦਿਨੀਂ ਮਲੇਸ਼ੀਆ ਤੋਂ ਡਿਪੋਰਟ ਕਰਕੇ ਭਾਰਤ ਵਾਪਸ ਭੇਜੀ ਗਈ ਖਾਲਿਸਤਾਨ ਪੱਖੀ ਅਤੇ ਕੁਝ ਸਿੱਖ ਨੌਜਵਾਨਾਂ ਨੂੰ ਫੰਡ ਮੁਹੱਈਆ ਕਰਵਾਉਣ ਦੇ ਦੋਸ਼ਾਂ ਵਾਲੀ ਸਿੱਖ ਬੀਬੀ ਕੁਲਬੀਰ ਕੌਰ ਵਾਸੀ ਜ਼ਿਲ੍ਹਾ ਬਰਨਾਲਾ ਨੂੰ ਬਟਾਲਾ ਪੁਲੀਸ ਵੱਲੋਂ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰਕੇ ਬਟਾਲਾ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਦਾ ਛੇ ਦਿਨ ਦਾ ਪੁਲੀਸ ਰਿਮਾਂਡ ਮਿਲਿਆ। ਬਟਾਲਾ ਪੁਲੀਸ ਦੇ ਅਧਿਕਾਰੀ ਇਹੀ ਕਹਿ ਰਹੇ ਹਨ ਕਿ ਪੁੱਛਗਿੱਛ ਜਾਰੀ ਹੈ ਪਰ ਕੀ ਖੁਲਾਸੇ ਹੋਏ ਜਾਂ ਕੀਤੇ ਇਸ ਬਾਰੇ ਕੋਈ ਵੀ ਅਧਿਕਾਰੀ ਸਪੱਸ਼ਟ ਤੌਰ 'ਤੇ ਦੱਸਣ ਲਈ ਤਿਆਰ ਨਹੀਂ। ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ ਖਾਲਿਸਤਾਨ ਦੇ ਨਾਮ 'ਤੇ ਝੂਠੇ ਕੇਸ ਪਾਏ ਜਾ ਰਹੇ ਹਨ। ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਦਾ ਕਹਿਣਾ ਹੈ ਕਿ ਜਦ ਸੰਵਿਧਾਨ ਨਾਗਰਿਕ ਨੂੰ ਬੋਲਣ ਤੇ ਪ੍ਰਗਟਾਵੇ ਦੀ ਅਜ਼ਾਦੀ ਦਿੰਦਾ ਹੈ ਤੇ ਸੁਪਰੀਮ ਕੋਰਟ ਨੇ ਅਜਿਹੀ ਕੋਈ ਰੋਕ ਨਹੀਂ ਲਗਾਈ ਤਾਂ ਪ੍ਰਸ਼ਾਸ਼ਣ ਕਾਨੂੰਨ ਤੋਂ ਉਲਟ ਕਿਉਂ ਚਲ ਰਿਹਾ ਹੈ।

## ਕਿੱਥੋਂ ਦੀ ਹੈ ਕੁਲਬੀਰ ਕੌਰ

ਕੁਲਬੀਰ ਕੌਰ ਦਾ ਪੇਕਾ ਘਰ ਪਿੰਡ ਜ਼ਿਲ੍ਹਾ ਬਰਨਾਲਾ ਅਧੀਨ ਆਉਂਦੇ ਪਿੰਡ ਮੂੰਮ ਵਿਖੇ ਹੈ। ਪਿੰਡ ਵਾਸੀਆਂ ਮੁਤਾਬਿਕ ਕੁਲਬੀਰ ਕੌਰ ਦੇ ਪਿਤਾ ਗੁਰਬਖ਼ਸ਼ ਸਿੰਘ ਦੀ ਕਰੀਬ 9 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ। ਮਾਤਾ ਮਨਜੀਤ ਕੌਰ ਅਤੇ ਭਰਾ ਜਗਸੀਰ ਸਿੰਘ ਨੇ ਦੱਸਿਆ ਕਿ ਪਿਛਲੇ 20 ਤੋਂ 22 ਸਾਲ ਪਹਿਲਾਂ ਕੁਲਬੀਰ ਕੌਰ ਭਾਰਤ ਤੋਂ ਮਲੇਸ਼ੀਆ ਚਲੀ ਗਈ ਸੀ, ਜਿੱਥੇ ਉਸ ਵਲੋਂ ਸ਼ਾਦੀ ਕਰਵਾ ਲਈ ਗਈ। ਜਗਸੀਰ ਸਿੰਘ ਨੇ ਦੱਸਿਆ ਕਿ ਹੁਣ ਕੁਲਬੀਰ ਕੌਰ ਦਾ ਦੂਸਰਾ ਵਿਆਹ ਮਲੇਸ਼ੀਆ ਵਿਚ ਕੀਤਾ ਹੋਇਆ ਹੈ ਤੇ ਸਹੁਰਾ ਪਰਿਵਾਰ ਜ਼ਿਲ੍ਹਾ ਜਲੰਧਰ ਨਾਲ ਸਬੰਧਿਤ ਹੈ। ਮਾਤਾ ਮਨਜੀਤ ਕੌਰ ਨੇ ਦੱਸਿਆ ਕਿ ਕੁਲਬੀਰ ਕੌਰ ਵਲੋਂ ਖ਼ਾਲਿਸਤਾਨ ਪੱਖੀ ਹੋਣ ਦਾ ਭੇਤ ਉਸ ਨੂੰ ਕਦੇ ਵੀ ਨਹੀਂ ਦਿੱਤਾ। ਮਾਤਾ ਮਨਜੀਤ ਕੌਰ ਨੇ ਦੱਸਿਆ ਕਿ ਕੁਲਬੀਰ ਕੌਰ ਕਈ ਸਾਲ ਪਹਿਲਾਂ ਆਪਣੇ ਲੜਕੇ ਰੁਪਿੰਦਰ ਸਿੰਘ ਨੂੰ ਪਿੰਡ ਮੂੰਮ ਵਿਖੇ ਛੱਡਣ ਤੋਂ ਬਾਅਦ ਮੁੜ ਪੰਜਾਬ ਉਨ੍ਹਾਂ ਦੇ ਘਰ ਨਹੀਂ ਆਈ। ਉਸ ਸਮੇਂ ਰੁਪਿੰਦਰ ਸਿੰਘ ਦੀ ਉਮਰ ਕਰੀਬ 6 ਮਹੀਨੇ ਦੀ ਸੀ। ਕੁਲਬੀਰ ਕੌਰ ਦਾ ਵੱਡਾ ਲੜਕਾ ਰੁਪਿੰਦਰ ਸਿੰਘ, ਜਿਸ ਦੀ ਉਮਰ ਹੁਣ ਕਰੀਬ 10 ਸਾਲ ਦੱਸੀ ਜਾ ਰਹੀ ਹੈ, ਪਿੰਡ ਮੂੰਮ ਦੇ ਇਕ ਨਿੱਜੀ ਸਕੂਲ ਤੋਂ ਵਿੱਦਿਆ ਪ੍ਰਾਪਤ ਕਰ ਰਿਹਾ ਹੈ। ਮਲੇਸ਼ੀਆ ਤੋਂ ਕੁਲਬੀਰ ਕੌਰ ਦੇ ਨਾਲ ਆਇਆ 5 ਸਾਲਾ ਬੱਚਾ ਜਿਸ ਦਾ ਨਾਂਅ ਪਰਿਵਾਰ ਵਲੋਂ ਦਿਲਜੋਤ ਸਿੰਘ ਦੱਸਿਆ ਜਾ ਰਿਹਾ ਹੈ, ਦੀ ਸਾਂਭ ਸੰਭਾਲ ਹੁਣ ਕਾਨੂੰਨ ਅਨੁਸਾਰ ਆਸ਼ਰਮ ਵਲੋਂ ਕੀਤੀ ਜਾ ਰਹੀ ਹੈ।

# ਚੰਡੀਗੜ੍ਹ ਵਿਚ ਸਕੀਆਂ ਭੈਣਾਂ ਦਾ ਕਤਲ ਕਰਨ ਵਾਲਾ ਪ੍ਰੇਮੀ ਗ੍ਰਿਫ਼ਤਾਰ

✪ *ਪ੍ਰੇਮੀ ਆਪਣੀ ਪ੍ਰੇਮਿਕਾ 'ਤੇ ਕਰਦਾ ਸੀ ਸ਼ੱਕ*

✪ *ਪੁਲੀਸ ਨੇ ਦਿੱਲੀ ਤੋਂ ਕੀਤਾ ਗ੍ਰਿਫ਼ਤਾਰ*

**ਚੰਡੀਗੜ੍ਹ/ਏਟੀ ਨਿਊਜ਼ :** 15 ਅਗਸਤ ਦੀ ਸਵੇਰ ਸੈਕਟਰ 22 ਵਿਚ ਦੋ ਭੈਣਾਂ ਦੀ ਹੋਈ ਹੱਤਿਆ ਦੇ ਮਾਮਲੇ ਵਿਚ ਪੁਲਿਸ ਨੇ ਮੁਲਜ਼ਮ ਕੁਲਦੀਪ ਸਿੰਘ ਜ਼ੀਰਕਪੁਰ (30) ਜੋ ਚੰਡੀਗੜ੍ਹ ਪੁਲਿਸ ਤੋਂ ਸੇਵਾਮੁਕਤ ਸਬ-ਇੰਸਪੈਕਟਰ ਦਾ ਲੜਕਾ ਹੈ, ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਵੇਂ ਭੈਣਾਂ ਮਨਪ੍ਰੀਤ ਕੌਰ ਅਤੇ ਰਾਜਵੰਤ ਕੌਰ ਜੋ ਪਿੰਡ ਬੱਲੂਆਣਾ ਅਬੋਹਰ ਜ਼ਿਲ੍ਹਾ ਫ਼ਾਜ਼ਿਲਕਾ ਨਿਵਾਸੀ ਸਨ, ਚੰਡੀਗੜ੍ਹ ਵਿਖੇ ਪੀ.ਜੀ. ਰਹਿੰਦੀਆਂ ਸਨ। ਇਸ ਸਬੰਧੀ ਐੱਸ.ਐੱਸ.ਪੀ. ਨਿਲਾਬਰੀ ਨੇ ਦੱਸਿਆ ਕਿ ਕੁਲਦੀਪ ਸਿੰਘ ਤੇ ਮਨਪ੍ਰੀਤ ਕੌਰ ਸਾਲ 2010 ਵਿਚ ਇਕ ਕੰਪਨੀ ਵਿਚ ਇਕੱਠੇ ਕੰਮ ਕਰਨ ਦੌਰਾਨ ਇਕ-ਦੂਜੇ ਨੂੰ ਮਿਲੇ ਸਨ ਤੇ ਦੋਵਾਂ ਵਿਚ ਚੰਗੀ ਦੋਸਤੀ ਸੀ। ਗੱਲ ਦੋਵਾਂ ਦੇ ਵਿਆਹ ਤੱਕ ਪਹੁੰਚ ਗਈ ਸੀ। ਛੇ ਮਹੀਨਿਆਂ ਤੋਂ ਮਨਪ੍ਰੀਤ ਕੌਰ ਤੇ ਕੁਲਦੀਪ ਦੇ ਆਪਸੀ ਸੰਬੰਧ ਖ਼ਰਾਬ ਸਨ। ਕੁਲਦੀਪ ਨੂੰ ਸ਼ੱਕ ਸੀ ਕਿ ਮਨਪ੍ਰੀਤ ਕਿਸੇ ਹੋਰ ਨਾਲ ਸੰਬੰਧ ਹਨ। 15 ਅਗਸਤ ਦੀ ਰਾਤ ਕੁਲਦੀਪ ਇਸ ਬਾਰੇ ਪਤਾ ਲਗਾਉਣ ਮਨਪ੍ਰੀਤ ਦੇ ਪੀ.ਜੀ. ਪਹੁੰਚਿਆ। ਇਸ ਦੌਰਾਨ ਮਨਪ੍ਰੀਤ ਤੇ ਰਾਜਵੰਤ ਸੁੱਤੀਆਂ ਹੋਈਆਂ ਸਨ। ਕੁਲਦੀਪ ਕੰਧ ਟੱਪ ਕੇ ਘਰ ਦੇ ਪਿਛਲੇ ਦਰਵਾਜ਼ੇ ਨੂੰ ਖੋਲ੍ਹ ਕੇ ਉਨ੍ਹਾਂ ਦੇ ਕਮਰੇ ਵਿਚ ਦਾਖਲ ਹੋ ਗਿਆ।

ਉਸ ਨੇ ਮਨਪ੍ਰੀਤ ਦੇ ਫ਼ੋਨ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ, ਜਿਸ ਲਈ ਉਸ ਨੇ ਸੁੱਤੀ ਹੋਈ ਮਨਪ੍ਰੀਤ ਦੀ ਉਂਗਲ ਮੋਬਾਈਲ ਫ਼ੋਨ 'ਤੇ ਲਗਾਈ



ਪਰ ਰੱਖੜੀ ਕਰਕੇ ਦੋਵੇਂ ਭੈਣਾਂ ਨੇ ਹੱਥਾਂ 'ਤੇ ਮਹਿੰਦੀ ਲਗਾ ਰੱਖੀ ਸੀ, ਜਿਸ ਕਾਰਨ ਉਹ ਕਾਮਯਾਬ ਨਹੀਂ ਹੋਇਆ। ਇਸ ਦੌਰਾਨ ਰਾਜਵੰਤ ਕੌਰ ਦੀ ਜਾਗ ਖੁੱਲ੍ਹ ਗਈ ਜਿਸ ਨੂੰ ਦੇਖ ਕੇ ਕੁਲਦੀਪ ਕਮਰੇ ਅੰਦਰ ਹੀ ਲੁਕ ਗਿਆ। ਕੁਲਦੀਪ ਨੇ ਦੁਬਾਰਾ ਫ਼ੋਨ ਖੋਲ੍ਹਣ ਦੀ ਕੋਸ਼ਿਸ਼ ਕੀਤੀ, ਜਿਸ ਦੌਰਾਨ ਮਨਪ੍ਰੀਤ ਵੀ ਉੱਠ ਗਈ। ਇਸ ਦੌਰਾਨ ਦੋਵਾਂ ਵਿਚ ਝੜਪ ਹੋਈ। ਕੁਲਦੀਪ ਨੇ ਰਸੋਈ ਵਿਚੋਂ ਕੋਈ ਚਾਕੂ ਲਿਆਂਦਾ ਤੇ ਉਸ ਨਾਲ ਮਨਪ੍ਰੀਤ 'ਤੇ ਹਮਲਾ ਕਰ ਦਿੱਤਾ। ਆਵਾਜ਼ ਸੁਣ ਕੇ ਰਾਜਵੰਤ ਵੀ ਮੌਕੇ 'ਤੇ ਪਹੁੰਚੀ ਤਾਂ ਕੁਲਦੀਪ ਨੇ ਉਸ 'ਤੇ ਵੀ ਹਮਲਾ ਕਰ ਦਿੱਤਾ ਤੇ ਚੁੰਨੀ ਨਾਲ ਦੋਵਾਂ ਭੈਣਾਂ ਦਾ ਗਲ਼ਾ ਵੀ ਘੁੱਟਿਆ। ਬਾਅਦ ਵਿਚ ਪੁਲੀਸ ਨੇ ਇਲਾਕੇ ਅੰਦਰ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਮੁਲਜ਼ਮ ਟਰੇਸ ਕਰ ਲਿਆ। ਪੁਲਿਸ ਟੀਮ ਨੇ ਕੁਲਦੀਪ ਸਿੰਘ ਦੀ ਲੋਕੇਸ਼ਨ ਦਾ ਪਤਾ ਲਗਾ ਕੇ ਉਸ ਨੂੰ ਦਿੱਲੀ ਰੇਲਵੇ ਸਟੇਸ਼ਨ ਨੇੜਿਓਂ ਗ੍ਰਿਫ਼ਤਾਰ ਕਰ ਲਿਆ।

# ਪੰਜਾਬੀ ਕਲਚਰਲ ਸੈਂਟਰ ਫਰਿਜ਼ਨੋਂ ਵਿਖੇ ਲਾਇਆ ਸਿਹਤ ਕੈਂਪ

## *ਕੁਦਰਤੀ ਢੰਗ ਨਾਲ ਰਿਸ਼ਟ-ਪੁਸ਼ਟ ਰਹਿਣ ਦੇ ਢੰਗ ਦੱਸੇ*

**ਫਰਿਜ਼ਨੋਂ/ਏਟੀ ਨਿਊਜ਼ :** ਪੰਜਾਬੀ ਕਲਚਰਲ ਸੈਂਟਰ ਫਰਿਜ਼ਨੋਂ ਵਿਖੇ ਲਾਏ ਸਿਹਤ ਕੈਂਪ 'ਚ ਭਾਗ ਲੈਣ ਵਾਲਿਆਂ ਨੂੰ ਠੀਕ ਖਾਣ-ਪੀਣ, ਕਸਰਤ ਅਤੇ ਚੰਗੀ ਜੀਵਨ ਜਾਚ ਸਬੰਧੀ ਬਹੁਮੁੱਲੀ ਜਾਣਕਾਰੀ ਦੇਣ ਤੋਂ ਇਲਾਵਾ ਕੁਦਰਤੀ ਢੰਗ ਨਾਲ ਰਿਸ਼ਟ-ਪੁਸ਼ਟ ਰਹਿਣ ਦੇ ਢੰਗ ਦੱਸੇ ਗਏ। ਇਸ ਕੈਂਪ ਲਈ ਚੰਗਾ ਉਤਸ਼ਾਹ ਵੇਖਣ ਨੂੰ ਮਿਲਿਆ। ਪੰਜਾਬੀ ਕਲਚਰਲ ਸੈਂਟਰ ਯੂਐੱਸਏ.ਅਤੇ ਪੰਜਾਬੀ ਰੇਡੀਓ ਯੂਐੱਸਏ. ਵਲੋਂ ਸਾਂਝੇ ਤੌਰ ਉੱਤੇ ਲੰਘੇ ਸ਼ਨਿਚਰਵਾਰ ਲਗਵਾਏ ਗਏ ਇਸ ਕੈਂਪ ਵਿੱਚ ਹਰਬਲ ਲਾਈਫ਼ ਸੰਸਥਾ ਦੇ ਸਰਗਰਮ ਮੈਂਬਰ ਸ. ਰਣਜੀਤ ਸਿੰਘ ਸੈਣੀ, ਉਨ੍ਹਾਂ ਦੀ ਜੀਵਨ ਸਾਥਣ ਸਿਮਰਨ ਕੌਰ ਸੈਣੀ ਅਤੇ ਭਰਾ ਪਰਮਜੀਤ ਸਿੰਘ ਨੇ ਆਪਣੀ ਸਹਿਯੋਗੀ ਟੀਮ ਨਾਲ ਕੈਂਪ ਵਿੱਚ ਪੁੱਜੇ ਸਭਨਾਂ ਵਿਅਕਤੀਆਂ ਦਾ ਕੰਪਿਊਟਰਾਈਜ਼ਡ ਵਿਧੀ ਰਾਹੀਂ ਮੁਆਇਨਾ ਕੀਤਾ। ਜਿਨ੍ਹਾਂ ਨੂੰ ਵੀ ਸਰੀਰਕ ਮੁਆਇਨੇ ਦੌਰਾਨ ਘੱਟ-ਵੱਧ ਭਾਰ, ਲੋੜੀਂਦੀ ਚੁਸਤੀ-ਫੁਰਤੀ ਦੀ ਘਾਟ, ਬਲੱਡ ਪ੍ਰੈਸ਼ਰ, ਸ਼ੂਗਰ, ਹਾਜ਼ਮਾ ਅਤੇ ਹੋਰ ਸਬੰਧਤ ਪੱਖਾਂ ਤੋਂ ਕੋਈ ਮੁਸ਼ਕਲ ਉਭਰ ਕੇ ਸਾਹਮਣੇ ਆਈ, ਉਨ੍ਹਾਂ ਨੂੰ ਕੁਦਰਤੀ ਜੜ੍ਹੀ ਬੂਟੀਆਂ ਤੋਂ ਤਿਆਰ ਦਵਾਈਆਂ ਦਿੱਤੀਆਂ ਗਈਆਂ। ਰਣਜੀਤ ਸਿੰਘ ਨੇ ਹਰਬਲ ਲਾਈਫ਼ ਵਿਧੀ ਦੀ ਮਹੱਤਤਾ ਉੱਤੇ ਜੋਰ ਦਿੰਦਿਆਂ ਕਿਹਾ ਕਿ ਕੁਦਰਤੀ ਢੰਗ ਵਾਲਾ ਇਹ ਇਲਾਜ ਸਸਤਾ ਅਤੇ ਇਸ ਦਾ ਅਸਰ ਚਿਰਸਥਾਈ ਹੈ।

ਵਰਨਣਯੋਗ ਹੈ ਕਿ ਰਣਜੀਤ ਸਿੰਘ ਸੈਣੀ ਪਿੱਛੋਂ ਪੰਜਾਬ ਦੇ ਹੁਸ਼ਿਆਰਪੁਰ ਸ਼ਹਿਰ ਨਾਲ ਸਬੰਧ ਰੱਖਦੇ ਹਨ, ਜਿੱਥੇ ਉਨ੍ਹਾਂ ਦੇ ਪਰਿਵਾਰ ਦਾ ਸਿੰਘਾਪੁਰ ਕਲਰ ਲੈੱਬ ਦੇ ਨਾਂਅ ਹੇਠ ਫੋਟੋਗਰਾਫ਼ੀ ਅਤੇ ਵੀਡੀਓਗਰਾਫ਼ੀ ਦਾ ਬੜਾ ਵੱਡਾ ਕਾਰੋਬਾਰ ਰਿਹਾ ਹੈ। ਉਹ ਪਿੱਛੇ ਜਿਹੇ ਹੀ ਫਰਿਜ਼ਨੋਂ ਰਹਿੰਦੇ ਪਰਿਵਾਰਕ ਮੈਂਬਰਾਂ ਨਾਲ ਪੱਕੇ ਤੌਰ ਉੱਤੇ ਅਮਰੀਕਾ ਰਹਿਣ ਲਈ ਪੁੱਜੇ ਹਨ। ਹੁਣ ਉਨ੍ਹਾਂ ਨੇ ਆਪਣੇ ਪਰਿਵਾਰ ਵਲੋਂ ਬਾਖੂਬੀ ਚਲਾਏ ਜਾ ਰਹੇ ਡੇਅ ਐਂਡ ਨਾਈਟ ਵੀਡੀਓ ਕਾਰੋਬਾਰ ਦੇ ਨਾਲ-ਨਾਲ ਹਰਬਲ ਲਾਈਫ਼ ਵਿਧੀ ਰਾਹੀਂ ਲੋਕਾਂ ਦਾ ਇਲਾਜ ਕਰਨ ਲਈ ਫਰਿਜ਼ਨੋਂ ਇਲਾਕੇ ਦੇ ਵੱਖ-ਵੱਖ ਗੁਰੂ ਘਰਾਂ ਤੋਂ ਇਲਾਵਾ ਹੋਰਨੀਂ ਥਾਈਂ ਵੀ ਕੈਂਪ ਲਾ ਕੇ ਕੁਦਰਤੀ ਇਲਾਜ ਪ੍ਰਣਾਈ ਰਾਹੀਂ ਲੋਕਾਂ ਦੀ ਸਹਾਇਤਾ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ।

ਕੈਂਪ ਮੌਕੇ ਬੋਲਦਿਆਂ ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਦੱਸਿਆ ਕਿ ਸੈਂਟਰ ਵਲੋਂ ਉਸਾਰੂ ਸਭਿਆਚਾਰਕ, ਸਾਹਿਤਕ ਤੇ ਸਮਾਜਕ ਪ੍ਰੋਗਰਾਮਾਂ ਦੇ ਨਾਲ-ਨਾਲ ਸੁਚੱਜੀ ਜੀਵਨ ਜਾਚ ਦੇ ਮੱਦੇਨਜ਼ਰ ਸਿਹਤ ਸਬੰਧੀ ਅਜਿਹੇ ਹੋਰ ਕੈਂਪ ਅਤੇ ਸੈਮੀਨਾਰ ਕਰਵਾਉਣ ਦਾ ਸਿਲਸਿਲਾ ਜਾਰੀ ਰੱਖਿਆ ਜਾਵੇਗਾ। ਕੈਂਪ ਦੀ ਕਾਮਯਾਬੀ ਲਈ ਯੋਗਦਾਨ ਪਾਉਣ ਵਾਲਿਆਂ ਵਿਚ ਪੰਜਾਬੀ ਰੇਡੀਓ ਯੂਐੱਸਏ. ਤੋਂ ਸਿਹਤ ਸਬੰਧੀ ਹਰਮਨ ਪਿਆਰੇ ਪ੍ਰੋਗਰਾਮ ਦੇ ਹੋਸਟ ਬੀਬੀ ਬਲਵਿੰਦਰ ਕੌਰ, ਜੋਤ ਰਣਜੀਤ ਅਤੇ ਸਦਾ ਸਹਿਯੋਗ ਦੇਣ ਵਾਲੇ ਇੰਦਰਜੀਤ ਸਿੰਘ ਬਰਾੜ ਸ਼ਾਮਲ ਸਨ।

## ਇੰਗਲੈਂਡ ਵਿਚ 'ਸਿੱਖ ਰਿਕਵਰੀ ਨੈੱਟਵਰਕ' ਸਮਾਜ ਸੇਵੀ ਸੰਸਥਾ ਵਜੋਂ ਰਜਿਸਟਰਡ

**ਲੰਡਨ/ਏਟੀ ਨਿਊਜ਼ :** ਯੂਕੇ ਵਿਚ ਸੰਸਥਾ 'ਸਿੱਖ ਰਿਕਵਰੀ ਨੈੱਟਵਰਕ' ਨੂੰ ਚੈਰਿਟੀ ਕਮਿਸ਼ਨ ਕੋਲ ਰਜਿਸਟਰਡ ਕਰਵਾ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਅਕਾਲੀ ਦਲ ਅੰਮ੍ਰਿਤਸਰ (ਯੂਕੇ) ਦੇ ਸਕੱਤਰ ਸ. ਜਸਵਿੰਦਰ ਸਿੰਘ ਰਾਏ ਲੰਬੇ ਸਮੇਂ ਤੋਂ ਇਹ ਸੰਸਥਾ ਬਣਾ ਕੇ ਨਸ਼ਾ ਛੁਡਾਊ ਮੁਹਿੰਮ ਚਲਾ ਰਹੇ ਹਨ ਅਤੇ ਕਾਫੀ ਸਫਲਤਾਵਾਂ ਹਾਸਲ ਕੀਤੀਆਂ ਹਨ। ਪਿੱਛੇ ਜਿਹੇ ਸ. ਜਸਵਿੰਦਰ ਸਿੰਘ ਰਾਏ ਯੂਐਨਓ ਅਮਰੀਕਾ ਵਿਖੇ ਇਕ ਸਮਾਗਮ ਵਿੱਚ ਵੀ ਵਿਚਾਰ ਪੇਸ਼ ਕਰਨ ਗਏ ਸਨ। ਚੈਰਿਟੀ ਵਜੋਂ ਰਜਿਸਟਰਡ ਹੋਣ ਨਾਲ ਜਿੱਥੇ ਸ. ਰਾਏ ਦੀ ਅਗਵਾਈ ਵਾਲੀ ਸੰਸਥਾ ਨੂੰ ਲਾਭ ਹੋਵੇਗਾ, ਉੱਥੇ ਉਨ੍ਹਾਂ ਦੀ ਪਾਰਟੀ ਵੀ ਮਾਣ ਮਹਿਸੂਸ ਕਰਦੀ ਹੈ। ਜ਼ਿਕਰਯੋਗ ਹੈ ਕਿ ਕੁਝ ਸਾਲ ਪਹਿਲਾਂ ਪਾਰਟੀ ਨੂੰ ਵੀ ਇੰਗਲੈਂਡ ਇਲੈਕਸ਼ਨ ਕਮਿਸ਼ਨ ਕੋਲ ਰਾਜਨੀਤਕ ਪਾਰਟੀ ਵਜੋਂ ਰਜਿਸਟਰਡ ਕਰਵਾਇਆ ਗਿਆ ਸੀ। ਅਕਾਲੀ ਦਲ ਅੰਮ੍ਰਿਤਸਰ (ਯੂਕੇ) ਨੇ ਇਸ ਮੌਕੇ ਕਿਹਾ ਹੈ ਕਿ ਅਸੀਂ ਜੂਨ 1984 ਦੇ ਘੱਲੂਘਾਰੇ ਉਪਰੰਤ ਡੈਮੋਕਰੇਟਿਕ ਢੰਗ ਨਾਲ ਇੰਗਲੈਂਡ ਦੇ ਕਨੂੰਨਾਂ ਦੀ ਪਾਲਣਾਂ ਕਰਦੇ ਹੋਏ ਪੰਥਕ ਖੇਤਰ ਵਿੱਚ ਵਿਚਰਦੇ ਆ ਰਹੇ ਹਾਂ ਅਤੇ ਨਿਮਾਣੇ ਸੇਵਾਦਾਰਾਂ ਵਜੋਂ ਤਿਲ ਫੁੱਲ ਸੇਵਾਵਾਂ ਨਿਭਾਉਂਦੇ ਰਹਾਂਗੇ। ਅਸੀਂ ਸਿਧਾਂਤਕ ਪੰਥਕ ਏਕਤਾ ਵਿੱਚ ਵਿਸ਼ਵਾਸ ਰੱਖਦੇ ਹਾਂ ਅਤੇ ਪੰਥਕ ਹਿੱਤਾਂ ਲਈ ਕਿਸੇ ਵੀ ਸੰਸਥਾ ਅਤੇ ਸ਼ਖਸ਼ੀਅਤ ਨਾਲ ਸਹਿਯੋਗ ਕਰਨ ਲਈ ਵਚਨਬੱਧ ਹਾਂ। ਸ. ਜਸਵਿੰਦਰ ਸਿੰਘ ਰਾਏ ਆਪਣੀ ਸੰਸਥਾ 'ਸਿੱਖ ਰਿਕਵਰੀ ਨੈੱਟਵਰਕ' ਵੱਲੋਂ ਪ੍ਰੋਗਰਾਮ ਉਲੀਕ ਰਹੇ ਹਨ ਤੇ ਜਲਦੀ ਹੀ ਇਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਜਾਵੇਗੀ।

ਅੰਮ੍ਰਿਤਸਰ ਟਾਈਮਜ਼
AMRITSAR TIMES
21 ਅਗਸਤ 2019 ਤੋਂ 27 ਅਗਸਤ 2019

## ਹੜ੍ਹਾਂ ਦੇ ਡੰਝੇ ਪੰਜਾਬ ਨੂੰ ਪਰਵਾਸੀਆਂ ਤੋਂ ਉਮੀਦਾਂ

**- ਮਨਜੀਤ ਸਿੰਘ ਟਿਵਾਣਾ**

ਕੇਂਦਰ ਤੇ ਰਾਜ ਸਰਕਾਰਾਂ ਦੀਆਂ ਨੀਤੀਆਂ-ਬਦਨੀਤੀਆਂ ਵਿਚ ਫਸ ਕੇ ਬੁਰੀ ਤਰ੍ਹਾਂ ਦਰੜੀ ਗਈ ਖਾਲਸਈ ਸਰਜ਼ਮੀਂ ਪੰਜਾਬ ਉਤੇ ਇਕ ਹੋਰ ਆਫਤ ਆਣ ਪਈ ਹੈ। ਪੰਜਾਬ ਦਾ ਵੱਡਾ ਹਿੱਸਾ ਸਰਕਾਰੀ ਤੇ ਪ੍ਰਸ਼ਾਸਨਿਕ ਨਾ-ਅਹਿਲੀਅਤ ਕਾਰਨ ਹੜ੍ਹਾਂ ਦੀ ਮਾਰ ਹੇਠ ਆ ਗਿਆ ਹੈ। ਦਿੱਲੀ ਤੇ ਦੂਜੇ ਰਾਜਾਂ ਦੀਆਂ ਬਿਜਲੀ ਤੇ ਪਾਣੀ ਦੀਆਂ ਲੋੜਾਂ ਦੀ ਪੂਰਤੀ ਲਈ ਬਣਾਏ ਗਏ ਭਾਖੜਾ ਤੇ ਨੰਗਲ ਡੈਮਾਂ ਵਿਚੋਂ ਛੱਡੇ ਪਾਣੀ ਨੇ ਤਬਾਹੀ ਲਿਆ ਧਰੀ ਹੈ। ਇਸ ਤਰ੍ਹਾਂ ਪੰਜਾਬ ਉਤੇ ਪਾਣੀ ਦੀ ਡਾਹਢੀ ਮਾਰ ਪਈ ਹੈ।

ਤੱਥ ਗਵਾਹੀਆਂ ਭਰਦੇ ਹਨ ਕਿ ਭਾਰਤ ਦੀ ਕੇਂਦਰ ਸਰਕਾਰ ਨੇ ਪੰਜਾਬ ਨਾਲ ਹਮੇਸ਼ਾ ਤੋਂ ਇਕ ਗੁਲਾਮ ਬਸਤੀ ਵਰਗਾ ਵਰਤਾਉ ਕੀਤਾ ਹੈ। ਰਾਜ ਦੀਆਂ ਆਪਣੀਆਂ ਚੁਣੀਆਂ ਸਰਕਾਰਾਂ ਨੇ ਕੇਂਦਰ ਦਾ ਹੱਥਠੋਕਾ ਬਣ ਕੇ ਇਸ ਨੂੰ ਦੋਹੀਂ ਹੱਥੀਂ ਲੁੱਟਿਆ ਤੇ ਲੁਟਾਇਆ ਹੈ। ਜੇਕਰ ਭਾਰਤ ਦੀਆਂ ਕੇਂਦਰ ਤੇ ਰਾਜ ਸਰਕਾਰਾਂ ਪੰਜਾਬ ਤੇ ਇਥੋਂ ਦੇ ਬਾਸ਼ਿੰਦਿਆਂ ਪ੍ਰਤੀ ਸੁਹਿਰਦ ਸੋਚ ਰੱਖਦੀਆਂ ਹੁੰਦੀਆਂ ਤਾਂ ਸ਼ਾਇਦ ਇਹ ਸਤਰਾਂ ਲਿਖਣ ਦੀ ਲੋੜ ਨਾ ਪੈਂਦੀ।

ਭਾਰਤ ਵਿਚ ਮਾਨਸੂਨ ਦੀ ਬਾਰਸ਼ ਨੂੰ ਆਮ ਕਰ ਕੇ ਕਿਸਾਨਾਂ ਲਈ ਵਰਦਾਨ ਸਮਝਿਆ ਜਾਂਦਾ ਹੈ ਪਰ ਦੇਸ਼ ਦੀ ਕਥਿਤ ਅਜ਼ਾਦੀ ਦੇ ਪੌਣੀ ਸਦੀ ਬੀਤ ਜਾਣ ਬਾਅਦ ਵੀ ਇਹ ਮਾਨਸੂਨ ਅਕਸਰ ਲੋਕਾਂ ਲਈ ਆਫਤ ਬਣਤੀ ਆ ਰਹੀ ਹੈ। ਪੰਜਾਬ ਸਰਕਾਰ ਲੱਖ ਦਾਅਵੇ ਕਰਦੀ ਰਹੇ ਕਿ ਉਹ ਹੜ੍ਹਾਂ ਨੂੰ ਰੋਕਣ ਲਈ ਚਿੰਤਤ ਹੈ ਪਰ ਹਕੀਕਤ ਇਹ ਹੈ ਕਿ ਡਰੇਨਾਂ ਦੀ ਸਮੇਂ ਸਿਰ ਸਫ਼ਾਈ ਲਈ ਪੈਸਾ ਹੀ ਜਾਰੀ ਨਹੀਂ ਹੋਇਆ। ਲੋਕਾਂ ਅੰਦਰ ਇਹ ਪ੍ਰਭਾਵ ਵੀ ਜਾ ਰਿਹਾ ਹੈ ਕਿ ਪੈਸਾ ਦੇਰੀ ਨਾਲ ਜਾਰੀ ਹੋਣ ਪਿਛੇ ਅਸਲੀ ਮਕਸਦ ਹੜ੍ਹਾਂ ਨੂੰ ਕੁਦਰਤੀ ਆਫ਼ਤ ਕਹਿ ਕੇ ਡੰਗ ਟਪਾਉਣਾ ਰਿਹਾ ਹੈ। ਰਾਹਤ ਦੇ ਕੰਮਾਂ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਤਾਂ ਪੁਰਾਣਾ ਰੋਗ ਹੈ ਹੀ, ਸਗੋਂ ਸਮਾਜ ਵਿਚ ਇਸ ਗੱਲ ਨੂੰ ਲੈ ਕੇ ਵੀ ਚਰਚਾ ਹੈ ਕਿ ਹੜ੍ਹ ਸੱਚਮੁੱਚ ਆਏ ਹਨ ਜਾਂ ਲਿਆਂਦੇ ਗਏ ਹਨ ? ਕਾਨੂੰਨਨ ਵੀ ਜ਼ਿਆਦਾ ਪਾਣੀ ਜਾਂ ਹੜ੍ਹ ਵਰਗੀ ਹਾਲਤ ਨੂੰ ਨਿਰੋਲ ਕੁਦਰਤੀ ਆਫ਼ਤ ਨਹੀਂ ਮੰਨਿਆ ਜਾ ਸਕਦਾ। ਸਰਕਾਰ ਦੀ ਦਲੀਲ ਤਾਂ ਮੰਨੀ ਜਾ ਸਕਦੀ ਹੈ ਜੇ ਸਰਕਾਰ ਵੱਲੋਂ ਪ੍ਰਬੰਧ ਕੀਤੇ ਗਏ ਹੋਣ ਦੇ ਬਾਵਜੂਦ ਹੜ੍ਹ ਆ ਜਾਣ। ਇਥੇ ਤਾਂ ਭਾਖੜਾ, ਨੰਗਲ ਤੇ ਰੋਪੜ ਹੈਡ ਵਰਕਸ ਦੇ ਫਲੱਡ ਗੇਟਾਂ ਨੂੰ ਖੋਲ੍ਹਣ ਤੋਂ ਬਾਅਦ ਹੀ ਇਹ ਹਾਲਾਤ ਪੈਦਾ ਹੋਏ ਹਨ।

ਮੁਢਲੇ ਅੰਦਾਜ਼ੇ ਮੁਤਾਬਕ ਪੰਜਾਬ ਦਾ ਲਗਭਗ 1700 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਅੰਕੜੇ ਦੀ ਤਾਈਦ ਖੁਦ ਪੰਜਾਬ ਦੇ ਮੁੱਖ ਮੰਤਰੀ ਨੇ ਵੀ ਕੀਤੀ ਹੈ ਪਰ ਅਸਲ ਵਿਚ ਨੁਕਸਾਨ ਸਰਕਾਰੀ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੀ ਹੁੰਦਾ ਹੈ। ਇਥੋਂ ਦੀਆਂ ਸਰਕਾਰਾਂ ਤੇ ਬਾਬੂਸ਼ਾਹੀ ਅਜਿਹੇ ਮੌਕਿਆਂ 'ਤੇ ਜ਼ਿਆਦਾਤਰ ਝੂਠ ਹੀ ਬੋਲਣ ਦੇ ਆਦੀ ਹਨ।

ਪੰਜਾਬ ਲਈ ਇਸ ਤੋਂ ਵੱਡੀ ਤ੍ਰਾਸਦੀ ਕੀ ਹੋ ਸਕਦੀ ਹੈ ਕਿ ਇਕ ਪਾਸੇ ਕੇਂਦਰ ਸਰਕਾਰ ਸੂਬੇ ਦੇ ਦਰਿਆਈ ਪਾਣੀਆਂ ਦੀ ਅੰਨ੍ਹੀ ਲੁੱਟ ਕਰ ਰਹੀ ਹੈ, ਕੁਦਰਤੀ ਜਲ ਸਰੋਤਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ, ਧਰਤੀ ਹੇਠਲਾ ਪਾਣੀ ਨਿੱਤ ਦਿਨ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ, ਦੂਜੇ ਪਾਸੇ ਬਰਸਾਤ ਦੌਰਾਨ ਹੜ੍ਹ ਆ ਰਹੇ ਹਨ।

ਹਰ ਸਰਕਾਰ ਬਰਸਾਤ ਦੇ ਦਿਨਾਂ 'ਚ ਅਗਾਊਂ ਪ੍ਰਬੰਧ ਕਰਨ ਦੀਆਂ ਡੀਂਗਾਂ ਮਾਰਦੀ ਹੈ ਪਰ ਨਾ ਕਦੇ ਘੱਗਰ ਦੀ ਤਬਾਹੀ ਰੁਕੀ ਹੈ ਤੇ ਨਾ ਹੀ ਸਤਲੁਜ-ਬਿਆਸ ਤੇ ਹੋਰ ਬਰਸਾਤੀ ਨਾਲਿਆਂ ਵਿਚ ਪਾੜ ਪੈਣ ਤੋਂ ਰੋਕਿਆ ਜਾ ਸਕਿਆ ਹੈ। ਬਰਸਾਤ ਦੇ ਮੌਸਮ ਵਿਚ ਘੱਗਰ, ਸਤਲੁਜ ਅਤੇ ਬਿਆਸ ਦਰਿਆਵਾਂ ਵਿਚ ਪੈਂਦੇ ਪਾੜ ਕਰੋੜਾਂ-ਅਰਬਾਂ ਰੁਪਏ ਦਾ ਨੁਕਸਾਨ ਕਰ ਦਿੰਦੇ ਹਨ। ਪੰਜਾਬ ਦੇ ਪਾਣੀਆਂ ਦੀ ਲੁੱਟ ਤੇ ਅਜਿਹੀਆਂ ਮਾਰੂ ਨੀਤੀਆਂ ਕਾਰਨ ਹੀ ਅਗਲੇ 20 ਸਾਲਾਂ ਤਕ ਹਰੇ-ਭਰੇ ਪੰਜਾਬ ਸੂਬੇ ਦੇ ਮਾਰੂਥਲ ਬਣ ਕੇ ਰਹਿ ਜਾਣ ਦਾ ਖ਼ਤਰਾ ਮੰਡਰਾ ਰਿਹਾ ਹੈ।

ਪੰਜਾਬ ਦੀ ਇਸ ਹੋਣੀ ਦੇ ਕਾਰਨ ਭਾਵੇਂ ਬਹੁਤ ਡੂੰਘੇਰੇ ਹਨ ਤੇ "ਅੰਮ੍ਰਿਤਸਰ ਟਾਈਮਜ਼" ਨੇ ਅਕਸਰ ਆਪਣੇ ਪਾਠਕਾਂ ਨੂੰ ਇਨ੍ਹਾਂ ਕਾਰਨਾਂ ਬਾਰੇ ਵਿਸਥਾਰ ਵਿਚ ਦੱਸਿਆ ਵੀ ਹੈ। ਮੌਜੂਦਾ ਸਮੇਂ ਆਫਤ ਦੀਆਂ ਇਨ੍ਹਾਂ ਘੜੀਆਂ ਵਿਚ ਪੰਜਾਬ ਦੀ ਹਰ ਪਾਸਿਉਂ ਕੀਤੀ ਜਾ ਰਹੀ ਬਰਬਾਦੀ ਦੇ ਉਕਤ ਕਾਰਨਾਂ ਵਿਚ ਜਾਣ ਦੀ ਬਜਾਇ ਮੁਸ਼ਕਲਾਂ ਵਿਚ ਫਸੇ ਆਪਣੇ ਭਰਾਵਾਂ ਦੀ ਛੇਤੀ ਤੋਂ ਛੇਤੀ ਸਾਰ ਲੈਣਾ ਹੀ ਸਹੀ ਕਾਰਜ ਹੈ। ਪਰਵਾਸੀ ਪੰਜਾਬੀ ਹਮੇਸ਼ਾ ਆਪਣੇ ਪੰਜਾਬ ਲਈ ਸਹਾਰਾ ਬਣਦੇ ਆ ਰਹੇ ਹਨ। ਪਰਵਾਸੀ ਪੰਜਾਬੀਆਂ ਨੇ ਪਹਿਲਾਂ ਵੀ ਪੰਜਾਬ ਦੀਆਂ ਆਰਥਿਕ ਸਮੱਸਿਆਵਾਂ ਦਾ ਹੱਲ ਬਣਨ ਅਤੇ ਕਈ ਪਰਿਵਾਰਾਂ ਨੂੰ ਆਰਥਿਕ ਚੁਣੌਤੀਆਂ ਨਾਲ ਸਿੱਝਣ ਦੀ ਸਮਰੱਥਾ ਦਿੱਤੀ ਹੈ। ਪਰਵਾਸ ਦਾ ਦਰਦ ਹੰਢਾ ਰਹੇ ਪੰਜਾਬੀਆਂ ਨੇ ਹਮੇਸ਼ਾ ਆਪਣੇ ਪਿਛਲੇ ਪਿੰਡਾਂ, ਸ਼ਹਿਰਾਂ ਵਿਚ ਵਸਦੇ ਪੰਜਾਬੀਆਂ ਦੇ ਭਲੇ ਹਿੱਤ ਸਮੇਂ-ਸਮੇਂ 'ਤੇ ਬਹੁਤ ਸਾਰੇ ਭਲਾਈ ਦੇ ਮਿਸਾਲੀ ਕਾਰਜ ਕੀਤੇ ਹਨ। ਕਿੰਨੀਆਂ ਹੀ ਥਾਵਾਂ ਉਤੇ ਖੇਡ ਸਟੇਡੀਅਮ, ਲਾਇਬਰੇਰੀਆਂ ਤੇ ਹਸਪਤਾਲਾਂ ਸਮੇਤ ਬਹੁਤ ਸਾਰੇ ਸਮਾਜ ਭਲਾਈ ਦੇ ਕਾਰਜ ਪਰਵਾਸੀ ਪੰਜਾਬੀਆਂ ਦੀ ਬਦੌਲਤ ਚੱਲ ਰਹੇ ਹਨ। ਪਰਵਾਸੀ ਪੰਜਾਬੀਆਂ ਦੇ ਮਨ ਦੀ ਭਾਵਨਾ ਰਹੀ ਹੈ ਕਿ ਉਹਨਾਂ ਬਾਹਰਲੇ ਮੁਲਕਾਂ ਵਿਚ ਆ ਕੇ ਆਪਣੀ ਜ਼ਿੰਦਗੀ ਬਸਰ ਕਰਨ ਲਈ ਜੋ ਸੁਖ ਸਹੂਲਤਾਂ ਮਾਣੀਆਂ ਹਨ, ਉਹੋ ਜਿਹੀਆਂ ਸਹੂਲਤਾਂ ਉਹ ਆਪਣੇ ਪੰਜਾਬ ਵਿਚ ਪਿਛੇ ਰਹਿ ਰਹੇ ਲੋਕਾਂ ਨੂੰ ਵੀ ਦੇ ਸਕਣ। ਇਸੇ ਮੰਤਵ ਨਾਲ ਬਹੁਤੇ ਲੋਕਾਂ ਨੇ ਆਪਣੀ ਕ੍ਰਿਤ ਕਮਾਈ ਵਿਚੋਂ ਹਿੱਸਾ ਕੱਢਦਿਆਂ ਆਪਣੇ ਪਿੰਡਾਂ ਦੀ ਨੁਹਾਰ ਬਦਲਣ ਦਾ ਉਪਰਾਲਾ ਕੀਤਾ ਹੋਵੇਗਾ। ਪੰਜਾਬ ਵਿਚ ਹੜ੍ਹਾਂ ਨਾਲ ਹੋਏ ਭਾਰੀ ਨੁਕਸਾਨ ਦੇ ਬਾਵਜੂਦ ਪੰਜਾਬ ਸਰਕਾਰ ਨੇ ਮਹਿਜ਼ ਸੌ ਕਰੋੜ ਰੁਪਏ ਦੀ ਮਦਦ ਦਾ ਐਲਾਨ ਕਰ ਕੇ ਸਿਰਫ "ਗੋਂਗਲੂਆਂ ਤੋਂ ਮਿੱਟੀ ਝਾੜਨ" ਦਾ ਕੰਮ ਕੀਤਾ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਭ੍ਰਿਸ਼ਟ ਅਫਸਰਸ਼ਾਹੀ ਅਤੇ ਬੇਈਮਾਨ ਆਗੂਆਂ ਦੇ ਰਹਿੰਦਿਆਂ ਇਹ ਸੌ ਕਰੋੜ ਵੀ ਹੜ੍ਹ ਪੀੜਤਾਂ ਨੂੰ ਪੂਰਾ ਨਹੀਂ ਮਿਲਣਾ। ਪਰਵਾਸੀ ਪੰਜਾਬੀਆਂ ਦੀਆਂ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਇਸ ਕੰਮ ਵਿਚ ਜੁਟ ਵੀ ਗਈਆਂ ਹਨ, ਜੋ ਸ਼ਲਾਘਾਯੋਗ ਹੈ। ਇਸ ਵਕਤ ਪੰਜਾਬ ਨੂੰ ਆਪਣਿਆਂ ਦੇ ਧਰਵਾਸ ਦੀ ਖਾਸ ਲੋੜ ਹੈ। ਇਕ ਵਾਰ ਮੁੜ ਬਿਪਤਾ ਵਿਚ ਫਸੇ ਪੰਜਾਬ ਦੀਆਂ ਨਜ਼ਰਾਂ ਆਪਣੇ ਪਰਵਾਸੀ ਭਰਾਵਾਂ ਵੱਲ ਲੱਗੀਆਂ ਹੋਈਆਂ ਹਨ। ਇਸ ਸੰਕਟ ਦੇ ਸਮੇਂ ਵੀ ਪਰਵਾਸੀ ਪੰਜਾਬੀਆਂ ਨੂੰ ਹੀ ਆਪਣੇ ਪੰਜਾਬ ਦੀ ਬਾਂਹ ਫੜਨੀ ਹੋਵੇਗੀ।

# ਔਰਤਾਂ ਬਾਰੇ ਭਗਵੇਂਵਾਦੀਆਂ ਦੀ ਪ੍ਰਦੂਸ਼ਿਤ ਮਾਨਸਿਕਤਾ

**ਚਾਹੇ ਸਿੱਖ ਪੰਥ ਦੇ ਲੀਡਰਾਂ ਵਿਚ ਕਈ ਕਮਜ਼ੋਰੀਆਂ ਆ ਚੁੱਕੀਆਂ ਹਨ, ਪਰ ਸਾਧਾਰਨ ਸਿੱਖ ਜਿਨ੍ਹਾਂ ਅੰਦਰ ਗੁਰੂਆਂ ਦਾ ਇਤਿਹਾਸਕ ਜਜ਼ਬਾ ਹੈ, ਉਹ ਅਜਿਹੀਆਂ ਕਰਾਮਾਤਾਂ ਕਰ ਨਿਬੜਦੇ ਹਨ, ਜਿਸ ਕਾਰਨ ਸਿੱਖ ਪੰਥ ਵਿਚ ਜੋਸ਼ ਭਰ ਆਉਂਦਾ ਹੈ। ਇਹ ਜਿਉਂਦੀਆਂ ਕੌਮਾਂ ਦੀ ਨਿਸ਼ਾਨੀ ਹੈ। ਇਹ ਗੱਲ ਮੈਂ ਕਹਿਣੀ ਚਾਹਾਂਗਾ ਕਿ ਪੰਜਾਬ ਦਾ ਸੰਤਾਪ ਕਸ਼ਮੀਰ ਦੇ ਸੰਤਾਪ ਨਾਲੋਂ ਵੱਖਰਾ ਨਹੀਂ, ਪਰ ਬਹੁਗਿਣਤੀ ਨਾਲ ਸੰਬੰਧਿਤ ਹਾਕਮਾਂ ਨੇ ਸ਼ਾਂਤਮਈ ਢੰਗ ਨਾਲ ਮਸਲੇ ਨਿਬੇੜਨ ਦੀ ਥਾਂ ਫ਼ੌਜੀ ਡੰਡੇ ਨਾਲ ਮਸਲੇ ਨਿਬੇੜਨ ਨੂੰ ਤਰਜੀਹ ਦਿੱਤੀ ਹੈ, ਪਰ ਇਸ ਦੇ ਨਤੀਜੇ ਕਦੇ ਵੀ ਚੰਗੇ ਨਹੀਂ ਨਿਕਲੇ। ਰਾਜ ਮਦ ਬਹੁਤ ਖਤਰਨਾਕ ਹੁੰਦਾ ਹੈ। ਗੁਰੂ ਨਾਨਕ ਬਾਣੀ ਨੇ ਰਾਜਮਦ ਬਾਰੇ ਨਿਖੇਧੀ ਕਰਦਿਆਂ ਕਿਹਾ ਹੈ ਕਿ ਅਕਾਲ ਪੁਰਖ ਦੀ ਰਚਨਾ ਤੇ ਹੁਕਮ ਬਹੁਤ ਬਲਵਾਨ ਹੈ ਤੇ ਉਹ ਕੀੜੀ ਦੇ ਨਿਆਂਈ ਮਨੁੱਖ ਨੂੰ ਵੀ ਰਾਜਾ ਬਣਾ ਸਕਦਾ ਹੈ ਤੇ ਵੱਡੇ ਲਸ਼ਕਰਾਂ ਵਾਲੇ ਹੰਕਾਰੀ ਰਾਜਿਆਂ ਨੂੰ ਤਬਾਹ ਕਰ ਸਕਦਾ ਹੈ।**



**ਰਜਿੰਦਰ ਸਿੰਘ**

ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਹਟਾਉਣ ਤੇ ਉਸ ਦੇ ਦੋ ਟੋਟੇ ਕਰ ਦੇਣ ਤੋਂ ਬਾਅਦ ਪ੍ਰਦੂਸ਼ਿਤ ਮਾਨਸਿਕਤਾ ਵਾਲੇ ਭਗਵੇਂਵਾਦੀ ਲੀਡਰ ਕਸ਼ਮੀਰ ਉੱਪਰ ਆਪਣੀ ਜਿੱਤ ਇਸ ਤਰ੍ਹਾਂ ਦਿਖਾ ਰਹੇ ਸਨ ਜਿਵੇਂ ਕਿ ਉਹਨਾਂ ਨੇ ਕਿਸੇ ਦੁਸ਼ਮਣ ਉੱਪਰ ਜਿੱਤ ਪ੍ਰਾਪਤ ਕੀਤੀ ਹੁੰਦੀ ਹੈ ਤੇ ਹਵਸੀ ਮਾਨਸਿਕਤਾ ਵਾਲੇ ਰਾਜਿਆਂ ਵਾਂਗ ਉਹ ਕਸ਼ਮੀਰ ਦੀਆਂ ਲੜਕੀਆਂ ਦੀ ਪੱਤ ਉਤਾਰਨ ਦੀ ਕੋਸ਼ਿਸ਼ ਵਿਚ ਹਨ। ਸੋਸ਼ਲ ਮੀਡੀਆ ਪੂਰਾ ਭਗਵੇਂ ਹਵਸੀ ਮਾਨਸਿਕਤਾ ਨਾਲ ਭਰਿਆ ਹੋਇਆ ਸੀ ਤੇ ਉਹ ਕਸ਼ਮੀਰੀ ਲੜਕੀਆਂ ਉੱਪਰ ਘਟੀਆ ਟਿੱਪਣੀ ਕਰ ਰਹੇ ਸਨ ਤੇ ਇਹ ਇਕ ਵਿਉਂਤਬੰਦੀ ਅਨੁਸਾਰ ਟਿੱਪਣੀਆਂ ਸ਼ੇਅਰ ਕੀਤੀਆਂ ਜਾ ਰਹੀਆਂ ਸਨ। ਇਸ ਵਿਚ ਸਾਧਾਰਨ ਭਗਵੇਂਵਾਦੀ ਸ਼ਾਮਲ ਨਹੀਂ ਸਨ, ਸਗੋਂ ਭਾਜਪਾ ਵਿਧਾਇਕ ਵਿਕਰਮ ਸੈਣੀ, ਸਾਧਵੀ ਪ੍ਰਾਚੀ, ਹਰਿਆਣੇ ਦਾ ਮੁੱਖ ਮੰਤਰੀ ਖੱਟਰ ਇਸ ਪਾਗਲਪਨ ਤੇ ਵਹਿਸ਼ੀ ਗੁੰਡਾਗਰਦੀ ਦਾ ਸਬੂਤ ਦੇ ਰਹੇ ਸਨ। ਪਰ ਮੋਦੀ ਸਰਕਾਰ ਨੇ ਇਸ ਵਹਿਸ਼ੀ ਗੁੰਡਾਗਰਦੀ ਦਾ ਖੰਡਨ ਨਹੀਂ ਕੀਤਾ ਤੇ ਨਾ ਹੀ ਇਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਹੈ। ਇਸ ਸਾਰੀ ਪਾਗਲਪਨ ਵਾਲੀ ਮੁਹਿੰਮ ਤੋਂ ਇੰਝ ਜਾਪਦਾ ਹੈ ਕਿ ਭਾਵੇਂ ਭਾਜਪਾ ਵਾਲੇ ਦਾਅਵਾ ਕਰਦੇ ਹਨ ਕਿ ਕਸ਼ਮੀਰ ਭਾਰਤ ਦਾ ਅਟੁੱਟ ਹਿੱਸਾ ਹੈ, ਪਰ ਜਿਸ ਤਰ੍ਹਾਂ ਇਨ੍ਹਾਂ ਨੇ ਜਿੱਤ ਦਾ ਇਜ਼ਹਾਰ ਕੀਤਾ ਹੈ, ਉਸ ਤੋਂ ਜਾਪਦਾ ਹੈ ਕਿ ਕਸ਼ਮੀਰੀ ਇਹਨਾਂ ਦੇ ਦੁਸ਼ਮਣ ਹਨ ਤੇ ਇਹਨਾਂ ਨੇ ਕਸ਼ਮੀਰ ਉੱਪਰ ਕਬਜ਼ਾ ਕੀਤਾ ਹੈ।

ਸਭ ਤੋਂ ਵੱਡੀ ਇਤਿਹਾਸਕ ਘਟਨਾ ਇਹ ਹੋਈ ਕਿ ਖਾਲਸਾ ਪੰਥ ਜੋ ਕਿ ਹਰੇਕ ਤਰ੍ਹਾਂ ਦੀ ਮੁਸੀਬਤ ਵਿਚ ਘਿਰਿਆ ਹੋਇਆ ਹੈ ਤੇ ਦੋ ਘੱਲੂਘਾਰੇ ਹੰਢਾ ਕੇ ਇਸ ਜ਼ਾਲਮਾਨਾ ਪ੍ਰਬੰਧ ਨੂੰ ਸ਼ਾਂਤਮਈ ਢੰਗ ਨਾਲ ਚੈਲਿੰਜ ਕਰ ਰਿਹਾ ਹੈ, ਉਸ ਨੇ ਕਸ਼ਮੀਰੀ ਲੜਕੀਆਂ ਦੇ ਹੱਕ ਵਿਚ ਖਲੋ ਕੇ ਭਗਵੇਂਵਾਦੀਆਂ ਨੂੰ ਚੈਲਿੰਜ ਕੀਤਾ ਕਿ ਜੇਕਰ ਤੁਸੀਂ ਕਸ਼ਮੀਰੀ ਲੜਕੀਆਂ ਵਲ ਅੱਖ ਚੁੱਕ ਕੇ ਵੀ ਵੇਖਿਆ ਤਾਂ ਤੁਹਾਨੂੰ ਖਾਲਸਾ ਪੰਥ ਨਾਲ ਨਿਬੜਨਾ ਪਵੇਗਾ।

ਸਭ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਸ਼ਮੀਰੀ ਬੀਬੀਆਂ ਵਿਰੁੱਧ ਵਰਤੀ ਜਾ ਰਹੀ ਅਸੱਭਿਅਕ ਭਾਸ਼ਾ ਦੀ ਸਖ਼ਤ ਨਿਖੇਧੀ ਕੀਤੀ ਤੇ ਸਿੱਖ ਕੌਮ ਨੂੰ ਆਦੇਸ਼ ਦਿੱਤਾ ਕਿ ਸੋਸ਼ਲ ਮੀਡੀਆ ਉੱਤੇ ਕੁਝ ਫਿਰਕੂ ਲੋਕਾਂ, ਜਿਨ੍ਹਾਂ ਵਿੱਚ ਸਿਆਸੀ ਤੇ ਧਾਰਮਕ ਆਗੂ ਸ਼ਾਮਲ ਹਨ, ਵੱਲੋਂ ਕਸ਼ਮੀਰੀ ਔਰਤਾਂ ਦੀ ਇੱਜ਼ਤ-ਆਬਰੂ ਤੇ ਸਵੈਮਾਣ ਸਬੰਧੀ ਜੋ ਘਟੀਆ ਟਿੱਪਣੀਆਂ ਕੀਤੀਆਂ ਹਨ, ਉਹ ਨਿਖੇਧੀਯੋਗ ਹਨ ਤੇ ਸਿੱਖ ਕੌਮ ਨੂੰ ਉਨ੍ਹਾਂ ਦੀ ਰੱਖਿਆ ਲਈ ਨਿਤਰਨਾ ਚਾਹੀਦਾ ਹੈ। ਜਥੇਦਾਰ ਦਾ ਕਹਿਣਾ ਸੀ ਕਿ ਕਿ ਭਗਵੇਂਵਾਦੀਆਂ ਦੀ ਇਸ ਸ਼ਰਮਨਾਕ ਹਰਕਤ ਕਾਰਨ ਸੰਸਾਰ ਵਿਚ ਸਮੁੱਚੇ ਦੇਸ਼ ਦਾ ਸਿਰ ਨੀਵਾਂ ਹੋਇਆ ਹੈ। ਸਿੰਘ ਸਾਹਿਬ ਨੇ ਇਥੋਂ ਤੱਕ ਕਿਹਾ ਕਿ ਇਹ ਫਿਰਕੂ ਤੇ ਗੰਦੀ ਮਾਨਸਿਕਤਾ ਦੇ ਲੋਕ ਉਹੀ ਹਨ, ਜਿਨ੍ਹਾਂ 1984 ਵਿੱਚ ਸਿੱਖ ਬੀਬੀਆਂ ਦੀ ਬੇਅਦਬੀ ਕੀਤੀ ਸੀ ਤੇ ਹੁਣ ਕਸ਼ਮੀਰੀ ਬੀਬੀਆਂ ਵਿਰੁੱਧ ਇਹ ਵਹਿਸ਼ੀ ਘਟਨਾ ਦੁਹਰਾਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਪੰਥ ਗੁਰੂ ਦੇ ਹੁਕਮ ਅਨੁਸਾਰ ਆਪਣਾ ਫ਼ਰਜ਼ ਨਿਭਾਉਣ ਵਿੱਚ ਪਿੱਛੇ ਨਹੀਂ ਹਟੇਗਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਤੇ ਵਿਦਿਅਕ ਅਦਾਰਿਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਕਸ਼ਮੀਰੀਆਂ ਤੇ ਖਾਸ ਕਰ ਕਸ਼ਮੀਰੀ ਔਰਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਕਰਨ ਤੇ ਕਸ਼ਮੀਰੀ ਔਰਤਾਂ ਨੂੰ ਉਨ੍ਹਾਂ ਦੇ ਘਰ ਤੱਕ ਸੁਰੱਖਿਅਤ ਪਹੁੰਚਾਉਣ। ਜੇਕਰ ਸਿੱਖ ਧਰਮ ਨਾਲ ਸਬੰਧਿਤ ਸਖਸ਼ੀਅਤਾਂ ਦੀ ਸ਼ੋਸ਼ਲ ਮੀਡੀਆ ਸੰਬੰਧੀ ਆਈਡੀ ਉੱਪਰ ਝਾਤੀ ਮਾਰੀ ਜਾਵੇ ਤਾਂ ਉਨ੍ਹਾਂ ਨੇ ਡਟ ਕੇ ਕਸ਼ਮੀਰੀ ਸਿੱਖ ਔਰਤਾਂ ਤੇ ਕਸ਼ਮੀਰ ਬਾਰੇ ਗੁਰਮਤਿ ਅਨੁਸਾਰ ਸਟੈਂਡ ਲਿਆ। ਉਨ੍ਹਾਂ ਨੇ ਭਗਵੇਂਵਾਦੀਆਂ ਨੂੰ ਯਾਦ ਦਿਵਾਇਆ ਕਿ ਅਬਦਾਲੀ ਦੇ ਹਮਲੇ ਸਮੇਂ ਸਿੱਖਾਂ ਨੇ 22 ਹਜ਼ਾਰ ਹਿੰਦੂ ਔਰਤਾਂ ਨੂੰ ਛੁਡਾ ਕੇ ਉਨ੍ਹਾਂ ਦੇ ਘਰੀਂ ਪਹੁੰਚਾਇਆ ਸੀ ਤੇ ਹੁਣ ਵੀ ਸਿੱਖ ਪੰਥ ਆਪਣੇ ਇਸ ਸਿਧਾਂਤ ਨੂੰ ਕਾਇਮ ਰੱਖੇਗਾ।

ਸਿੱਖ ਪਾਰਲੀਮੈਂਟ ਦੇ ਦਿੱਲੀ ਦੇ ਤਿੰਨ ਸਿੱਖ ਨੌਜਵਾਨਾਂ ਨੇ ਸਿੰਘ ਸਾਹਿਬ ਜਗਤਾਰ ਸਿੰਘ ਹਵਾਰਾ ਦੇ ਬਚਨਾਂ 'ਤੇ ਫੁੱਲ ਚੜ੍ਹਾਉਂਦਿਆਂ ਪੂਨੇ ਵਿੱਚ ਫਸੀਆਂ 32 ਕਸ਼ਮੀਰੀ ਲੜਕੀਆਂ ਨੂੰ ਉਨ੍ਹਾਂ ਦੇ ਘਰਾਂ ਤੱਕ ਪੁਚਾ ਕੇ ਇਤਿਹਾਸ ਨੂੰ ਦੁਹਰਾਇਆ ਹੈ। ਸਮਾਜਿਕ ਕਾਰਕੁਨ ਹਰਮਿੰਦਰ ਸਿੰਘ ਆਹਲੂਵਾਲੀਆ ਨੇ ਦੱਸਿਆ ਕਿ ਉਨ੍ਹਾਂ 5 ਅਗਸਤ ਨੂੰ ਆਪਣੀ ਫੇਸਬੁੱਕ ਆਈ ਡੀ ਉੱਤੇ ਇੱਕ ਪੋਸਟ ਪਾ ਕੇ ਕਿਹਾ ਸੀ ਕਿ ਜੇ ਕੋਈ ਕਸ਼ਮੀਰੀ ਔਰਤ ਜਾਂ ਮਰਦ ਕਿਸੇ ਮੁਸ਼ਕਲ ਵਿੱਚ ਹੋਵੇ ਤਾਂ ਉਹ ਤੁਰੰਤ ਨੇੜਲੇ ਗੁਰਦੁਆਰੇ ਵਿੱਚ ਜਾ ਕੇ ਉਨ੍ਹਾ ਨਾਲ ਸੰਪਰਕ ਕਰੇ। ਇਸ ਤੋਂ ਬਾਅਦ ਉਨ੍ਹਾਂ ਨੂੰ ਪੂਨੇ ਤੋਂ ਰੁਕੱਈਆ ਕਿਰਮਾਨੀ ਨਾਂਅ ਦੀ ਔਰਤ ਦਾ ਫ਼ੋਨ ਆਇਆ ਕਿ ਉਸ ਦੇ ਨਾਲ 32 ਕਸ਼ਮੀਰੀ ਕੁੜੀਆਂ ਹਨ, ਜੋ ਸੋਸ਼ਲ ਮੀਡੀਆ ਉੱਤੇ ਕਸ਼ਮੀਰੀ ਲੜਕੀਆਂ ਬਾਰੇ ਆ ਰਹੀਆਂ ਭੱਦੀਆਂ ਟਿੱਪਣੀਆਂ ਕਾਰਨ ਬਹੁਤ ਹੀ ਡਰੀਆਂ ਹੋਈਆਂ ਹਨ। ਇਹ ਲੜਕੀਆਂ ਨਰਸਿੰਗ ਦੀ ਟਰੇਨਿੰਗ ਲਈ ਪੰਜ ਦਿਨ ਪਹਿਲਾਂ ਹੀ ਪੂਨੇ ਆਈਆਂ ਸਨ। ਹਰਮਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾ ਤੁਰੰਤ ਫੇਸਬੁੱਕ ਉੱਤੇ ਲੜਕੀਆਂ ਦੀ ਮਦਦ ਦੀ ਅਪੀਲ ਕੀਤੀ ਤਾਂ ਦੋ ਦਿਨਾਂ ਵਿੱਚ ਹੀ 4 ਲੱਖ ਰੁਪਏ ਇਕੱਠੇ ਹੋ ਗਏ। ਉਸ ਉਪਰੰਤ ਉਹ ਆਪਣੇ ਸਾਥੀਆਂ ਹਰਮੀਤ ਸਿੰਘ ਖਾਨਪੁਰੀ ਤੇ ਬਲਜੀਤ ਸਿੰਘ ਨੂੰ ਲੈ ਕੇ ਪੂਨੇ ਪੁੱਜ ਗਏ। ਉੱਥੋਂ ਉਹ 32 ਲੜਕੀਆਂ, ਉਨ੍ਹਾਂ ਦੀ ਸੁਪਰਵਾਈਜ਼ਰ ਰੁਕੱਈਆ ਕਿਰਮਾਨੀ ਤੇ ਇੱਕ ਕੁਲੀਗ ਸੰਭਵ ਕੁਮਾਰ ਸ਼ਰਮਾ ਦੇ ਨਾਲ ਸੜਕੀ ਰਸਤੇ ਮੁੰਬਈ ਪੁੱਜੇ। ਉੱਥੋਂ ਹਵਾਈ ਜਹਾਜ਼ ਰਾਹੀਂ ਕਸ਼ਮੀਰ ਪੁੱਜ ਕੇ ਸਭ ਲੜਕੀਆਂ ਨੂੰ ਫ਼ੌਜ ਦੀ ਸਹਾਇਤਾ ਨਾਲ ਬਾਰਾਮੂਲਾ, ਬਡਗਾਮ, ਸ਼ੋਪੀਆਂ, ਸ੍ਰੀਨਗਰ ਤੇ ਕੁਪਵਾੜਾ ਵਿਖੇ ਉਨ੍ਹਾਂ ਦੇ ਘਰਾਂ ਵਿੱਚ ਪੁਚਾ ਕੇ ਇਨ੍ਹਾਂ ਨੌਜਵਾਨਾਂ ਨੇ ਸੁੱਖ ਦਾ ਸਾਹ ਲਿਆ। ਇਹ ਇਤਿਹਾਸਕ ਉਦਾਹਰਣ ਪ੍ਰਦੂਸ਼ਿਤ ਮਾਨਸਿਕਤਾ ਵਾਲੇ ਭਗਵੇਂਵਾਦੀ ਲੀਡਰਾਂ ਦੇ ਮੂੰਹ 'ਤੇ ਚਪੇੜ ਹੈ। ਕਸ਼ਮੀਰ ਦੇ ਨਿਵਾਸੀ ਇਸ ਘਟਨਾ ਕਾਰਨ ਸਿੱਖ ਪੰਥ ਦਾ ਧੰਨਵਾਦ ਕਰ ਰਹੇ ਹਨ। ਪੂਰੇ ਵਿਸ਼ਵ ਵਿਚ ਇਸ ਘਟਨਾ ਕਾਰਨ ਸਿੱਖ ਪੰਥ ਨੂੰ ਸਤਿਕਾਰਿਆ ਜਾ ਰਿਹਾ ਹੈ। ਚਾਹੇ ਸਿੱਖ ਪੰਥ ਦੇ ਲੀਡਰਾਂ ਵਿਚ ਕਈ ਕਮਜ਼ੋਰੀਆਂ ਆ ਚੁੱਕੀਆਂ ਹਨ, ਪਰ ਸਾਧਾਰਨ ਸਿੱਖ ਜਿਨ੍ਹਾਂ ਅੰਦਰ ਗੁਰੂਆਂ ਦਾ ਇਤਿਹਾਸਕ ਜਜ਼ਬਾ ਹੈ, ਉਹ ਅਜਿਹੀਆਂ ਕਰਾਮਾਤਾਂ ਕਰ ਨਿਬੜਦੇ ਹਨ, ਜਿਸ ਕਾਰਨ ਸਿੱਖ ਪੰਥ ਵਿਚ ਜੋਸ਼ ਭਰ ਆਉਂਦਾ ਹੈ। ਇਹ ਜਿਉਂਦੀਆਂ ਕੌਮਾਂ ਦੀ ਨਿਸ਼ਾਨੀ ਹੈ। ਇਹ ਗੱਲ ਮੈਂ ਕਹਿਣੀ ਚਾਹਾਂਗਾ ਕਿ ਪੰਜਾਬ ਦਾ ਸੰਤਾਪ ਕਸ਼ਮੀਰ ਦੇ ਸੰਤਾਪ ਨਾਲੋਂ ਵੱਖਰਾ ਨਹੀਂ, ਪਰ ਬਹੁਗਿਣਤੀ ਨਾਲ ਸੰਬੰਧਿਤ ਹਾਕਮਾਂ ਨੇ ਸ਼ਾਂਤਮਈ ਢੰਗ ਨਾਲ ਮਸਲੇ ਨਿਬੇੜਨ ਦੀ ਥਾਂ ਫ਼ੌਜੀ ਡੰਡੇ ਨਾਲ ਮਸਲੇ ਨਿਬੇੜਨ ਨੂੰ ਤਰਜੀਹ ਦਿੱਤੀ ਹੈ, ਪਰ ਇਸ ਦੇ ਨਤੀਜੇ ਕਦੇ ਵੀ ਚੰਗੇ ਨਹੀਂ ਨਿਕਲੇ। ਰਾਜ ਮਦ ਬਹੁਤ ਖਤਰਨਾਕ ਹੁੰਦਾ ਹੈ। ਗੁਰੂ ਨਾਨਕ ਬਾਣੀ ਨੇ ਰਾਜਮਦ ਬਾਰੇ ਨਿਖੇਧੀ ਕਰਦਿਆਂ ਕਿਹਾ ਹੈ ਕਿ ਅਕਾਲ ਪੁਰਖ ਦੀ ਰਚਨਾ ਤੇ ਹੁਕਮ ਬਹੁਤ ਬਲਵਾਨ ਹੈ ਤੇ ਉਹ ਕੀੜੀ ਦੇ ਨਿਆਂਈ ਮਨੁੱਖ ਨੂੰ ਵੀ ਰਾਜਾ ਬਣਾ ਸਕਦਾ ਹੈ ਤੇ ਵੱਡੇ ਲਸ਼ਕਰਾਂ ਵਾਲੇ ਹੰਕਾਰੀ ਰਾਜਿਆਂ ਨੂੰ ਤਬਾਹ ਕਰ ਸਕਦਾ ਹੈ।

ਨੀਕੀ ਕੀਰੀ ਮਹਿ ਕਲ ਰਾਖੈ ॥
ਭਸਮ ਕਰੈ ਲਸਕਰ ਕੋਟਿ ਲਾਖੈ ॥

(ਜਿਸ) ਨਿੱਕੀ ਜਿਹੀ ਕੀੜੀ ਭਾਤੀ ਮਨੁੱਖ ਵਿਚ ਵਾਹਿਗੁਰੂ ਤਾਕਤ ਭਰਦਾ ਹੈ, ਉਹ ਸਾਧਾਰਨ ਮਨੁੱਖ ਲੱਖਾਂ ਕਰੋੜਾਂ ਲਸ਼ਕਰਾਂ ਨੂੰ ਸੁਆਹ ਕਰਨ ਦੇ ਸਮਰੱਥ ਹੈ।

ਕੀ ਭਾਰਤ ਦੇ ਸਿਆਸਤਦਾਨ ਗੁਰੂ ਨਾਨਕ ਦੀ ਬਾਣੀ ਤੋਂ ਸਿੱਖਿਆ ਲੈਣਗੇ ? ਅੱਜ ਭਾਰਤ-ਪਾਕਿ ਦੇ ਸੰਬੰਧ ਜੋ ਵਿਗੜ ਰਹੇ ਹਨ, ਉਹ ਦੱਖਣੀ ਏਸ਼ੀਆ ਵਿਚ ਅਸ਼ਾਂਤੀ ਤੇ ਜੰਗ ਦਾ ਮਾਹੌਲ ਬਣਾ ਰਹੇ ਹਨ। ਗੁਰੂ ਨਾਨਕ ਦਾ ਕਰਤਾਰਪੁਰ ਲਾਂਘਾ ਹੀ ਤੇ ਇਸ ਉੱਪਰ ਪਹਿਰੇਦਾਰੀ ਹੀ ਮਾਹੌਲ ਨੂੰ ਸਾਂਤ ਕਰ ਸਕਦੇ ਹਨ। ਭਾਰਤ-ਪਾਕਿਸਤਾਨ ਨੂੰ ਇਸ ਲਾਂਘੇ ਦੇ ਸਿਧਾਂਤ ਉੱਪਰ ਡੱਟ ਕੇ ਪਹਿਰਾ ਦੇਣਾ ਚਾਹੀਦਾ ਹੈ ਤਾਂ ਜੋ ਮਨੁੱਖ ਦਾ ਭਲਾ ਹੋ ਸਕੇ।

# ਬੁੱਧੀਜੀਵੀ ਅਨੁਰਾਗ ਸਿੰਘ ਨੇ ਗੁਰੂ ਗਰੰਥ ਤੇ ਗੁਰੂ ਪੰਥ ਦੇ ਵਜੂਦ ਨੂੰ ਕੀਤਾ ਚੈਲਿੰਜ

## ਆਰਐਸਐਸ ਦਾ ਏਜੰਡਾ ਸਿੱਖ ਧਰਮ ਦਾ ਗੁਰੂ ਗ੍ਰੰਥ ਸਾਹਿਬ 'ਚੋਂ ਵਿਸ਼ਵਾਸ ਖਤਮ ਕਰਨਾ, ਇਸੇ ਲਈ ਗੁਰੂ ਗ੍ਰੰਥ ਸਾਹਿਬ ਦੀ ਗੱਦੀ ਤੇ ਜੋਤਿ ਨੂੰ ਚੈਲਿੰਜ ਕਰਨ ਲਈ ਭੰਬਲਭੂਸੇ 'ਚ ਪਾਉਣ ਦੇ ਕੀਤੇ ਜਾ ਰਹੇ ਨੇ ਯਤਨ

- **ਸਿੱਖ ਰਹਿਤ ਮਰਿਯਾਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਤੋਂ ਬਿਨਾ ਕਿਸੇ ਗ੍ਰੰਥ ਦਾ ਬਰਾਬਰ 'ਤੇ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ**
- **ਗੁਰੂ ਪੰਥ ਦੇ ਬਰਾਬਰ ਕਿਸੇ ਵੀ ਸੰਸਥਾ ਨੂੰ ਗੁਰੂ ਦਾ ਦਰਜਾ ਪ੍ਰਾਪਤ ਨਹੀਂ ਹੋ ਸਕਦਾ**

**ਪ੍ਰੋ. ਬਲਵਿੰਦਰਪਾਲ ਸਿੰਘ**
**(ਮੋਬ. 9815700916)**

ਹੁਣੇ ਜਿਹੇ ਚਿੰਤਕ ਅਨੁਰਾਗ ਸਿੰਘ ਨੇ ਇਕ ਗ੍ਰੰਥ ਤੇ ਇਕ ਪੰਥ ਦੀ ਪੰਥਕ ਧਾਰਨਾ ਨੂੰ ਰੱਦ ਕਰਦਿਆਂ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਦੀ ਸੁਪਰਮੇਸੀ ਤੇ ਵਜੂਦ ਨੂੰ ਚੈਲਿੰਜ ਕਰ ਦਿੱਤਾ ਹੈ, ਜਿਸ ਉੱਪਰ ਸਿੱਖ ਧਰਮ ਖੜ੍ਹਾ ਹੈ। ਸਿੱਖ ਰਹਿਤ ਮਰਿਯਾਦਾ ਅਤੇ ਸੰਗਤ ਇਹ ਮੰਨ ਕੇ ਚੱਲਦੀ ਹੈ ਕਿ ਗੁਰੂ ਗਰੰਥ ਸਾਹਿਬ ਤੇ ਗੁਰੂ ਪੰਥ ਦਾ ਰਿਸ਼ਤਾ ਹੀ ਸੁਪਰੀਮ ਹੈ। ਬਾਕੀ ਗਰੰਥ, ਜਿਨ੍ਹਾਂ ਦੀ ਗੱਲ ਖਾਲਸਾ ਪੰਥ ਦੀ ਪੰਥਕ ਮਰਿਯਾਦਾ ਜੋ ਅਕਾਲ ਤਖ਼ਤ ਸਾਹਿਬ ਵਲੋਂ ਕਬੂਲ ਹੈ, ਨੂੰ ਗੁਰੂ ਗ੍ਰੰਥ ਸਾਹਿਬ ਤੋਂ ਉੱਪਰ ਦਰਜਾ ਨਹੀਂ ਦਿੱਤਾ ਗਿਆ।

ਅਕਾਲ ਤਖ਼ਤ ਸਾਹਿਬ ਵਲੋਂ ਪ੍ਰਵਾਨਿਤ ਪੰਥਕ ਰਹਿਤ ਮਰਿਯਾਦਾ ਪੰਨਾ ਨੰ. 13 'ਤੇ ਹੀ ਭਾਗ (ਹ) ਵਿੱਚ ਲਿਖੇ ਅਨੁਸਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿੱਚ ਕੋਈ ਮੂਰਤੀ ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਸੰਸਕਾਰ ਨਾ ਹੋਵੇ। ਆਪਣੀ, ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

ਸਿੱਖ ਦੀ ਤਾਰੀਫ : ਜੋ ਇਸਤਰੀ ਜਾਂ ਪੁਰਸ਼ ਇੱਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਤੱਕ), ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ 'ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

ਇਸ ਦਾ ਸਾਫ਼ ਅਰਥ ਹੈ ਕਿ ਸਿੱਖ ਰਹਿਤ ਮਰਿਯਾਦਾ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਹੀ ਤਰਜੀਹ ਦਿੱਤੀ ਹੈ। ਗੁਰੂ ਗਰੰਥ ਸਾਹਿਬ ਹੀ ਇਕੋ ਇਕ ਸਿੱਖ ਧਰਮ ਦਾ ਸਮਰੱਥ ਗੁਰੂ ਹੈ। ਇਸ ਨੂੰ ਬਾਕੀ ਗ੍ਰੰਥਾਂ ਨਾਲ ਨਹੀਂ ਤੁਲਨਾਇਆ ਜਾ ਸਕਦਾ, ਪਰ ਅਨੁਰਾਗ ਸਿੰਘ ਨੇ ਅਜਿਹਾ ਵਿਵਾਦ ਖੜਾ ਕਰਕੇ ਸਿੱਖ ਪੰਥ ਵਿਚ ਸਾਜ਼ਿਸ਼ੀ ਢੰਗ ਦੇ ਨਾਲ ਭੰਬਲਭੂਸਾ ਪਾਉਣ ਦੀ ਕੋਸ਼ਿਸ ਕੀਤੀ ਹੈ। ਉਸ ਨੇ ਇਕ ਵੈਬਸਾਈਟ (gurvichar.com/ 2016/12/03/there-is-no-concept-of-ek-granth-ek-panth-in-sikhism) ਵਿਚ ਕਿਹਾ ਹੈ ਕਿ "ਸਿੱਖ ਧਰਮ ਵਿਚ ਏਕ ਗ੍ਰੰਥ ਇਕ ਪੰਥ ਦੀ ਕੋਈ ਧਾਰਨਾ ਨਹੀਂ ਹੈ। ਇਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਿਰਾਦਰ ਹੈ, ਜਿਨ੍ਹਾਂ ਨੇ ਭਾਈ ਗੁਰਦਾਸ ਜੀ ਦੇ ਕਾਰਜਾਂ ਨੂੰ ਪਰਮਾਣਿਕ ਬਾਣੀ: ਕੈਨੋਨਾਈਜ਼ਡ ਸ਼ਾਸਤਰ ਵਜੋਂ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ, ਜਿਨ੍ਹਾਂ ਨੇ ਦਸਮ ਗ੍ਰੰਥ ਦੀ ਰਚਨਾ ਕੀਤੀ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਨੂੰ ਪਰਮਾਣਿਕ ਬਾਣੀ ਵਜੋਂ ਨਿਹਾਲ ਕੀਤਾ।" ਅੱਗੇ ਅਨੁਰਾਗ ਸਿੰਘ ਲਿਖਦਾ ਹੈ ਕਿ ਸਾਰੇ ਸਿੱਖ ਅਸਥਾਨਾਂ ਵਿਚ ਇਹਨਾਂ ਚਾਰ ਗ੍ਰੰਥਾਂ (ਗੁਰੂ ਗ੍ਰੰਥ ਸਾਹਿਬ, ਦਸਮ ਗਰੰਥ, ਭਾਈ ਗੁਰਦਾਸ ਦੀਆਂ ਰਚਨਾਵਾਂ ਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ) ਦੇ ਸ਼ਬਦ ਗਾਏ ਸੁਣਾਏ ਜਾਂਦੇ ਹਨ। ਇਹ ਸ੍ਰੀ ਗੁਰੂ ਰਾਮਦਾਸ ਜੀ ਦੇ ਹੁਕਮ ਵਿਚ ਵਿਸ਼ਵਾਸ ਕਰਨ ਦੇ ਵੀ ਬਰਾਬਰ ਹੈ : "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥" ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਸਾਰੀਆਂ ਹੱਥ-ਲਿਖਤਾਂ ਵਿਚ (ਗੁਰੂ ਅਰਜਨ ਦੇਵ-ਗੁਰੂ ਗੋਬਿੰਦ ਸਿੰਘ ਵਲੋਂ), ਗ੍ਰੰਥ ਸ਼ਬਦ ਨਹੀਂ ਵਰਤਿਆ ਗਿਆ ਹੈ।

ਪਰ ਅਨੁਰਾਗ ਸਿੰਘ ਇਹ ਗਿਆਨ ਹੋਣਾ ਚਾਹੀਦਾ ਹੈ ਕਿ ਗੁਰੂ ਸਾਹਿਬਾਨਾਂ ਨੇ ਗੁਰੂ ਗਰੰਥ ਸਾਹਿਬ ਨਾਲ ਕਿਸੇ ਵੀ ਗ੍ਰੰਥ ਦੀ ਤੁਲਨਾ ਨਹੀਂ ਕੀਤੀ ਤੇ ਸੀਸ ਗੁਰੂ ਗਰੰਥ ਸਾਹਿਬ ਅੱਗੇ ਝੁਕਾਉਣ ਨੂੰ ਕਿਹਾ ਹੈ। ਗੁਰੂ ਗ੍ਰੰਥ ਸਾਹਿਬ ਤੇ ਪੋਥੀਆਂ ਦਾ ਸੰਕਲਪ ਨੂੰ ਰਲਗਡ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਦਰਜੇ ਤੇ ਜੋਤਿ ਪ੍ਰਬੰਧ ਨੂੰ ਘਟਾਉਣਾ ਹੈ। ਆਰ ਐਸ ਐਸ ਤੇ ਸਨਾਤਨਵਾਦੀ ਇਹੀ ਚਾਹੁੰਦੇ ਹਨ ਕਿ ਸਿੱਖ ਧਰਮ ਵਿਚੋਂ ਗੁਰੂ ਗਰੰਥ ਸਾਹਿਬ ਦੇ ਸੰਕਲਪ ਨੂੰ ਕਿਸੇ ਤਰ੍ਹਾਂ ਰੱਦ ਕਰਵਾਇਆ ਜਾਵੇ। ਜਦੋਂ ਇਹ ਸੰਕਲਪ ਰੱਦ ਹੋਇਆ, ਗੁਰੂ ਗ੍ਰੰਥ ਤੇ ਗੁਰੂ ਪੰਥ ਦਾ ਰਿਸ਼ਤਾ ਟੁੱਟਿਆ ਤਾਂ ਸਿੱਖ ਧਰਮ ਦਾ ਵਿਲੱਖਣ ਵਜੂਦ ਨਹੀਂ ਰਹੇਗਾ।

ਅਨੁਰਾਗ ਸਿੰਘ ਦੀ ਧਾਰਨਾ ਬਿਲਕੁਲ ਸਿੱਖ ਰਹਿਤ ਮਰਿਯਾਦਾ ਤੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਵਿਰੁੱਧ ਹੈ। ਗੁਰੂ ਗਰੰਥ ਤੇ ਗੁਰੂ ਪੰਥ ਦਾ ਰਿਸ਼ਤਾ ਸਿਖੀ ਦਾ ਆਧਾਰ ਹੈ। ਜਦੋਂ ਸਿਖ ਪੰਥ ਨੇ ਗੁਰੂ ਗਰੰਥ ਸਾਹਿਬ ਦਾ ਸ਼ਰੀਕ ਧਾਰਨ ਕੀਤਾ ਤਾਂ ਸਿਖੀ ਨਹੀਂ ਬਚੇਗੀ। ਗੁਰੂ ਗਰੰਥ ਸਾਹਿਬ ਉਪਰ ਵਿਸ਼ਵਾਸ ਕਰਕੇ ਪੰਥ ਜਿਉਂਦਾ ਹੈ, ਪਰ ਮਠ ਪਰੰਪਰਾ ਦਾ ਸਨਾਤਨੀ ਸਿਧਾਂਤ ਲਿਆ ਰਹੇ ਵਿਦਵਾਨ ਸਜਣ ਅਨੁਰਾਗ ਸਿੰਘ ਨੇ ਗੁਰੂ ਸਾਹਿਬਾਨਾਂ ਦੀ ਜੋਤਿ ਨੂੰ ਚੈਲਿੰਜ ਕਰ ਦਿਤਾ ਹੈ ਕਿ ਸਿਖ ਧਰਮ ਵਿਚ ਇਕ ਗਰੰਥ



ਇਕ ਪੰਥ ਦਾ ਕੋਈ ਵਜੂਦ ਨਹੀਂ। ਇਹ ਧਾਰਨਾ ਗੁਰੂ ਗੋਬਿੰਦ ਸਿੰਘ ਜੀ, ਗੁਰੂ ਗਰੰਥ ਸਾਹਿਬ ਤੇ ਪੰਥ ਦੀ ਵਿਲੱਖਣ ਹਸਤੀ ਨੂੰ ਚੈਲਿੰਜ ਹੈ ਤੇ ਪੂਰਾ ਭਗਵਾਂ ਏਜੰਡਾ ਹੈ।

ਗੁਰੂ ਗਰੰਥ ਸਾਹਿਬ ਤੋਂ ਬਿਨਾਂ ਸਿਖ ਧਰਮ ਦਾ ਕੋਈ ਗਰੰਥ ਗੁਰੂ ਨਹੀਂ। ਭਾਈ ਗੁਰਦਾਸ ਦੀ ਬਾਣੀ ਗੁਰਮਤਿ ਅਨੁਕੂਲ ਹੋਣ ਕਰਕੇ ਪੜ੍ਹੀਦੀ ਹੈ, ਪਰ ਇਹ ਬਾਣੀ ਗੁਰੂ ਨਹੀਂ ਹੈ। ਦਸਮ ਗਰੰਥ ਦੀ ਅੰਮ੍ਰਿਤ ਬਾਣੀਆਂ, ਨਿਤਨੇਮ ਨੂੰ ਖਾਲਸਾ ਪੰਥ ਨੇ ਗੁਰੂ ਪੰਥ ਦੇ ਦਰਜੇ ਵਜੋਂ ਆਪ ਪ੍ਰਵਾਨਗੀ ਦਿੱਤੀ ਹੈ। ਦਸਮ ਗਰੰਥ ਗੁਰੂ ਨਹੀਂ ਹੈ। ਪਰ ਅਕਾਲ ਤਖ਼ਤ ਸਾਹਿਬ ਤੋਂ ਇਸ ਦਾ ਨਿਬੇੜਾ ਹੋ ਚੁੱਕਾ ਹੈ ਤੇ ਇਸ ਬਾਰੇ ਵਾਦ-ਵਿਵਾਦ ਨਹੀਂ ਕਰਨਾ। ਸਿਖਾਂ ਦਾ ਗੁਰੂ ਗੁਰੂ ਗਰੰਥ ਸਾਹਿਬ ਹੈ। ਇਸ ਦਾ ਹੀ ਪਰਕਾਸ਼ ਕੀਤਾ ਜਾ ਸਕਦਾ ਹੈ। ਬਾਕੀ ਕਿਸੇ ਗ੍ਰੰਥ ਦਾ ਪ੍ਰਕਾਸ਼ ਨਹੀਂ ਹੋ ਸਕਦਾ।

ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਭਾਵੇਂ ਗੁਰ ਸ਼ਖ਼ਸੀਅਤ ਦੇ ਦਸ ਜਾਮੇ ਸਨ ਪਰ ਜੋਤਿ ਤੇ ਜੁਗਤਿ ਇੱਕੋ ਰਹੀ। ਇਹੀ ਕਾਰਨ ਹੈ ਕਿ ਜਦੋਂ ਪਹਿਲੀ ਅਕਤੂਬਰ 1708 ਵਿਚ ਆਪਣੇ ਸੱਚ-ਖੰਡ ਦੀ ਵਾਪਸੀ ਦੇ ਸਮੇਂ ਨਦੇੜ ਵਿਖੇ ਦਸਮ ਪਾਤਸ਼ਾਹ ਨੇ ਗੁਰੂ ਜੋਤਿ ਨੂੰ 'ਗ੍ਰੰਥ ਸਾਹਿਬ' ਵਿਚ ਸਥਿਤ ਕੀਤਾ ਤਾਂ ਉਸੇ ਦਿਨ ਤੋਂ ਸ਼ਬਦ ਪ੍ਰਕਾਸ਼ ਨਾਲ ਸ਼ਿੰਗਾਰੇ 'ਗ੍ਰੰਥ ਸਾਹਿਬ' ਨਾਲ ਜਾਗਤ ਜੋਤਿ, ਪੂਰਨ ਗੁਰ ਵਰਗੇ ਲਕਬ ਜੁੜ ਗਏ। ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਸਿੰਘਾਸਨ ਉਤੇ ਪ੍ਰਕਾਸ਼ਮਾਨ ਕਰਕੇ ਜਿਥੇ ਦਸਮ ਗੁਰੂ ਨੇ ਦੇਹਧਾਰੀ ਇਕ ਪੁਰਖੀ ਗੁਰੂ ਪਰੰਪਰਾ ਦਾ ਭੋਗ ਪਾ ਦਿੱਤਾ, ਉਥੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ ਸ਼ਬਦ ਗੁਰੂ ਅਨੁਭਵ ਨਾਲ ਸਿੱਖਾਂ ਨੂੰ ਆਪਣਾ ਸੁਭਾ, ਬੋਲ, ਵਿਚਾਰ ਤੇ ਆਚਾਰ ਘੜਨ ਤੇ ਸਿਰਜਨ ਦਾ ਆਦੇਸ਼ ਵੀ ਦਿੱਤਾ। ਗੁਰੂ ਗ੍ਰੰਥ ਸਾਹਿਬ ਨੂੰ ਪੋਥੀ ਨਹੀਂ ਕਿਹਾ ਜਾਂਦਾ, ਗ੍ਰੰਥ ਹੀ ਕਿਹਾ ਜਾਂਦਾ ਹੈ। ਇਹ ਗ੍ਰੰਥ ਦਾ ਦਰਜਾ ਦਸਮ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕਿਤੇ ਹੁਕਮ ਨਹੀਂ ਕੀਤਾ ਕਿ ਸਿੱਖ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਬਾਕੀ ਗ੍ਰੰਥਾਂ ਨੂੰ ਮੰਨੇ :

ਦੂਸਰ ਰੂਪ ਗ੍ਰੰਥ ਜੀ ਜਾਨਹੁ।
ਆਪਨ ਅੰਗ ਮੇਰੇ ਕਰਿ ਮਾਨਹੁ
ਮੇਰਾ ਰੂਪ ਗ੍ਰੰਥ ਜੀ ਜਾਨ।
ਇਸ ਮੇਂ ਭੇਦ ਨ ਰੰਚਕ ਮਾਨ
(ਰਹਿਤਨਾਮਾ ਭਾਈ ਨੰਦ ਲਾਲ ਜੀ)

ਸਬ ਸਿੱਖਨ ਕੋ ਹੁਕਮ ਹੈ
ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਕੋ ਮਾਨੀਓ
ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ
ਖੋਜ ਸਬਦ ਮੈਂ ਲੇਹ।
(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼)

ਭਾਈ ਪ੍ਰਹਿਲਾਦ ਸਿੰਘ ਦੇ ਰਹਿਤਨਾਮੇ ਨੇ ਵੀ ਪੰਥ ਅਤੇ ਗ੍ਰੰਥ ਨੂੰ ਗੁਰਤਾ ਦੇ ਅਧਿਕਾਰੀ ਐਲਾਨ ਦਿੱਤਾ ਸੀ :

"ਅਕਾਲ ਪੁਰਖ ਕੇ ਬਚਨ ਸਿਉਂ
ਪ੍ਰਗਟ ਚਲਾਯੋ ਪੰਥ।
ਸਭ ਸਿੱਖਨ ਕੋ ਬਚਨ ਹੈ
ਗੁਰੂ ਮਾਨੀਅਹੁ ਗ੍ਰੰਥ।"

'ਪੰਥ' ਨੂੰ ਗੁਰੂ ਦੀ ਪਦਵੀ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਹੀ ਨਹੀਂ ਮਿਲੀ। ਇਹ ਪਦਵੀ ਉਸ ਨੂੰ ਗੁਰੂ ਸਾਹਿਬ ਦੇ ਹੁੰਦਿਆਂ ਵੀ ਪ੍ਰਾਪਤ ਸੀ। ਦਸਮ ਗੁਰੂ ਦੇ ਕਵੀਆਂ ਵਿਚੋਂ ਕਵੀ ਕੰਕਣ ਦਾ ਕਥਨ ਹੈ :

ਸਿੱਖ ਸਭੈ ਹਮਰੇ ਗੁਰ ਹੋ ਤੁਮ
ਮੈ ਹੋ ਗੁਰੂ ਜਗ ਮਾਹਿ ਤੁਮਾਰਾ।।
ਜੋ ਕਰਿ ਹੈ ਤੁਮਰਾ ਕੋਊ ਦਰਸਨ
ਜਾਨੋ ਕੀਆ ਤਿਨ ਦਰਸ ਹਮਾਰਾ।।
ਵਾਹਿਗੁਰੂ ਇਹ ਬਚਨ ਸੁਨਾਯਾ
ਗੁਰੂ ਖਾਲਸਾ ਨਾਮ ਧਰਾਯਾ
ਤੁਮ ਮੇਰੇ ਮੈ ਤੁਮਰਾ ਹੂਆ
ਤੁਮਰਾ ਹਮਰਾ ਗੁਰੂ ਨਾ ਦੂਆ।

ਗ੍ਰੰਥ ਪੰਥ ਗੁਰ ਮਾਨੀਏ
ਤਾਰੈ ਸਕਲ ਜਹਾਨ।
(ਰਹਿਤਨਾਮਾ ਭਾਈ ਦਯਾ ਸਿੰਘ)

ਗੁਰ ਕਾ ਪਾਹੁਲ ਸਿਖ ਲੇ
ਰੀਤ ਕਮਾਵਹਿ ਗ੍ਰੰਥ।
(ਰਹਿਤਨਾਮਾ ਭਾਈ ਸਾਹਿਬ ਸਿੰਘ)

ਪੂਜਾ ਅਕਾਲ ਕੀ,
ਪਰਚਾ ਸ਼ਬਦ ਕਾ,
ਆਗਿਆ ਗ੍ਰੰਥ ਕੀ।
(ਰਹਿਤਨਾਮਾ ਭਾਈ ਚਉਪਾ ਸਿੰਘ)

ਸਭ ਸਿੱਖਨ ਕੋ ਹੁਕਮ ਹੈ
ਗੁਰੂ ਮਾਨੀਓ ਗ੍ਰੰਥ।
(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)

ਗੁਰੂ ਸਾਹਿਬ ਨੇ ਖਾਲਸੇ ਨੂੰ ਗੁਰੂ ਕਿਹਾ ਹੀ ਨਹੀਂ ਸਗੋਂ ਅਮਲੀ ਰੂਪ ਵਿਚ ਸਵੀਕਾਰ ਵੀ ਕੀਤਾ। ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣ ਅਤੇ ਦਾਦੂ ਦੀ ਕਬਰ ਤੇ ਤੀਰ ਨਾਲ ਨਮਸਕਾਰ ਕਰਨ ਦੀਆਂ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਗੁਰੂ ਨੇ ਤਾਂ ਖਾਲਸੇ ਨੂੰ ਮੁਖਤਿਆਰ ਬਣਾ ਦਿੱਤਾ ਹੈ। ਗੁਰੂ ਗ੍ਰੰਥ ਦੀ ਵਿਚਾਰਧਾਰਾ ਨੂੰ ਵਿਵਹਾਰਕ ਤੌਰ ਤੇ ਸਥਾਪਤ ਕਰਨ ਦੀ ਜ਼ੁੰਮੇਵਾਰੀ ਹੁਣ ਗੁਰੂ ਪੰਥ ਦੀ ਹੈ।

ਕੁਪ ਰਹੀੜੇ (ਮਲੇਰਕੋਟਲਾ) ਦੇ ਮੈਦਾਨ ਵਿਚ ਜਦੋਂ ਇਕ ਦਿਨ ਵਿਚ 30 ਹਜ਼ਾਰ ਸਿੰਘ ਸਿੰਘਨੀਆ ਦੇ ਖੂਨ ਦੇ ਦਰਿਆ ਵੱਗ ਤੁਰੇ ਤਾ 'ਪੰਥ ਬਚਾਵਣ ਹੈ ਬਡ ਕਰਮ' ਜਾਣ, ਹਰਨ ਹੋਣ ਲਈ ਮਜਬੂਰ ਹੋਕੇ ਗੁਰੀਲਾ ਢੰਗ ਨਾਲ ਜੰਗ ਲੜਨ। ਪੰਥ ਦੇ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ ਨੇ ਉਸ ਸਮੇਂ ਜੋ ਅਰਦਾਸ ਕੀਤੀ, ਪ੍ਰਾਚੀਨ ਪੰਥ ਪ੍ਰਕਾਸ ਦੇ ਕਰਤਾ ਭਾਈ ਰਤਨ ਸਿੰਘ ਭੰਗੂ ਨੇ ਇਉਂ ਅੰਕਿਤ ਕੀਤੀ,'ਪੰਥ ਕੀ ਰਹੇਗੀ ਤੋ ਗਰੰਥ ਕੀ ਭੀ ਰਹੇਗੀ ਨਾਥ। ਪੰਥ ਨਾ ਰਹਾ ਤੋ ਤੇਰੇ ਗਰੰਥ ਕੋ ਕੌਣ ਮਾਨੇਗਾ।'

ਬੀਤੇ ਸਮੇ ਦੌਰਾਨ ਅਨੁਰਾਗ ਜੀ ਨੇ ਭਾਈ ਬਾਲੇ ਨੂੰ ਮਾਨਤਾ ਦਿਤੀ ਸੀ ਪਰ ਮੈਂ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਵਲੋਂ ਪ੍ਰਕਾਸ਼ਿਤ ਦੇ ਸੰਪਾਦਿਤ ਕੀਤੀ ਪੁਸਤਕ 'ਗੁਰੂ ਨਾਨਕ ਦਾ ਧਰਮ ਯੁਧ' ਰਾਹੀਂ ਇਸ ਦਾ ਉਤਰ ਦਿੱਤਾ ਹੈ। ਸਿਖ ਧਰਮ ਨੂੰ ਬਰਬਾਦ ਕਰਨ ਦੀਆਂ ਸਾਜਿਸ਼ਾਂ ਚਲ ਰਹੀਆਂ ਹਨ। ਅਜਿਹੇ ਵਿਦਵਾਨ ਸਨਾਤਨੀ ਸ਼ਰਨ ਵਿਚ ਜਾ ਕੇ ਸਿੱਖ ਧਰਮ 'ਤੇ ਹਮਲੇ ਕਰ ਰਹੇ ਹਨ। ਇਹ ਪਹਿਲੀ ਵਾਰ ਹੋਇਆ ਕਿ ਗੁਰੂ ਗਰੰਥ ਤੇ ਗੁਰੂ ਪੰਥ ਦੀ ਹਸਤੀ ਨੂੰ ਕਿਸੇ ਨੇ ਚੈਲਿੰਜ ਕੀਤਾ ਹੈ। ਸਤਿਗੁਰੂ ਪੰਥ ਦੇ ਆਪ ਸਹਾਈ ਹੋਣ ਅਤੇ ਸਿੱਖ ਨੂੰ ਸਦੀਵ ਯਾਦ ਰਹੇ।

'ਸਿੱਖ ਦੀ ਹਸਤੀ ਪੰਥ ਦੇ ਨਾਲ – ਪੰਥ ਜੀਵੇ ਗੁਰੂ ਗ੍ਰੰਥ ਦੇ ਨਾਲ'। ਇਹ ਦੋ ਗੱਲਾਂ ਦਾ ਸੰਕਲਪ ਗੁਰੂ ਗ੍ਰੰਥ ਤੇ ਗੁਰੂ ਪੰਥ ਹੀ ਸਿੱਖੀ ਦਾ ਆਧਾਰ ਹੈ ਤੇ ਹਰੇਕ ਸਿੱਖ ਨੂੰ ਯਾਦ ਰੱਖਣਾ ਚਾਹੀਦਾ ਹੈ। ਅਕਾਲ ਤਖ਼ਤ ਸਾਹਿਬ ਵਲੋਂ ਸਰਬ ਪ੍ਰਵਾਨਿਤ ਸਿੱਖ ਮਰਿਯਾਦਾ ਹੀ ਖਾਲਸਾ ਪੰਥ ਦੀ ਮਰਿਯਾਦਾ ਹੈ। ਦਸਮ ਗ੍ਰੰਥ ਬਾਰੇ ਕਿਸੇ ਵੀ ਸਿੱਖ ਨੇ ਵਿਵਾਦ ਖੜਾ ਨਹੀਂ ਕਰਨਾ। ਨਿਤਨੇਮ ਤੇ ਅੰਮ੍ਰਿਤ ਦੀਆਂ ਬਾਣੀਆਂ ਨੂੰ ਹਰੇਕ ਸਿੱਖ ਨੇ ਪੰਥ ਦੇ ਹੁਕਮ ਅਨੁਸਾਰ ਪ੍ਰਵਾਨ ਕਰਨਾ ਹੈ। ਭਾਈ ਗੁਰਦਾਸ ਤੇ ਭਾਈ ਨੰਦ ਲਾਲ ਦੀ ਬਾਣੀ ਗੁਰੂ ਹੁਕਮ ਦੇ ਅਨੁਕੂਲ ਹੈ ਤੇ ਇਸ ਦਾ ਜਸ ਗਾਉਣਾ ਹੈ।

---

*ਮਾਮਲਾ ਸਤਲੁਜ ਲਿੰਕ ਨਹਿਰ ਦਾ*

## ਕੈਪਟਨ ਤੇ ਸੁਖਬੀਰ ਬਾਦਲ ਹੋਏ ਮਿਹਣੋ-ਮਿਹਣੀ

**ਚੰਡੀਗੜ੍ਹ/ਏਟੀ ਨਿਊਜ਼ :** ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਸਲੇ 'ਤੇ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦਰਮਿਆਨ ਟਵੀਟ-ਜੰਗ ਛਿੜੀ ਹੋਈ ਹੈ। ਬੀਤੇ ਦਿਨੀਂ ਅਕਾਲੀ ਦਲ ਦੇ ਪ੍ਰਧਾਨ ਤੇ ਫ਼ਿਰੋਜ਼ਪੁਰ ਤੋਂ ਲੋਕ ਸਭਾ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਟਵੀਟ ਕਰ ਅਪੀਲ ਕੀਤੀ ਸੀ ਕਿ ਪੰਜਾਬ ਸਰਕਾਰ ਨੂੰ ਐਸਵਾਈਐਲ ਸਬੰਧੀ ਹੋਣ ਵਾਲੀ ਕਿਸੇ ਵੀ ਬੈਠਕ ਵਿੱਚ ਸ਼ਾਮਲ ਹੋਣ ਦੀ ਲੋੜ ਨਹੀਂ। ਉਨ੍ਹਾਂ ਇਹ ਵੀ ਕਿਹਾ ਸੀ ਕਿ ਸਰਕਾਰ ਨੂੰ ਨਹਿਰੀ ਪਾਣੀ ਦੀ ਵੰਡ ਲਈ ਕਿਸੇ ਦੇ ਦਬਾਅ ਹੇਠ ਆਉਣ ਦੀ ਲੋੜ ਨਹੀਂ। ਸੁਖਬੀਰ ਦੀ ਇਸ ਸਲਾਹ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰ ਪਲਟਵਾਰ ਕਰਦਿਆਂ ਕਿਹਾ ਕਿ ਐਸਵਾਈਐਲ 'ਤੇ ਸੁਖਬੀਰ ਸਲਾਹ ਨਾ ਦੇਵੇ ਤੇ ਪਾਣੀਆਂ ਦੇ ਮਾਮਲੇ 'ਤੇ ਮੈਨੂੰ ਸਲਾਹ ਦੇਣੀ ਹਾਸੋਹੀਣੀ ਹੈ। ਉਨ੍ਹਾਂ ਕਿਹਾ ਕਿ ਸਾਲ 2004 ਵਿੱਚ ਉਨ੍ਹਾਂ (ਕੈਪਟਨ) ਨੇ ਹੀ ਪੰਜਾਬ ਦੇ ਪਾਣੀ ਨੂੰ ਬਚਾਉਣ ਲਈ ਪੰਜਾਬ ਟਰਮੀਨੇਸ਼ਨ ਐਕਟ ਬਣਾਇਆ ਗਿਆ ਸੀ ਤੇ ਨਹਿਰੀ ਪਾਣੀ ਬਾਰੇ ਸਾਰੇ ਸਮਝੌਤੇ ਰੱਦ ਕਰ ਦਿੱਤੇ ਸਨ। ਕੈਪਟਨ ਨੇ ਕਿਹਾ ਕਿ ਉਨ੍ਹਾਂ ਲਈ ਪੰਜਾਬ ਪਹਿਲਾਂ ਹੈ।




22




GET FLAT 22 CENTS

DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com

# ਅਖੌਤੀ ਤਰੱਕੀ ਜੋ ਪੰਜਾਬ ਨੂੰ ਰਾਸ ਨਾ ਆਈ

**ਸਤਪਾਲ ਸਿੰਘ ਦਿਓਲ**

ਆਜ਼ਾਦੀ ਤੋਂ ਪਹਿਲਾਂ ਪੁਰਾਣੇ ਪੰਜਾਬ ਵਿੱਚ ਪੈਦਾ ਹੋਣ ਵਾਲੇ ਬਜ਼ੁਰਗਾਂ ਨੇ ਕਦੇ ਅਜੋਕੇ ਪੰਜਾਬ ਵਿਚਲੇ ਹਾਲਾਤ ਬਾਰੇ ਸੋਚਿਆ ਵੀ ਨਹੀਂ ਹੋਵੇਗਾ। ਰਾਜਨੀਤਕ ਦਲਾਂ ਨੇ ਪੰਜਾਬ ਦੀ ਹਰ ਸਮੱਸਿਆ ਨੂੰ ਵਰਤ ਕੇ ਸਰਕਾਰਾਂ ਤਕ ਬਣਾ ਲਈਆਂ ਹਨ। ਪੰਜਾਬੀ ਹਮੇਸ਼ਾ ਵੱਡੇ ਵੱਡੇ ਘੱਲੂਘਾਰਿਆਂ ਵਿੱਚੋਂ ਗੁਜ਼ਰਦੇ ਰਹੇ ਹਨ। ਇਹ ਬਹਾਦਰ ਕੌਮ ਵੱਡੀਆਂ ਵੱਡੀਆਂ ਘਾਲਣਾ ਘਾਲ ਕੇ ਸਿਰਮੌਰ ਬਣੀ ਹੈ। ਸਮੇਂ ਦੇ ਨਾਲ ਨਾਲ ਹਰ ਪੰਜਾਬੀ ਪਰਿਵਾਰ ਨੇ ਮਿਹਨਤ ਕਰ ਕੇ ਸੁਖ ਸੁਵਿਧਾਵਾਂ ਜੁਟਾਈਆਂ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਬਚਾਉਣ ਲਈ ਕੁਰਬਾਨੀਆਂ ਵੀ ਕੀਤੀਆਂ। ਅੰਗਰੇਜ਼ੀ ਰਾਜ ਸਮੇਂ ਮਿਹਨਤੀ ਪੰਜਾਬੀਆਂ ਨੇ ਬਾਰਾਂ ਵਸਾਈਆਂ ਅਤੇ ਜਾਨਾਂ ਵਾਰ ਕੇ ਜਾਗੀਰਾਂ ਕਾਇਮ ਵੀ ਕੀਤੀਆਂ। ਅੰਗਰੇਜ਼ੀ ਹਕੂਮਤ ਨੂੰ ਭਾਵੇਂ ਸਾਡੀ ਤਰੱਕੀ ਨਾਲ ਕੋਈ ਵਾਸਤਾ ਨਹੀਂ ਸੀ ਫਿਰ ਵੀ ਉਹਨਾਂ ਵਲੋਂ ਰੇਲ ਲਾਈਨਾਂ ਵਿਛਾਈਆ ਗਈਆਂ ਜੋ ਗਾਹੇ ਬਗਾਹੇ ਪੰਜਾਬ ਲਈ ਲਾਹੇਵੰਦ ਸਾਬਤ ਹੋਈਆਂ। ਉਸ ਸਮੇਂ ਵੀ ਪੰਜਾਬੀਆਂ ਨੇ ਨਰੋਈਆਂ ਖ਼ੁਰਾਕਾਂ ਖਾਧੀਆਂ, ਤੰਗੀਆਂ ਤੁਰਸ਼ੀਆਂ ਦੇ ਆਲਮ ਵਿੱਚ ਵੀ ਨਰੋਏ ਪੰਜਾਬ ਦੀ ਸਥਾਪਨਾ ਵਲ ਵਧਦੇ ਰਹੇ।

ਅੱਜ ਦੀ ਭਾਰਤੀ ਕਾਨੂੰਨ ਵਿਵਸਥਾ ਦਾ ਸਾਰਾ ਢਾਂਚਾ ਅੰਗਰੇਜ਼ਾਂ ਦੀ ਦੇਣ ਹੈ। ਭਾਵੇਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਬਾਅਦ ਅੰਗਰੇਜ਼ਾਂ ਦਾ ਵਡਾ ਹਮਲਾ ਸਾਡੇ ਸਿੱਖਿਆ ਅਦਾਰਿਆਂ ਉੱਤੇ ਹੋਇਆ, ਅੰਗਰੇਜ ਹਾਕਮ ਜਾਣਦੇ ਸੀ ਕਿ ਸਿੱਖਿਆ ਦੇ ਰੂਪ ਵਿੱਚ ਜੋ ਪੰਜਾਬੀਆਂ ਦੇ ਮਨਾਂ ਅੰਦਰ ਬਿਠਾ ਦਿੱਤਾ ਜਾਵੇਗਾ, ਉਸ ਦਾ ਫਾਇਦਾ ਉਹਨਾਂ ਨੂੰ ਹੀ ਹੋਵੇਗਾ। ਅਜਾਦੀ ਤੋਂ ਪਹਿਲਾਂ ਅੰਗਰੇਜ਼ਾਂ ਵੱਲੋਂ ਵਿਵਸਥ ਕੀਤਾ ਨਹਿਰ ਸਿੰਚਾਈ ਢਾਂਚਾ ਦੁਨੀਆਂ ਦਾ ਮੋਹਰੀ ਸਿੰਚਾਈ ਪਰਬੰਧ ਸੀ। ਪੰਜਾਬ, ਜਿਸ ਵਿੱਚ ਹਰਿਆਣਾ ਹਿਮਾਚਲ ਪ੍ਰਦੇਸ਼ ਅਤੇ ਪੱਛਮੀ ਪੰਜਾਬ ਵੀ ਸ਼ਾਮਲ ਸੀ, ਖ਼ੁਸ਼ਹਾਲ ਧਰਤੀ ਸੀ। ਸੰਨ 1935 ਦੇ ਨੇੜੇ ਤੇੜੇ ਅਕਾਲ ਪੈਣ 'ਤੇ ਅੰਗਰੇਜ਼ੀ ਹਕੂਮਤ ਨੇ ਛੱਪੜ ਪੁਟਵਾਏ ਜੋ ਪੰਜਾਬੀਆਂ ਲਈ ਲਾਹੇਵੰਦ ਸਾਬਤ ਹੋਏ। ਇਹ ਪੇਂਡੂ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਗਏ। ਉਹੀ ਛੱਪੜ ਅੱਜ ਸਾਡੇ ਪਿੰਡਾਂ ਵਿੱਚ ਗੰਦਗੀ ਅਤੇ ਬਿਮਾਰੀ ਦਾ ਮੁੱਖ ਸਰੋਤ ਹਨ। ਇੱਕ ਸਮਾਂ ਸੀ ਜਦੋਂ ਇਹ ਛੱਪੜ ਬਰਸਾਤ ਦਾ ਪਾਣੀ ਸਾਂਭਦੇ ਸਨ ਅਤੇ ਜਮੀਨਦੋਜ਼ ਪਾਣੀ ਦਾ ਲੈਵਲ ਸਹੀ ਰੱਖਣ ਵਿੱਚ ਸਹਾਈ ਹੁੰਦੇ ਸਨ। ਕਿਸਾਨੀ ਅਗਰ ਖ਼ੁਸ਼ਹਾਲ ਨਹੀਂ ਸੀ ਤਾਂ ਅਜੋਕੇ ਹਾਲਾਤ ਵਾਂਗ ਕਰਜ਼ੇ ਥੱਲੇ ਦੱਬੀ ਹੋਈ ਵੀ ਨਹੀਂ ਸੀ। ਵਸਤ ਵਟਾਂਦਰੇ ਦੇ ਢੰਗ ਨਾਲ ਸਭ ਦੀਆਂ ਰੋਟੀ, ਕਪੜਾ, ਮਕਾਨ ਦੀਆਂ ਸੀਮਤ ਜ਼ਰੂਰਤਾਂ ਪੂਰੀਆਂ ਹੁੰਦੀਆਂ ਸਨ। ਪਰ ਧਰਮਾਂ ਦੇ ਪਾੜਿਆਂ ਨੇ ਉਦੋਂ ਵੀ ਲੋਕਾਂ ਨੂੰ ਅੱਜ ਵਾਂਗ ਜਕੜਿਆ ਹੋਇਆ ਸੀ।

ਸੰਨ ਸੰਤਾਲੀ ਵਿੱਚ ਆਈ ਅਜ਼ਾਦੀ ਪੰਜਾਬ ਲਈ ਮਾਰੂ ਸਾਬਤ ਹੋਈ, ਜਿਸ ਨੇ ਪੰਜਾਬ ਦਾ ਮੂੰਹ ਮੁਹਾਂਦਰਾ ਲਹੂ ਲੁਹਾਣ ਕਰ ਸੁੱਟਿਆ, ਜਿਸਦੇ ਜਖਮ ਅਜੇ ਵੀ ਅੱਲੇ ਤੁਰੇ ਆਉਂਦੇ ਹਨ। ਸੰਨ 1958 ਵਿੱਚ ਰਾਜਸਥਾਨ ਨਹਿਰ ਕੱਢਕੇ ਪੰਜਾਬ ਦੇ ਕੁਦਰਤੀ ਸਰੋਤ ਪਾਣੀ ਨੂੰ ਲੁੱਟ ਲਿਆ ਗਿਆ ਜਿਹੜਾ ਕਿ ਪੰਜਾਬ ਦੀ ਸਾਹ ਰਗ ਹੈ। ਸੰਨ 1984 ਵਿੱਚ ਇਸਦਾ ਨਾਂ ਬਦਲ ਕੇ ਇੰਦਰਾ ਗਾਂਧੀ ਨਹਿਰ ਰੱਖ ਦਿੱਤਾ ਗਿਆ।

ਸੰਨ 1966 ਵਿੱਚ ਪੰਜਾਬ ਨੂੰ ਫਿਰ ਬੇਰਹਿਮੀ ਨਾਲ ਵੰਡਿਆ ਗਿਆ। ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਬਣਾ ਕੇ ਪੰਜਾਬ ਦਾ ਨੁਕਸਾਨ ਖ਼ੂਨ ਖਰਾਬੇ ਤੋਂ ਵੱਧ ਕਰ ਦਿੱਤਾ। ਸਾਡੀਆਂ ਸਿਆਸੀ ਪਾਰਟੀਆਂ ਇਸ ਸੰਬੰਧੀ ਇੱਕ ਦੂਜੇ ਉੱਪਰ ਦੂਸ਼ਣਬਾਜ਼ੀ ਜਰੂਰ ਕਰਦੀਆਂ ਹਨ, ਇਸੇ ਦੂਸ਼ਣਬਾਜ਼ੀ ਦਾ ਭੋਲੇ ਭਾਲੇ ਪੰਜਾਬੀ ਸ਼ਿਕਾਰ ਹੁੰਦੇ ਰਹੇ ਹਨ। ਇਸੇ ਕਰਕੇ ਇਸ ਦਾ ਵਿਰੋਧ ਕਰਨ ਦੀ ਬਜਾਏ ਕੋਝੀਆਂ ਸਿਆਸਤਾਂ ਦਾ ਸ਼ਿਕਾਰ ਹੋ ਗਏ। ਸੁਹਿਰਦ ਤਰੀਕੇ ਨਾਲ ਸੋਚਿਆ ਜਾਵੇ ਤਾਂ ਅਗਰ ਪੰਜਾਬ ਆਪਣੇ ਮੂਲ ਅਕਾਰ ਵਿੱਚ ਹੁੰਦਾ ਤਾਂ ਸਤਲੁਜ ਜਮੁਨਾ ਲਿੰਕ ਨਹਿਰ ਦਾ ਮੁੱਦਾ ਪੈਦਾ ਹੀ ਨਹੀਂ ਹੋਣਾ ਸੀ। ਪੰਜਾਬ ਅਤੇ ਹਰਿਆਣਾ ਦੇ ਭੋਲੇ ਲੋਕਾਂ ਲਈ ਪਾਣੀ ਦਾ ਇਹ ਪਵਾੜਾ ਚੋਣਾਂ ਸਮੇਂ ਹਮੇਸ਼ਾ ਪਿਆ ਰਹਿਣਾ ਜਦੋਂ ਕਿ ਜੱਗ ਜ਼ਾਹਰ ਹੈ ਪੰਜਾਬ ਦੇ ਇੱਕ ਸਿਆਸੀ ਆਕਾ ਦੇ ਫਾਰਮ ਹਾਊਸ ਲਈ ਉੱਥੋਂ ਦੀ ਸਰਕਾਰ ਨੇ ਉਚੇਚੇ ਤੌਰ 'ਤੇ ਨਹਿਰ ਕੱਢੀ ਹੈ, ਜਿਸਦਾ ਪੰਜਾਬ ਜਾਂ ਹਰਿਆਣਾ ਨੂੰ ਕੋਈ ਲਾਭ ਨਹੀਂ।

ਸਿਆਸੀ ਦਲਾਂ ਨੂੰ ਅਜਿਹੇ ਮੁੱਦੇ ਸਿਆਸਤ ਕਰਨ ਲਈ ਜਿਉਂਦੇ ਰੱਖਣੇ ਪੈਂਦੇ ਹਨ। ਹਰਿਆਣਾ ਬਣਾ ਕੇ ਪੰਜਾਬ ਨਾਲ ਲੜਾ ਕੇ ਦੋਵੇਂ ਸੂਬਿਆਂ ਵਿਚ ਸਰਕਾਰਾਂ ਬਣਦੀਆਂ ਰਹੀਆਂ ਹਨ। ਜੇਕਰ ਪੰਜਾਬ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਤਾਂ ਹਰਿਆਣਾ ਵੀ ਇਸ ਸੰਕਟ ਤੋਂ ਅਛੂਤਾ ਨਹੀਂ। ਪੰਜਾਬ ਦਾ ਜਮੀਨਦੋਜ਼ ਪਾਣੀ ਖਤਮ ਹੋਣ ਕਿਨਾਰੇ ਹੈ ਤਾਂ ਹਰਿਆਣਾ ਵੀ ਇਸ ਸਮੱਸਿਆ ਤੋਂ ਅਛੂਤਾ ਨਹੀਂ। ਪੰਜਾਬ ਬੰਜਰ ਹੋਵੇਗਾ ਤਾਂ ਹਰਿਆਣਾ ਪਹਿਲਾਂ ਹੋਵੇਗਾ। ਹਰੀ ਕਰਾਂਤੀ ਨੇ ਭਾਰਤ ਦਾ ਤਾਂ ਬਹੁਤ ਕੁਝ ਸੰਵਾਰ ਦਿੱਤਾ ਪਰ ਪੰਜਾਬ ਉੱਤੇ ਮਾਰੂ ਪ੍ਰਭਾਵ ਹੁਣ ਨਜ਼ਰ ਆ ਰਹੇ ਹਨ। ਦੁਨੀਆਂ ਭਰ ਦੇ ਅਗਾਂਹਵਧੂ ਦੇਸ਼ਾਂ ਵੱਲੋਂ ਨਕਾਰੀਆਂ ਤੇ ਮਨੁੱਖੀ ਸਿਹਤ ਲਈ ਹਾਨੀਕਾਰਕ ਕੀੜੇਮਾਰ ਦਵਾਈਆਂ ਹਰੀ ਕ੍ਰਾਂਤੀ ਦੇ ਨਾਮ 'ਤੇ ਅਸੀਂ ਅਪਣਾ ਲਈਆਂ ਜਿਸ ਨਾਲ ਸਾਰੀ ਆਬੋ ਹਵਾ ਗੰਧਲੀ ਕਰ ਦਿੱਤੀ ਗਈ। ਰਵਾਇਤੀ ਦਰਖਤਾਂ ਅਤੇ ਜੀਵਾਂ ਲਈ ਹਰੀ ਕ੍ਰਾਂਤੀ ਮਾਰੂ ਸਾਬਤ ਹੋਈ। ਸਫੈਦੇ ਅਤੇ ਪਾਪੂਲਰ ਵਰਗੇ ਵਾਤਾਵਰਣ ਮਾਰੂ ਦਰੱਖਤ ਲਿਆਂਦੇ ਗਏ। ਖਾਸ ਤੌਰ 'ਤੇ ਪੰਜਾਬ ਵਿੱਚ ਬਾਕੀ ਦੇਸ਼ ਨਾਲੋਂ ਬਗੈਰ ਸੋਚੇ ਸਮਝੇ ਖਤਰਨਾਕ ਗੈਰਜ਼ਰੂਰੀ



ਜ਼ਹਿਰਾਂ ਦਾ ਇਸਤੇਮਾਲ ਕੀਤਾ ਗਿਆ ਜਿਸ ਨੇ ਕੈਂਸਰ, ਕਾਲੇ ਪੀਲੀਏ ਜਿਹੀਆਂ ਬੀਮਾਰੀਆਂ ਦਾ ਪੰਜਾਬ ਵਿੱਚ ਮੁੱਢ ਬੰਨ੍ਹ ਦਿੱਤਾ।

ਇਸਦੇ ਨਾਲ ਹੀ ਵਿਦੇਸ਼ੀ ਬੀਜਾਂ ਨੇ ਆਪਣੇ ਨਾਲ ਨਵੇਂ ਹਾਨੀਕਾਰਕ ਨਦੀਨਾਂ ਨੂੰ ਵੀ ਉਗਾਇਆ ਜਿਸ ਨਾਲ ਰਵਾਇਤੀ ਜੜੀ ਬੂਟੀਆਂ ਖਤਮ ਹੋ ਗਈਆਂ। ਗਾਜਰ ਘਾਹ ਵਰਗੇ ਖਤਰਨਾਕ ਨਦੀਨ ਕਣਕ ਨਾਲ ਬਰਾਮਦ ਕੀਤੇ ਗਏ। ਪੰਜਾਬੀਆਂ ਨੇ ਜ਼ਿੰਮੇਵਾਰ ਹੋਣ ਦਾ ਸਬੂਤ ਨਹੀਂ ਦਿੱਤਾ, ਬਗੈਰ ਸੋਚੇ ਸਮਝੇ ਹੀ ਗੈਰਜ਼ਰੂਰੀ ਜ਼ਹਿਰਾਂ ਨੂੰ ਹੱਥੋ ਹੱਥ ਅਪਣਾ ਲਿਆ ਅਤੇ ਇਹ ਧਰਤੀ ਹੇਠਲੇ ਪਾਣੀ ਵਿੱਚ ਜਾ ਰਲੇ ਜਿਸ ਨੂੰ ਸਾਫ ਕਰਨਾ ਤਾਂ ਦੂਰ, ਮਿਲਾਵਟੀ ਤੱਤਾਂ ਦੀ ਜਾਂਚ ਕਰਨਾ ਵੀ ਦੂਰ ਦੀ ਕੌਡੀ ਹੈ। ਕੁਝ ਸਮਾਂ ਪਹਿਲਾਂ ਅੰਮ੍ਰਿਤਸਰ ਦੀ ਮਜੀਠਾ ਤਹਿਸੀਲ ਦਾ ਜਮੀਨਦੋਜ਼ ਪਾਣੀ ਪੰਜਾਬ ਵਿੱਚ ਸਭ ਤੋਂ ਸ਼ੁਧ ਸੀ, ਜਿਸ ਨੂੰ ਕਿਸੇ ਪਿਊਰੀਫਾਇਰ ਦੀ ਲੋੜ ਨਹੀਂ ਸੀ ਪਰ ਇੰਡਸਟਰੀ ਦਾ ਰਸਾਇਣਯੁਕਤ ਪਾਣੀ ਧਰਤੀ ਹੇਠਾਂ ਨਿਘਾਰ ਕੇ ਉਸ ਪਾਣੀ ਨੂੰ ਕੁਰਲੀ ਕਰਨ ਯੋਗ ਵੀ ਨਹੀਂ ਛੱਡਿਆ ਗਿਆ। ਧਰਤੀ ਹੇਠਲੇ ਪਾਣੀ ਨੂੰ ਝੋਨੇ ਦੀ ਖੇਤੀ ਨੇ ਚੂਸ ਲਿਆ ਹੈ। ਕਿਸਾਨੀ ਪ੍ਰਤੀ ਸਰਕਾਰਾਂ ਦਾ ਮਾਰੂ ਨਜ਼ਰੀਆ ਰਿਹਾ ਹੈ। ਕਿਸਾਨ ਦੇ ਪੁੱਤ ਕੋਲ ਖੇਤੀ ਉੱਤੇ ਮਾਣ ਕਰਨ ਜੋਗਾ ਕੁਝ ਨਹੀਂ ਰਿਹਾ। ਉਹ ਵਿਦੇਸ਼ਾਂ ਵਲ ਭੱਜ ਤੁਰਿਆ ਹੈ। ਉੱਪਰੋਂ ਸਰਕਾਰਾਂ ਦੀ ਬੇਸ਼ਰਮੀ ਦੇਖੋ ਕਿ ਨੌਜਵਾਨਾਂ ਵਾਸਤੇ ਆਈਲੈਟਸ ਸੈਂਟਰ ਖੋਲ੍ਹ ਕੇ ਉਹਨਾਂ ਨੂੰ ਵਿਦੇਸ਼ਾਂ ਵਲ ਭਜਾਉਣ ਲਈ ਕਾਹਲੀ ਹੈ ਤਾਂ ਕਿ ਉਹ ਪੰਜਾਬ ਵਿੱਚ ਰਹਿ ਕੇ ਰੋਜ਼ਗਾਰ ਦੀ ਮੰਗ ਹੀ ਨਾ ਕਰ ਸਕਣ। ਇੱਕ ਪਾਰਟੀ ਦਾ ਤਾਂ ਚੋਣ ਵਾਅਦਾ ਹੀ ਇਹ ਸੀ ਕਿ ਪੰਜਾਬੀਆਂ ਨੂੰ ਕਨੇਡਾ ਵਿੱਚ ਜ਼ਮੀਨ ਖਰੀਦ ਕੇ ਦਿੱਤੀ ਜਾਵੇਗੀ। ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾ ਜਾਵੇ, ਪੰਜਾਬ ਦੀ ਹੀ ਜ਼ਮੀਨ, ਪਾਣੀ ਅਤੇ ਜਵਾਨੀ ਬਚਾਉਣ ਦੀ ਲੋੜ ਹੈ।

ਪੰਜਾਬ ਦੇ ਲੋਕ, ਖਾਸ ਤੌਰ ਤੇ ਸਿੱਖ ਤੰਬਾਕੂ ਨੂੰ ਨਫਰਤ ਕਰਦੇ ਰਹੇ ਹਨ। ਅੱਸੀਵੇਂ ਦੇ ਦਹਾਕੇ ਦੇ ਅਖੌਤੀ ਸੱਭਿਆਚਾਰ ਨੇ ਟੇਪ ਰਿਕਾਰਡਾਂ ਦੇ ਗੀਤਾਂ ਰਾਹੀਂ ਤੰਬਾਕੂ ਅਤੇ ਅਫੀਮ ਘਰ ਘਰ ਵਾੜ ਦਿੱਤੀ। ਸ਼ੁਕਰ ਹੈ ਸਰਕਾਰ ਨੂੰ ਸਮਝ ਤਾਂ ਆਈ ਕਿ ਤੰਬਾਕੂ ਸਿਹਤ ਲਈ ਹਾਨੀਕਾਰਕ ਹੈ। ਅਫੀਮ ਦੀਆਂ ਸਿਫਤਾਂ ਅੱਜ ਵੀ ਕੀਤੀਆਂ ਜਾਂਦੀਆਂ ਹਨ।

ਮੌਜੂਦਾ ਨਸ਼ੇ ਦੀ ਭੈੜੀ ਲਤ ਲੰਮੇ ਸਮੇਂ ਤੋਂ ਪੰਜਾਬ ਨੂੰ ਨਸ਼ੇੜੀ ਬਣਾਉਣ ਦੀਆਂ ਕੋਝੀਆਂ ਚਾਲਾਂ ਦਾ ਸਿੱਟਾ ਹੈ। ਸੱਭਿਆਚਾਰ ਦੇ ਨਾਮ ਉੱਤੇ ਪੰਜਾਬੀਆਂ ਦੇ ਸ਼ਾਨਮੱਤੇ ਇਤਿਹਾਸ ਦੀ ਥਾਂ ਮਿਰਜਾ ਸਾਹਿਬਾਂ, ਸੱਸੀ ਪੁਨੂੰ, ਹੀਰ ਰਾਂਝਾ, ਸਕੂਲੀ ਸਿੱਖਿਆ ਤੋਂ ਪੜ੍ਹਾ ਕੇ ਪੰਜਾਬੀ ਨੀ ਜਵਾਨੀ ਨੂੰ ਕੋਝੇ ਪਾਸੇ ਲਾਉਣ ਦੀ ਕਸਰ ਬਾਕੀ ਨਹੀਂ ਛੱਡੀ ਗਈ। ਸ਼ਾਇਦ ਸਰਕਾਰਾਂ ਪੰਜਾਬੀ ਜਵਾਨੀ ਨੂੰ ਆਸ਼ਕ ਮਿਜਾਜ਼ ਹੀ ਵੇਖਣਾ ਚਾਹੁੰਦੀਆਂ ਹਨ ਕਿਉਂ ਜੋ ਬਹਾਦਰ ਪੰਜਾਬੀ ਆਪਣੇ ਬਜ਼ੁਰਗਾਂ ਦੇ ਇਤਿਹਾਸ ਤੋਂ ਜਾਣੂ ਹੋ ਕੇ ਸਰਕਾਰਾਂ ਲਈ ਖਤਰਾ ਨਾ ਬਣਨ। ਸਿੱਖਿਆ ਦੇ ਖੇਤਰ ਵਿੱਚ ਅੱਜ ਵੀ ਇਸ਼ਕ ਮਿਜਾਜ਼ੀ ਕਿੱਸੇ ਜ਼ੋਰ ਸ਼ੋਰ ਨਾਲ ਪੜ੍ਹਾਏ ਜਾਂਦੇ ਹਨ। ਅਖੌਤੀ ਸੱਭਿਆਚਾਰ ਦੇ ਨਾਮ ਉੱਤੇ ਪਹਿਲਾਂ ਅੰਗਰੇਜ਼ਾਂ ਨੇ ਪੰਜਾਬੀਆਂ ਦੀ ਧਾਰਮਿਕ ਬਿਰਤੀ ਦਾ ਨਜਾਇਜ਼ ਫਾਇਦਾ ਉਠਾਇਆ ਅਤੇ ਡੇਰਿਆਂ ਨੂੰ ਜਮੀਨਾਂ ਅਲਾਟ ਕੀਤੀਆਂ। ਵੱਧ ਤੋਂ ਵੱਧ ਸਾਧ ਪੈਦਾ ਕੀਤੇ ਜੋ ਕਿ ਅੱਜ ਤੱਕ ਦੀਆਂ ਸਰਕਾਰਾਂ ਵੀ ਅੰਗਰੇਜ਼ਾਂ ਦੀ ਵਿਰਾਸਤ ਨੂੰ ਰਾਜ ਭਾਗ ਕਾਇਮ ਰੱਖਣ ਲਈ ਜਾਰੀ ਰੱਖ ਰਹੀਆਂ ਹਨ। ਪੰਜਾਬ ਨੂੰ ਨਸ਼ਿਆਂ ਦੇ ਦਲਦਲ ਵਿੱਚ ਧਕੇਲ ਦਿੱਤਾ ਗਿਆ ਹੈ ਤਾਂ ਜੋ ਪੰਜਾਬੀ ਜਵਾਨੀ ਹੱਕ ਨਾ ਮੰਗੇ, ਨਸ਼ੇੜੀ ਜਵਾਨੀ ਨੂੰ ਸਾਂਭਦਾ ਬਾਕੀ ਪੰਜਾਬ ਹੱਕਾਂ ਵੱਲ ਧਿਆਨ ਦੇਣ ਤੋਂ ਵਾਂਝਾ ਰਹੇ। ਪੰਜਾਬ ਦੀ ਜਵਾਨੀ ਨੂੰ ਨਸ਼ੇ ਉੱਤੇ ਲਾ ਕੇ ਸਿਆਸੀ ਦਲ ਪਿਛਲੱਗੂ ਫੌਜ ਤਿਆਰ ਕਰ ਰਹੇ ਹਨ। ਡਿਕਲੋਫੈਨਿਕ ਵਰਗੀਆਂ ਸਿਹਤ ਨਾਸ਼ਕ ਦਵਾਈਆਂ ਦੀ ਪੰਜਾਬ ਵਿੱਚ ਭਾਰੀ ਖਪਤ ਹੈ ਜੋ ਬਗੈਰ ਡਾਕਟਰੀ ਸਲਾਹ ਦੇ ਅਸਾਨੀ ਨਾਲ ਹਾਸਲ ਹੋ ਜਾਂਦੀ ਹੈ। ਇਹ ਉਹੀ ਦਵਾਈ ਹੈ ਜੋ ਪਸ਼ੂਆਂ ਨੂੰ ਦੇਣ 'ਤੇ ਉਹਨਾਂ ਦੇ ਸ਼ਰੀਰ ਵਿੱਚੋਂ ਜਾਂਦੀ ਨਹੀਂ ਸੀ, ਫਿਰ ਉਹਨਾਂ ਪਸ਼ੂਆਂ ਦਾ ਮੁਰਦਾਰ ਖਾਣ ਕਾਰਨ ਇੱਲਾਂ ਬੀਮਾਰੀ ਗ੍ਰਸਤ ਹੋ ਕੇ ਮਰ ਗਈਆਂ। ਕਮਾਲ ਦੀ ਗੱਲ ਇਹ ਹੈ ਕਿ ਇਹ ਦਵਾਈ ਪਸ਼ੂਆਂ ਨੂੰ ਦੇਣ ਉੱਤੇ ਤਾਂ ਪਾਬੰਦੀ ਹੈ ਪਰ ਇਨਸਾਨ ਲੈ ਸਕਦਾ ਹੈ। ਅਮਰੀਕਾ ਵਿੱਚ ਇਹ ਦਵਾਈ ਬੈਨ ਕੀਤੀ ਹੋਈ ਹੈ ਪਰ ਉਹਨਾਂ ਕੋਲ ਭਾਰਤ ਦੀ ਮੰਡੀ ਸਪਲਾਈ ਕਰਨ ਵਾਸਤੇ ਹੈ।

ਭਾਰਤ ਸਰਕਾਰ ਵੱਲੋਂ ਹਿਮਾਚਲ ਪ੍ਰਦੇਸ਼ ਨੂੰ ਟੈਕਸ ਫਰੀ ਜੋਨ ਘੋਸ਼ਿਤ ਕੀਤਾ ਹੋਇਆ ਹੈ, ਜਿੱਥੇ ਸਾਰੀ ਇੰਡਸਟਰੀ ਤਬਦੀਲ ਹੋ ਕੇ ਜਾ ਰਹੀ ਹੈ ਅਤੇ ਹਰਿਆਣਾ ਅਤੇ ਪੰਜਾਬ ਦੀਆਂ ਨਦੀਆਂ ਹਿਮਾਚਲ ਪ੍ਰਦੇਸ਼ ਦੀ ਇੰਡਸਟਰੀ ਦਾ ਪ੍ਰਦੂਸ਼ਨ ਸਾਂਭ ਰਹੀਆਂ ਹਨ। ਪੰਜਾਬ ਦਾ ਕੋਈ ਵੀ ਦਰਿਆ ਜਾਂ ਨਦੀ ਸਾਫ ਪਾਣੀ ਉਪਲਬਧ ਨਹੀਂ ਕਰਵਾਉਂਦੀ। ਸਰਕਾਰਾਂ ਦੀ ਸੋਚ ਦਾ ਇੱਥੋਂ ਹੀ ਪਤਾ ਲੱਗ ਜਾਂਦਾ ਹੈ। ਆਮ ਇਨਸਾਨ ਵੀ ਚੰਗੀ ਤਰ੍ਹਾਂ ਸਮਝਦਾ ਹੈ ਕਿ ਉੱਚੀ ਜਗ੍ਹਾ ਤੋਂ ਇਡਸਟਰੀ ਕਚਰਾ ਮੈਦਾਨਾਂ ਵਲ ਹੀ ਵਧੇਗਾ ਤੇ ਸਮੱਸਿਆ ਖੜ੍ਹੀ ਕਰੇਗਾ। ਰਾਜਸਥਾਨ ਕੋਲ ਗੈਰ ਉਪਜਾਊ ਜਮੀਨ ਦੀ ਬਹੁਤਾਤ ਹੈ, ਜਿੱਥੇ ਇੰਡਸਟਰੀ ਲਗਾ ਕੇ ਪੰਜਾਬ ਅਤੇ ਹਰਿਆਣਾ ਬਚਾਏ ਜਾ ਸਕਦੇ ਹਨ। ਨਦੀਆਂ ਦੀ ਸਫਾਈ ਦੀ ਬਜਾਏ ਵਿੱਚ ਇੰਡਸਟਰੀ ਨੂੰ ਸੁੱਟਿਆ ਜਾਣ ਵਾਲਾ ਕੈਮੀਕਲ ਯੁਕਤ ਪਾਣੀ ਸਾਫ ਕਰਨ ਲਈ ਪਾਬੰਦ ਕੀਤਾ ਜਾ ਸਕਦਾ ਹੈ। ਪੰਜਾਬੀਆਂ ਨੂੰ ਆਪਣੀ ਜਵਾਨੀ, ਪਾਣੀ ਅਤੇ ਜ਼ਮੀਨ ਬਚਾਉਣ ਲਈ ਅਗੇਤੀ ਤਿਆਰੀ ਕਰ ਲੈਣੀ ਚਾਹੀਦੀ ਹੈ। ਨਹੀਂ ਤਾਂ ਬਾਅਦ ਵਿੱਚ ਸਿਵਾਏ ਪਛਤਾਵੇ ਦੇ ਕੁਝ ਹੱਥ ਪੱਲੇ ਨਹੀਂ ਪੈਣਾ।

---

# ਅਮਰੀਕਾ-ਚੀਨ ਵਪਾਰ ਯੁੱਧ ਵਿਚ ਫਸਿਆ ਭਾਰਤ

**ਨਨਡੂ ਬੈਨਰਜੀ**

ਅਮਰੀਕਾ ਅਤੇ ਚੀਨ ਦੇ ਵਪਾਰਕ ਯੁੱਧ ਨੇ ਪਿਛਲੇ ਹਫ਼ਤੇ ਇਕ ਵਧੇਰੇ ਮਹੱਤਵਪੂਰਨ ਪੜਾਅ ਵਿਚ ਪ੍ਰਵੇਸ਼ ਕੀਤਾ ਹੈ। ਕਿਉਂਕਿ ਬੀਜਿੰਗ ਨੇ ਆਪਣੀ ਮੁਦਰਾ ਨੂੰ ਹੋਰ ਕਮਜ਼ੋਰ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਡਿਗਦੇ ਯੂਆਨ ਦਾ ਪੱਧਰ ਨਾ ਸਿਰਫ਼ ਅਮਰੀਕਾ ਦੇ ਲਈ ਹੀ ਨਹੀਂ ਸਗੋਂ ਬਾਕੀ ਦੁਨੀਆ ਦੇ ਲਈ ਵੀ ਇਕ ਵੱਡੀ ਚਿੰਤਾ ਬਣ ਗਿਆ ਹੈ। ਡਿਗਦਾ ਯੂਆਨ ਚੀਨ ਨੂੰ ਆਪਣੀ ਬਰਾਮਦ ਰਾਹੀਂ ਹੋਰ ਅਰਥ-ਵਿਵਸਥਾਵਾਂ 'ਤੇ ਵਧੇਰੇ ਬੋਝ ਪਾਉਣ ਵਿਚ ਮਦਦ ਕਰੇਗਾ। ਚੀਨ ਵੱਲ ਬਰਾਮਦ ਕਰਨਾ ਹੋਰ ਔਖਾ ਹੋ ਜਾਵੇਗਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਜ਼ਾਨਾ ਵਿਭਾਗ ਨੇ ਰਸਮੀ ਰੂਪ ਨਾਲ ਚੀਨ ਨੂੰ ਮੁਦਰਾ ਹੇਰਾਂਫੇਰੀ ਕਰਨ ਵਾਲਾ ਕਰਾਰ ਦਿੱਤਾ ਹੈ, ਕਿਉਂਕਿ ਚੀਨੀ ਉਦਮੀਆਂ ਨੇ ਅਮਰੀਕਾ ਤੋਂ ਖੇਤੀਬਾੜੀ ਉਤਪਾਦਾਂ ਦੀ ਤਾਜ਼ਾ ਖਰੀਦ ਬੰਦ ਕਰ ਦਿੱਤੀ ਹੈ। ਜਿਥੋਂ ਤੱਕ ਭਾਰਤ ਦਾ ਸਬੰਧ ਹੈ, ਕਮਜ਼ੋਰ ਯੂਆਨ ਭਾਰਤੀ ਬਾਜ਼ਾਰ ਵਿਚ ਚੀਨੀ ਸਮਾਨ ਦਾ ਹੜ੍ਹ ਲਿਆ ਸਕਦਾ ਹੈ ਅਤੇ ਦੇਸ਼ ਦੇ ਆਰਥਿਕ ਵਿਕਾਸ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਮੇਕ ਇਨ ਇੰਡੀਆ' ਮੁਹਿੰਮ 'ਤੇ ਨਾਂਹ-ਪੱਖੀ ਪ੍ਰਭਾਵ ਪਾ ਸਕਦਾ ਹੈ।

ਭਾਰਤੀ ਅਰਥ ਵਿਵਸਥਾ ਪਹਿਲਾਂ ਹੀ ਅਕਤੂਬਰ 2018 ਤੋਂ ਬਾਅਦ ਤੋਂ ਇਕ ਅਸੁਵਿਧਾਜਨਕ ਗਿਰਾਵਟ ਦਿਖਾ ਰਹੀ ਹੈ। ਚੀਨ ਦੇ ਸਰਹੱਦੀ ਟੈਕਸ ਵਿਭਾਗ ਵਲੋਂ ਜਾਰੀ ਕੀਤੇ ਗਏ ਅਧਿਕਾਰਤ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ 2018 ਵਿਚ ਚੀਨ ਦੇ ਨਾਲ ਭਾਰਤ ਦਾ ਵਪਾਰ ਘਾਟਾ 2017 ਵਿਚ 51.72 ਬਿਲੀਅਨ ਡਾਲਰ ਤੋਂ 57.86 ਬਿਲੀਅਨ ਡਾਲਰ ਤੱਕ ਪਹੁੰਚ ਗਿਆ। ਹਾਲਾਂਕਿ ਪਿਛਲੇ 5 ਮਹੀਨਿਆਂ ਦੌਰਾਨ ਦੋ ਤਰਫਾ ਵਪਾਰ ਵਿਚ ਮੌਜੂਦਾ ਸਾਲ ਵਿਚ ਪ੍ਰਤੀ ਸਾਲ 3.5 ਫ਼ੀਸਦੀ ਦੀ ਗਿਰਾਵਟ ਦੇ ਨਾਲ 36.87 ਬਿਲੀਅਨ ਡਾਲਰ ਦੀ ਗਿਰਾਵਟ ਆਈ ਹੈ। ਯੂਆਨ ਵਿਚ ਹੇਰਾ-ਫੇਰੀ ਕਰਕੇ ਚੀਨ ਭਾਰਤ ਵੱਲ ਜ਼ਿਆਦਾ ਬਰਾਮਦ ਨੂੰ ਹੋਰ ਵਧਾ ਸਕਦਾ ਹੈ। ਇਸ ਦੇ ਉਲਟ ਚੀਨ ਦੇ ਬਾਜ਼ਾਰ ਤੱਕ ਭਾਰਤ ਦੀ ਸੀਮਤ ਪਹੁੰਚ ਨਾਲ ਭਾਰਤ ਨੂੰ ਇਕ ਹੋਰ ਤਣਾਅ ਦਾ ਸਾਹਮਣਾ ਕਰਨਾ ਪਵੇਗਾ। ਸਸਤੇ ਚੀਨੀ ਉਤਪਾਦ ਹੋਰ ਬਜ਼ਾਰਾਂ ਤੋਂ ਭਾਰਤ ਦੀ ਦਰਾਮਦ ਨੂੰ ਵੀ ਪਿਛੇ ਛੱਡ ਸਕਦੇ ਹਨ, ਜਦੋਂਕਿ ਚੀਨ ਵੱਲ ਬਰਾਮਦ ਵਧਾਉਣ ਦੀਆਂ ਭਾਰਤ ਦੀਆਂ ਕੋਸ਼ਿਸ਼ਾਂ ਨੂੰ ਪੂਰਾ ਕਰਨਾ ਹੋਰ ਔਖਾ ਹੋਵੇਗਾ।



ਡਿਗਦੇ ਹੋਏ ਯੂਆਨ ਨੇ ਭਾਰਤ ਸਣੇ ਵਿਸ਼ਵ ਦੇ ਸ਼ੇਅਰ ਬਾਜ਼ਾਰਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਨਤੀਜੇ ਵਜੋਂ ਬੈਂਚ ਮਾਰਕ ਬੀ.ਐਸ.ਆਈ. ਅਤੇ ਐਨ.ਐਸ.ਈ. ਸੂਚਕਾਂਕ, ਰਿਜ਼ਰਵ ਬੈਂਕ ਆਫ਼ ਇੰਡੀਆ (ਆਰ.ਬੀ.ਆਈ.) ਦੀ ਗ਼ੈਰ-ਰਵਾਇਤੀ 0.35 ਫ਼ੀਸਦੀ ਵਿਆਜ ਦਰਾਂ ਵਿਚ ਕਟੌਤੀ ਦਾ ਜਵਾਬ ਦੇਣ 'ਚ ਸਫ਼ਲ ਰਹੇ। ਪਿਛਲੇ ਬੁੱਧਵਾਰ ਨੂੰ ਸੈਂਸੈਕਸ 286 ਅੰਕ ਘੱਟ ਹੋ ਕੇ 36690 'ਤੇ ਬੰਦ ਹੋਇਆ। ਹਾਲਾਂਕਿ ਵੀਰਵਾਰ ਅਤੇ ਸ਼ੁੱਕਰਵਾਰ ਨੂੰ ਬਾਜ਼ਾਰ ਵਿਚ ਤੇਜ਼ੀ ਆਈ ਪਰ ਨਿਵੇਸ਼ਕਾਂ ਨੂੰ ਆਰ.ਬੀ.ਆਈ. ਵਲੋਂ 2019-20 ਦੇ ਲਈ ਜੀ.ਡੀ.ਪੀ. ਵਿਕਾਸ ਦਰ ਘੱਟ ਕਰਨ ਦੇ ਫ਼ੈਸਲੇ ਦੀ ਚਿੰਤਾ ਹੈ। ਘਬਰਾਏ ਵਿਦੇਸ਼ੀ ਨਿਵੇਸ਼ਕ ਆਪਣਾ ਪੈਸਾ ਲਗਾਉਣ ਦੇ ਲਈ ਸੁਰੱਖਿਅਤ ਥਾਵਾਂ ਦੀ ਭਾਲ ਕਰ ਰਹੇ ਹਨ। ਸੰਯੋਗ ਨਾਲ ਵਾਲ ਸਟਰੀਟ ਨੇ 5 ਅਗਸਤ ਨੂੰ ਐਸ. ਐਂਡ ਪੀ. 500 ਦੇ ਲਗਪਗ 3 ਫ਼ੀਸਦੀ ਹੇਠਾਂ ਆਉਣ ਦੇ ਨਾਲ ਸਾਲ ਦੇ ਸਭ ਤੋਂ ਖਰਾਬ ਦਿਨ ਦਾ ਸਾਹਮਣਾ ਕੀਤਾ ਸੀ।

ਇਸ ਤੋਂ ਪਹਿਲਾਂ 4 ਅਗਸਤ ਨੂੰ ਚੀਨ ਦੇ ਕੇਂਦਰੀ ਬੈਂਕ ਪੀਪਲਜ਼ ਬੈਂਕ ਆਫ਼ ਚਾਈਨਾ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਲਗਾਏ ਜਾ ਰਹੇ ਟੈਕਸ ਦੇ ਅਗਲੇ ਦੌਰ ਦੇ ਪ੍ਰਭਾਵ ਨੂੰ ਸੀਮਤ ਕਰਨ ਲਈ ਕਦਮ ਚੁੱਕੇ, ਜਿਸ ਵਿਚ ਪਹਿਲੀ ਵਾਰ ਮਨੋਵਿਗਿਆਨਕ ਰੂਪ ਨਾਲ ਅਮਰੀਕੀ ਡਾਲਰ ਵਿਚ 7 ਰੈਨਮਿਨਬੀ ਦੇ ਮਹੱਤਵਪੂਰਨ ਬਿੰਦੂ ਨੂੰ ਕਮਜ਼ੋਰ ਕਰ ਦਿੱਤਾ। ਇਕ ਕਮਜ਼ੋਰ ਯੂਆਨ ਚੀਨੀ ਵਸਤੂਆਂ ਨੂੰ ਵਿਦੇਸ਼ਾਂ ਵਿਚ ਵੇਚਣ ਲਈ ਸਸਤਾ ਬਣਾ ਦੇਵੇਗਾ, ਜਿਸ ਨਾਲ ਕਾਰੋਬਾਰਾਂ ਅਤੇ ਉਪਭੋਗਤਾਵਾਂ ਨੂੰ ਇਕ ਸਤੰਬਰ ਵਾਲੇ ਦਿਨ ਅਮਰੀਕੀ ਯੋਜਨਾਵਾਂ ਨੂੰ ਲਾਗੂ ਕਰਨ ਵਿਚ ਮਦਦ ਕਰਨ ਦੇ ਲਈ ਵਧੇਰੇ ਟੈਕਸ ਦੀ ਮਦਦ ਮਿਲੇਗੀ। ਇਹ ਗੱਲ ਭਾਰਤ ਸਣੇ ਸਾਰੇ ਬਰਾਮਦਕਾਰ ਦੇਸ਼ਾਂ ਨੂੰ ਪ੍ਰੇਸ਼ਾਨ ਕਰਦੀ ਹੈ, ਜੋ ਚੀਨ ਦੇ ਨਾਲ ਟੱਕਰ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਚੀਨ ਦੇ ਪੀਪਲਜ਼ ਬੈਂਕ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਇਕ ਪਾਸੜ ਅਤੇ ਵਪਾਰ ਸੁਰੱਖਿਅਕ ਉਪਾਵਾਂ ਅਤੇ ਚੀਨ 'ਤੇ ਵਧੇ ਹੋਏ ਟੈਕਸਾਂ ਨੂੰ ਲਾਗੂ ਕਰਨ 'ਤੇ ਯੂਆਨ ਦੀ ਲੈਣ-ਦੇਣ ਦਰ ਵਿਚ ਗਿਰਾਵਟ ਦੇ ਲਈ ਦੋਸ਼ੀ ਠਹਿਰਾਇਆ।

ਚੀਨ ਦੀ ਸਿਨਹੂਆ ਸਮਾਚਾਰ ਏਜੰਸੀ ਨੇ ਰਾਸ਼ਟਰਪਤੀ ਦੇ ਕਦਮ ਨੂੰ ਉਸ ਸਮਝੌਤੇ ਦੀ ਗੰਭੀਰ ਉਲੰਘਣਾ ਦੱਸਿਆ ਜੋ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਪਿਛਲੇ ਜੂਨ ਵਿਚ ਹੋਇਆ ਸੀ। ਚੀਨ ਨੇ ਪਿਛਲੇ 25 ਸਾਲਾਂ ਵਿਚ ਪਹਿਲੀ ਵਾਰ ਅਮਰੀਕੀ ਖਜ਼ਾਨਾ ਵਿਭਾਗ ਵਲੋਂ ਚੀਨ 'ਤੇ ਲਗਾਏ ਮੁਦਰਾ

ਬਾਕੀ ਸਫ਼ਾ 32 'ਤੇ


MORE: SAVINGS.
TIRE
DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed




# ਸੈਨ ਫਰਾਂਸਿਸਕੋ ਵਿਚ ਭਾਰਤੀ ਜ਼ੁਲਮਾਂ ਵਿਰੁੱਧ ਭਾਰੀ ਰੋਸ ਮੁਜ਼ਾਹਰਾ









**ਸੈਨ ਫਰਾਂਸਿਸਕੋ/ਬਲਵਿੰਦਰਪਾਲ ਸਿੰਘ ਖਾਲਸਾ :** ਸੈਨ ਫਰਾਂਸਿਸਕੋ ਡਾਊਨ ਟਾਊਨ ਵਿਚ ਸਿੱਖਾਂ, ਕਸ਼ਮੀਰੀਆਂ, ਗੋਰਿਆਂ, ਅਫਰੀਕਨਾਂ ਤੇ ਅਮਰੀਕਨਾਂ ਨੇ ਸਾਂਝੇ ਤੌਰ 'ਤੇ ਭਾਰਤੀ ਜ਼ੁਲਮਾਂ ਦਾ ਪਰਦਾਫਾਸ਼ ਕਰਨ ਲਈ ਇਕ ਵੱਡੇ ਮੁਜ਼ਾਹਰੇ ਦਾ ਪ੍ਰਬੰਧ ਕੀਤਾ। ਫੌਰੀ ਤੌਰ 'ਤੇ ਇਸ ਮੁਜ਼ਾਹਰੇ ਲਈ ਸਾਂਝ ਬਣਾਉਣ ਦੇ ਕਾਰਜ ਨੂੰ ਭਾਰਤ ਦੀ ਫਾਸ਼ੀਵਾਦੀ ਮੋਦੀ ਸਰਕਾਰ ਦੁਆਰਾ ਕਸ਼ਮੀਰ ਵਿਚ ਕਰਫਿਊ ਲਾ ਕੇ ਕਸ਼ਮੀਰੀ ਲੋਕਾਂ ਦੀ ਵੱਖਰੀ ਪਹਿਚਾਣ ਤੇ ਅੱਡਰੇ ਅਧਿਕਾਰਾਂ ਦੇ ਖਾਤਮੇ ਦੇ ਸਰਕਾਰੀ ਐਲਾਨਾਂ ਤੋਂ ਬਾਅਦ ਕੀਤਾ ਗਿਆ। ਗੌਰਤਲਬ ਹੈ ਕਿ ਭਾਜਪਾ ਸਰਕਾਰ ਨੇ ਭਾਰਤੀ ਪਾਰਲੀਮੈਂਟ ਵਿਚ ਆਪਣੀ ਬਹੁਗਿਣਤੀ ਦਾ ਫਾਇਦਾ ਉਠਾ ਕੇ ਤਾਨਾਸ਼ਾਹੀ ਢੰਗਾਂ ਨਾਲ ਕਸ਼ਮੀਰ ਦੇ ਵੱਖਰੇ ਅਧਿਕਾਰਾਂ ਵਾਲੀ ਧਾਰਾ 370 ਖਤਮ ਕਰ ਦਿੱਤੀ, ਜਦ ਕਿ ਇਸ ਧਾਰਾ ਨੂੰ ਯੂਐਨਓ ਵੱਲੋਂ ਮਨਜ਼ੂਰ ਕੀਤਾ ਗਿਆ ਸੀ ਤੇ ਇਸ ਵਿਚ ਪਾਕਿਸਤਾਨ ਵੀ ਇਕ ਧਿਰ ਹੈ ਪਰ ਭਾਰਤ ਨੇ ਦਸ ਲੱਖ ਫੌਜ ਕਸ਼ਮੀਰ ਵਿਚ ਤੈਨਾਤ ਕਰਕੇ, ਲੋਕਾਂ ਨੂੰ ਘਰਾਂ ਵਿਚ ਕੈਦ ਕਰਕੇ, ਇੰਟਰਨੈਟ ਤੇ ਫੋਨ ਸਹੂਲਤਾਂ ਬੰਦ ਕਰਕੇ ਇਹ ਤਾਨਾਸ਼ਾਹੀ ਫੈਸਲਾ ਲਾਗੂ ਕਰ ਦਿੱਤਾ। ਇਸ ਵੱਡੇ ਮੁਜ਼ਾਹਰੇ ਨੂੰ ਬਹੁਤ ਸਾਰੇ ਕਸ਼ਮੀਰੀ, ਗੋਰੇ ਤੇ ਹੋਰ ਇਨਸਾਫ ਪਸੰਦ ਬੁਲਾਰਿਆਂ ਨੇ ਸੰਬੋਧਨ ਕੀਤਾ। ਸਿੱਖ ਕੌਮ ਵੱਲੋਂ ਭਾਈ ਭਜਨ ਸਿੰਘ ਭਿੰਡਰ ਤੇ ਅਨੋਖ ਸਿੰਘ ਨੇ ਆਪਣੇ ਵੀਚਾਰ ਰੱਖੇ ਤੇ ਉਨਾਂ ਨੇ ਕਿਹਾ ਕਿ ਸਿੱਖ ਕੌਮ ਪੂਰੀ ਤਰਾਂ ਕਸ਼ਮੀਰੀ ਲੋਕਾਂ ਦੇ ਨਾਲ ਹੈ ਤੇ ਪੂਰਾ ਸਮਰਥਨ ਦੇਵੇਗੀ, ਜਿਸ ਦਾ ਸਭ ਨੇ ਤਾੜੀਆਂ ਮਾਰ ਕੇ ਸੁਆਗਤ ਕੀਤਾ।

**ਬਾਕੀ ਸਫ਼ਾ 32 'ਤੇ**



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



## Serving Around the World Community Since 1994

We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**

SERVICE TRUST
SKYWAY TRAVEL
DOMESTIC and INTERNATIONAL

Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345



# Travel for Less Inc.

SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

## Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية

BBB
IATAN

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.

Best of 2016 Fremont

CST NO : 2031914-40

We have moved to

**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com

ੴ ਸਤਿਗੁਰ ਪ੍ਰਸਾਦਿ॥

# SIKH GURDWARA OF LOS ANGELES LANKERSHIM

## CELEBRATING



Sant Baba Nand Singh Ji
(Kaleran Wale)



Sant Baba Isher Singh Ji
(Rara Sahib Wale)

Barsi of Sant Baba Nand Singh Ji (Kaleran Wale)
Barsi of Sant Baba Isher Singh Ji (Rara Sahib Wale)
Barsi of Sant Baba Meehan Singh Ji (Siahar Wale)

On Sunday, 25th August 2019
ਸਮਾਂ 9:30 ਵਜੇ ਤੋਂ 2 ਵਜੇ ਤੱਕ
Friday, Saturday From 6:00 to 9:00 pm

**Programme Details as Follows:**

Friday (Aug 23) Aarambh Shri Akhand Path Sahib Ji 10:00 am
Sunday (Aug 25) Bhog Shri Akhand Path Sahib Ji 09:30 am
You are Requested to Join us with your Family and Friends and Receive Guru's Blessings



Dhadi Jatha
Bhai Gurcharn Singh BA Ji

Guru Ka Langar
Seva By:
Manjit S Pandher
and Family

Chhole Bhature
Seva By:
Sikh Welfare
Organization



Sant Baba Meehan Singh Ji
(Sihar Wale)

For More Information Contact:- 818-423-8000, 818-398-9262

**Sikh Gurdwara of Los Angles**
7640 Lankershim BLVD
North Hollywood, CA 91605
www. lankershimgurdwara.com

| | | | |
|---|---|---|---|
| Mukhtiar S Kamboj | 626-893-5959 | Kuldeep S Brar | 818-645-3098 |
| Manjit S Pandher | 818-398-9262 | Ravi Grewal | 310-748-1348 |
| Karamjit S Rathor | 818-625-6370 | Harmander S Grewal | 818-606-7894 |
| Harjit S Saini | 323-321-1679 | Gurdwara Sahib | 818-765-9399 |

Star Alliance BROKERAGE



# Indianapolis, Indiana...
## ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



Manjit Singh Nagra

**Manjit Singh Nagra**
Realtor/Broker
Cell 317-750-1900

**Gurdeep (Garry) Chhokar**
Realtor/Broker
Cell 317-500-1247



Gurdeep (Garry) Chhokar

We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250


INDIAN OVERSEAS CONGRESS
USA
Remembering 7th Prime Minister of India
Rajiv Gandhi
on his 75th Birthday anniversary
Honourable Guest
Shri Dr. Sam Pitroda
Chairman - Indian Oversees Congress
Date & Time:
Sunday, August 25th at 12.00 Noon
Venue: Royal Grand Manor Banquets
2863 Woodbridge Ave. Edison, NJ 08837

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਸਹੂਲਤਾਂ

ਕੀਮਤਾਂ ਬਹੁਤ ਹੀ ਵਾਜਬ!

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



Free Buffet over 100 gallons

open 6am to midnight

Phone: 765-478-6300

kw DALLAS PRESTON ROAD
KELLERWILLIAMS. REALTY

REALTOR MLS



Buy Sell Homes
REAL ESTATE

Baljeet Kaur Pannu
REALTOR®



Call/Text: 972-522-9427

Web : www.MyDesiAgent.com
Email : bpannu@kw.com

18383 Preston Rd Ste-150, Dallas TX, 75252

*Each office is individually owned and operated*



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# Paradise Ballrooms

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# ਕੁੜੀਆਂ ਵਿਚ ਵਧ ਰਿਹਾ ਨਸ਼ਿਆਂ ਦਾ ਰੁਝਾਨ



**ਡਾ. ਹਰਸ਼ਿੰਦਰ ਕੌਰ**

23 ਨਵੰਬਰ 2018 ਨੂੰ ਬੀਬੀਸੀ. ਨੇ ਉਸ ਸਮੇਂ ਦੇ ਸਿਹਤ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ ਦਾ ਬਿਆਨ ਜਾਰੀ ਕੀਤਾ ਸੀ, ਕਿਪੰਜਾਬ ਵਿਚ ਨਸ਼ਾ ਬਹੁਤ ਘੱਟ ਰਹਿ ਗਿਆ ਹੈ।ਜਦੋਂ ਪੱਤਰਕਾਰ ਨੇ ਅਗਲਾ ਸਵਾਲ ਪੁੱਛਿਆ ਕਿ ਕਿਉਂ ਸੰਨ 2018 ਵਿਚ ਪਿਛਲੇ ਸਾਲਾਂ ਨਾਲੋਂ ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਵਿਚ ਵਾਧਾ ਹੋਇਆ ਹੈ ਅਤੇ ਕਿਉਂ ਕੁੜੀਆਂ ਵਿਚ ਵੀ ਨਸ਼ੇ ਦਾ ਰੁਝਾਨ ਵਧਣ ਲੱਗ ਪਿਆ ਹੈ, ਤਾਂ ਉਹ ਜਵਾਬ ਦੇਣ ਤੋਂ ਇਨਕਾਰੀ ਹੋ ਗਏ।

ਆਲ ਇੰਡੀਆ ਇੰਸਟੀਚਿਊਟ ਦਿੱਲੀ ਵੱਲੋਂ ਸੰਨ 2015 ਵਿਚ ਜਾਰੀ ਕੀਤੀ ਰਿਪੋਰਟ ਅਨੁਸਾਰ ਉਸ ਸਮੇਂ ਪੰਜਾਬ ਵਿਚ 2 ਲੱਖ ਤੋਂ ਵਧ ਨਸ਼ੇੜੀ ਸਨ ਜਿਨ੍ਹਾਂ ਵਿਚੋਂ ਬਹੁਤ ਜਣਿਆਂ ਦੇ ਟੱਬਰ ਬੇਵਸੀ ਵਿਚ ਉਨ੍ਹਾਂ ਦੇ ਮਰਨ ਦੀ ਉਡੀਕ ਕਰ ਰਹੇ ਸਨ।

ਲੁਧਿਆਣਾ ਦੇ ਪੁਲਿਸ ਕਮਿਸ਼ਨਰ ਸੁਖਚੈਨ ਸਿੰਘ ਜੀ ਨੇ ਉਦੋਂ ਮੰਨਿਆ ਸੀ ਸ਼ਹਿਰਾਂ ਵਿਚ ਦਵਾਈਆਂ ਦੀਆਂ ਦੁਕਾਨਾਂ ਉੱਤੇ ਨਸ਼ਿਆਂ ਦੀਆਂ ਸ਼ੀਸੀਆਂ ਵਿਕ ਰਹੀਆਂ ਹਨ ਤੇ ਪਿੰਡਾਂ ਵਿੱਚ ਅਫੀਮ, ਭੰਗ ਅਤੇ ਹੈਰੋਇਨ ਵਿਕ ਰਹੇ ਹਨ।

ਇਕ ਭਾਰਤੀ ਇੰਟੈਲੀਜੈਂਸ ਅਫਸਰ ਨੇ ਮੰਨਿਆ ਕਿ ਬਾਰਡਰ ਪਾਰ ਤੋਂ ਖੇਤਾਂ ਵਿਚ ਪੈਕਟ ਸੁੱਟ ਦਿੱਤੇ ਜਾਂਦੇ ਹਨ ਜਿੱਥੋਂ ਕਿਸਾਨ ਇਨ੍ਹਾਂ ਨੂੰ ਚੁੱਕ ਕੇ ਆਪਣੇ ਘਰ ਲੈ ਆਉਂਦੇ ਹਨ। ਘਰ ਲਿਆਉਣ ਲਈ ਆਪਣੇ ਸੰਦਾਂ ਨੂੰ ਖੋਖਲੇ ਕਰ ਕੇ ਨਸ਼ੇ ਦੇ ਪੈਕਟ ਭਰ ਲਏ ਜਾਂਦੇ ਹਨ ਤੇ ਅੱਗੋਂ ਵਪਾਰੀ ਆਪਣੇ ਕੋਰੀਅਰ ਰਾਹੀਂ ਇਨ੍ਹਾਂ ਨੂੰ ਅਗਾਂਹ ਤੋਰ ਦਿੰਦੇ ਹਨ। ਇਸ ਸਾਰੇ ਵਰਤਾਰੇ ਵਿੱਚ ਕਿਸੇ ਨੂੰ ਇੱਕ ਦੂਜੇ ਦੇ ਨਾਂ ਦਾ ਪਤਾ ਨਹੀਂ ਹੁੰਦਾ। ਸਿਰਫ਼ ਕਿਸੇ ਨੰਬਰ ਜਾਂ ਕਿਸੇ ਸੁਨੇਹੇ ਨੂੰ ਹੀ ਆਧਾਰ ਬਣਾ ਕੇ ਕੰਮ ਕੀਤਾ ਜਾਂਦਾ ਹੈ।

ਜੂਨ-2016 ਵਿਚ ਪਾਰਲੀਮੈਂਟ ਵਿਚ ਕਿਰਨ ਰਿਜੀਜੂ ਨੇ ਮੰਨਿਆ ਸੀ ਕਿ ਬਹੁਤ ਸਾਰੇ ਪੁਲਿਸ ਕਰਮੀ ਅਤੇ ਕੁਝ ਫੌਜ ਵਿਚਲੇ ਬੰਦੇ ਵੀ ਇਸ ਨਸ਼ੇ ਦੇ ਕਾਰੋਬਾਰ ਵਿੱਚ ਸ਼ਾਮਲ ਹਨ ਤੇ 68 ਜਣੇ ਫੜੇ ਵੀ ਜਾ ਚੁੱਕੇ ਹਨ।

ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਸ ਦਿੱਲੀ ਨੇ ਆਪਣੀ ਖੋਜ ਰਾਹੀਂ ਪੁਸ਼ਟੀ ਕੀਤੀ ਹੈ ਕਿ ਵੱਡੀ ਗਿਣਤੀ ਕੁੜੀਆਂ ਵੀ ਨਸ਼ੇ ਦੀ ਲਤ ਪਾਲ ਚੁੱਕੀਆਂ ਹਨ। ਬਹੁਤੀਆਂ



ਆਪਣੇ ਆਪ ਨੂੰ ਅਗਾਂਹ ਵਧੂ ਸਾਬਤ ਕਰਨ ਦੇ ਚੱਕਰ ਵਿੱਚ, ਹਾਣੀਆਂ ਵੱਲੋਂ ਪਏ ਦਬਾਓ ਜਾਂ ਵੈਸੇ ਹੀ ਸ਼ੌਕੀਆ ਇਸ ਪਾਸੇ ਵੱਲ ਧੱਕੀਆਂ ਜਾਂਦੀਆਂ ਹਨ ਤੇ ਫਿਰ ਉਨ੍ਹਾਂ ਕੋਲੋਂ ਇਹ ਲਤ ਛੁੱਟਦੀ ਨਹੀਂ। ਲੋਕ ਮੁੰਡਿਆਂ ਦੇ ਇਲਾਜ ਲਈ ਤਾਂ ਫਿਰ ਵੀ ਅਗਾਂਹ ਆ ਜਾਂਦੇ ਹਨ ਪਰ ਕੁੜੀਆਂ ਨੂੰ ਸਮਾਜਿਕ ਸ਼ਰਮਿੰਦਗੀ ਕਰਕੇ ਬਹੁਤੀ ਵਾਰ ਇਲਾਜ ਕਰਵਾਉਣ ਲਈ ਵੀ ਨਹੀਂ ਲਿਜਾਇਆ ਜਾਂਦਾ।

ਸ਼ਰਾਬ ਨੂੰ ਤਾਂ ਅੱਜ ਕੱਲ੍ਹ ਫੈਸ਼ਨ ਮੰਨ ਕੇ ਜਾਂ ਰਿਵਾਜ਼ ਦੇ ਤੌਰ 'ਤੇ ਹੀ ਬਹੁਤ ਘਰਾਂ ਵਿੱਚ ਜਾਂ ਹੋਟਲਾਂ ਵਿੱਚ ਔਰਤਾਂ ਅਤੇ ਬੱਚੀਆਂ ਨੂੰ ਆਮ ਹੀ ਪੀਂਦੇ ਵੇਖਿਆ ਜਾ ਸਕਦਾ ਹੈ, ਇਹ ਜਾਣੇ ਬਗ਼ੈਰ ਕਿ ਸ਼ਰਾਬ ਔਰਤਾਂ ਦੇ ਜਿਗਰ ਉੱਤੇ ਛੇਤੀ ਅਤੇ ਵੱਧ ਨੁਕਸਾਨ ਕਰਦੀ ਹੈ ਕਿਉਂਕਿ ਉਨ੍ਹਾਂ ਦੇ ਸਰੀਰ ਵਿੱਚ ਐਲਕੋਹਲ ਡੀਹਾਈਡਰੋਜੀਨੇਜ਼ ਰਸ ਘੱਟ ਹੁੰਦਾ ਹੈ।

ਜਲੰਧਰ ਦੀ ਜਸਮੀਤ, ਜੋ ਘਰਾਂ ਵਿੱਚ ਕੰਮ ਕਰਦੀ ਹੈ, ਨੇ ਮੰਨਿਆ ਹੈ ਕਿ ਸੰਨ 2014 ਤੋਂ ਉਹ ਕਪੂਰਥਲੇ ਦੇ ਡੀਅਡਿਕਸ਼ਨ ਸੈਂਟਰ ਵਿੱਚ ਆਪਣੇ ਪਤੀ ਅਤੇ ਨਾਬਾਲਗ ਬੇਟੀ ਨੂੰ ਲੈ ਕੇ ਜਾ ਰਹੀ ਹੈ ਕਿਉਂਕਿ ਉਨ੍ਹਾਂ ਤੋਂ ਹੁਣ ਨਸ਼ਾ ਛੱਡਿਆ ਹੀ ਨਹੀਂ ਜਾ ਰਿਹਾ। ਉਸ ਨੂੰ ਸਭ ਤੋਂ ਪਹਿਲਾਂ ਉਸ ਦੀ ਧੀ ਨੇ ਹੀ ਥੱਕੀ ਰਹਿੰਦੀ ਨੂੰ ਵੇਖ ਕੇ ਉਸ ਨੂੰ ਹੈਰੋਇਨ ਦਾ ਟੀਕਾ ਲਵਾਉਣ ਦੀ ਸਲਾਹ ਦਿੱਤੀ ਸੀ। ਉਸ ਟੀਕੇ ਨਾਲ ਉਸ ਦੀ ਥਕਾਵਟ ਝਟਪਟ ਲਹਿ ਗਈ ਤੇ ਉਸ ਨੇ ਅਗਲੇ ਦਿਨ ਕੰਮ ਵੀ ਝਟਪਟ ਮੁਕਾ ਲਿਆ। ਚੌਥੇ ਦਿਨ ਜਦ ਟੀਕਾ ਨਹੀਂ ਲਾਇਆ ਤਾਂ ਉਸ ਨੂੰ ਸਰੀਰ ਫਿਰ ਟੁੱਟਿਆ ਭੱਜਿਆ ਜਾਪਿਆ। ਮਜਬੂਰੀ ਵਿੱਚ ਫਿਰ ਟੀਕਾ ਲਵਾਇਆ। ਹੌਲੀ-ਹੌਲੀ ਪਤੀ ਵੀ ਇਸੇ ਪਾਸੇ ਪੈ ਗਿਆ। ਨਸ਼ੇ ਵਾਲੇ ਪਾਸੇ ਸਾਰੇ ਟੱਬਰ ਨੂੰ ਧੱਕਣ ਵਾਲੀ ਨਾਬਾਲਗ ਧੀ ਸੀ।

ਉਸ ਦੀ ਧੀ ਪਹਿਲਾਂ ਤੋਂ ਹੀ ਆਪਣੀਆਂ ਕਈ ਸਹੇਲੀਆਂ ਨਾਲ ਬਹਿ ਕੇ ਟੀਕਾ ਲਾਉਂਦੀ ਹੁੰਦੀ ਸੀ। ਉਸ ਦੀਆਂ ਸਹੇਲੀਆਂ ਨੂੰ ਇੱਕ ਏਜੰਟ ਹੈਰੋਇਨ ਮੁਹੱਈਆ ਕਰਵਾ ਰਿਹਾ ਸੀ। ਉੱਥੋਂ ਹੀ ਪਤਾ ਲੱਗਿਆ ਕਿ ਅਜਿਹੀਆਂ ਕੁੜੀਆਂ ਅਣਗਿਣਤ ਗਰੁੱਪ ਹਨ ਜੋ ਕਾਕਟੇਲ ਅਤੇ ਹੋਰ ਕਈ ਤਰ੍ਹਾਂ ਦੇ ਵੱਖੋ-ਵੱਖ ਨਸ਼ਿਆਂ ਨੂੰ ਅਜ਼ਮਾ ਰਹੇ ਸਨ ਤੇ ਆਦੀ ਵੀ ਬਣ ਚੁੱਕੇ ਹਨ। ਕਈ ਘਰਾਂ ਵਿੱਚ ਭਰਾਵਾਂ ਨੇ ਆਪਣੀਆਂ ਭੈਣਾਂ ਨੂੰ ਲਤ ਲਾਈ ਸੀ ਤੇ ਕਈ ਥਾਂਈਂ ਮਾਵਾਂ ਨੂੰ ਵੇਖ ਕੇ ਨੌਜਵਾਨ ਬੱਚੀਆਂ ਇਸ ਪਾਸੇ ਧੱਕੀਆਂ ਗਈਆਂ ਸਨ।

ਜਸਮੀਤ ਮੰਨੀ ਕਿ ਪਹਿਲਾਂ ਉਸ ਨੇ ਘਰ ਦੀਆਂ ਚੀਜ਼ਾਂ ਵੇਚੀਆਂ, ਫਿਰ ਸੋਨੇ ਦੀਆਂ ਵਾਲੀਆਂ ਵੇਚੀਆਂ ਤੇ ਫਿਰ ਮਜਬੂਰੀ ਵਿੱਚ ਉਨ੍ਹਾਂ ਘਰਾਂ ਵਿੱਚ ਚੋਰੀ ਕਰਨ ਲੱਗੀ, ਜਿੱਥੇ ਉਹ ਕੰਮ ਕਰਦੀ ਸੀ। ਫਿਰ ਉਸ ਦੀ ਧੀ ਦਾ ਵਿਆਹ ਹੋ ਗਿਆ ਪਰ ਰੀਹੈਬਿਲੀਟੇਸ਼ਨ ਸੈਂਟਰ ਵਿੱਚੋਂ ਲਈ ਮੈਥਾਡੋਨ ਵੀ ਉਸ ਦੀ ਆਦਤ ਛੁਡਾ ਨਾ ਸਕੀ। ਅਖ਼ੀਰ ਅੱਗੋਂ ਉਸ ਦਾ ਬੇਟਾ ਵੀ ਜੰਮ ਪਿਆ। ਫਿਰ ਪਤੀ ਨੂੰ ਵੀ ਲਤ ਲਾ ਦਿੱਤੀ ਤੇ ਉਹ ਦੋਵੇਂ ਵੀ ਆਪਣੇ 18 ਮਹੀਨੇ ਦੇ ਬੱਚੇ ਨੂੰ ਲੈ ਕੇ ਹਸਪਤਾਲ ਨਸ਼ਾ ਛੁਡਾਉਣ ਆਉਣ ਲੱਗ ਪਏ। ਯਾਨੀ ਨਾਨਾ ਨਾਨੀ ਦੀ ਆਪਣੇ ਦੋਹਤਰੇ ਨਾਲ ਮੁਲਾਕਾਤ ਨਸ਼ਾ ਛੁਡਾਊ ਕੇਂਦਰ ਵਿੱਚ ਹੀ ਹੋਣ ਲੱਗ ਪਈ।

ਇਸ ਤਰ੍ਹਾਂ ਦੀ ਕੋਈ ਇੱਕ ਟੱਬਰ ਦੀ ਕਹਾਣੀ ਨਹੀਂ ਹੈ। ਕੁੜੀਆਂ ਦੀ ਵਧਦੀ ਜਾਂਦੀ ਗਿਣਤੀ ਸਦਕਾ ਹੀ ਕਪੂਰਥਲੇ ਕੁੜੀਆਂ ਲਈ ਵੱਖ ਨਸ਼ਾ ਛੁਡਾਊ ਕੇਂਦਰ ਖੋਲ੍ਹਣਾ ਪਿਆ ਹੈ। ਇਸ ਤੋਂ ਇਲਾਵਾ 31 ਹੋਰ ਸਰਕਾਰੀ ਕੇਂਦਰਾਂ ਵਿੱਚ ਨਸ਼ਾ ਛੁਡਾਉਣ ਦਾ ਕੰਮ ਜਾਰੀ ਹੈ।

ਡਾ. ਸੰਦੀਪ ਭੋਲਾ, ਜੋ ਕਪੂਰਥਲੇ ਸੈਂਟਰ ਦੇ ਇੰਚਾਰਜ ਸਨ, ਨੇ ਮੰਨਿਆ ਕਿ ਕੁਝ ਸਰਕਾਰੀ ਸਕੂਲਾਂ ਦੀਆਂ ਅਧਿਆਪਿਕਾਵਾਂ ਵੀ ਨਸ਼ਿਆਂ ਦੀ ਆਦੀ ਹੋ ਚੁੱਕੀਆਂ ਹਨ ਤੇ ਅੱਗੋਂ ਉਨ੍ਹਾਂ ਦੀਆਂ ਕਈ ਸਹੇਲੀਆਂ ਵੀ ਇਸ ਪਾਸੇ ਪੈ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਹੀ ਕਈ ਪੈਸੇ ਕਮਾਉਣ ਦੇ ਚੱਕਰ ਵਿੱਚ ਆਪ ਵੀ ਨਸ਼ਾ ਵੰਡਣ ਦੇ ਕਾਰੋਬਾਰ ਵਿੱਚ ਲੱਗ ਗਈਆਂ ਹਨ। ਨਸ਼ਾ ਤਸਕਰਾਂ ਨੂੰ ਵੀ ਨਾਬਾਲਗ ਬੱਚੀਆਂ ਰਾਹੀਂ ਨਸ਼ਾ ਅਗਾਂਹ ਤੋਰਨਾ ਆਸਾਨ ਲੱਗਦਾ ਹੈ। ਇਸੇ ਲਈ ਉਨ੍ਹਾਂ ਨੂੰ ਰਤਾ ਕੁ ਚਟਾ ਕੇ ਬਿਨਾਂ ਕੋਈ ਪੈਸਾ ਧੇਲਾ ਦਿੱਤਿਆਂ ਆਪਣੇ ਕੰਮ ਨੂੰ ਵਧੀਆ ਤਰੀਕੇ ਨਾਲ ਤੋਰੀ ਜਾ ਰਹੇ ਹਨ। ਆਦੀ ਹੋਈਆਂ ਬੱਚੀਆਂ, ਆਪਣੀ 'ਡੋਜ਼' ਵਾਸਤੇ ਸਭ ਕੁਝ ਕਰਨ ਨੂੰ ਤਿਆਰ ਹੋ ਜਾਂਦੀਆਂ ਹਨ।

ਇਸ ਵੇਲੇ ਡਾਕਟਰਾਂ, ਪੁਲਿਸ ਕਰਮੀਆਂ ਅਤੇ ਸਰਕਾਰ ਲਈ ਸਿਰਦਰਦੀ ਬਣਿਆ ਨਸ਼ੇ ਦਾ ਵਪਾਰ ਨਾਬਾਲਗ ਬੱਚੀਆਂ ਰਾਹੀਂ ਪ੍ਰਫੁੱਲਿਤ ਹੋ ਰਿਹਾ ਹੈ ਜਿਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਹੀ ਨਹੀਂ ਲੱਗ ਰਿਹਾ ਕਿਉਂਕਿ ਵੱਡੀ ਗਿਣਤੀ ਮਾਪੇ ਸਮਾਜਿਕ ਸ਼ਰਮ ਸਦਕਾ ਇਹ ਗੱਲ ਬਾਹਰ ਕੱਢਦੇ ਹੀ ਨਹੀਂ ਤੇ ਨਾ ਹੀ ਇਲਾਜ ਕਰਵਾਉਣ ਲਈ ਬਾਹਰ ਨਿਕਲਦੇ ਹਨ। ਕੁਝ ਔਰਤਾਂ, ਜੋ ਖਾਣਾ ਬਣਾਉਣ ਦਾ ਕੰਮ ਕਰਦੀਆਂ ਹਨ ਤੇ ਆਪ ਆਦੀ ਵੀ ਹੋ ਚੁੱਕੀਆਂ ਹਨ, ਉਨ੍ਹਾਂ ਰਾਹੀਂ ਖਾਣ ਦੇ ਸਮਾਨ ਵਿੱਚ ਰਤਾ ਕੁ ਨਸ਼ਾ ਪੁਆ ਕੇ ਅਨੇਕ ਟੱਬਰਾਂ ਦੇ ਟੱਬਰ ਨਸ਼ੇ ਦੇ ਅਸਰ ਹੇਠ ਲਿਆਂਦੇ ਜਾ ਰਹੇ ਹਨ।

ਸੰਗੀਤਾ, ਜਿਸਦਾ ਪਤੀ ਟਰੱਕ ਡਰਾਈਵਰ ਹੈ, ਨੇ ਮੰਨਿਆ ਕਿ ਕਈ ਘਰਾਂ ਵਿੱਚ ਕੰਮ ਕਰਦਿਆਂ ਉਹ ਬਹੁਤ ਥੱਕ ਜਾਂਦੀ ਸੀ। ਫਿਰ ਉਸ ਦੀ ਧੀ ਨੇ ਹੀ ਉਸ ਨੂੰ ਇੱਕ ਦਿਨ ਹੈਰੋਇਨ ਦਾ ਟੀਕਾ ਲਾਇਆ ਤਾਂ ਉਸ ਨੂੰ ਚੰਗਾ ਮਹਿਸੂਸ ਹੋਇਆ। ਉਸ ਤੋਂ ਬਾਅਦ ਆਦਤ ਹੀ ਹੋ ਗਈ। ਘਰ ਜਦ ਕੁਝ ਨਾ ਬਚਿਆ ਤਾਂ ਨਸ਼ੇ ਦੇ ਵਪਾਰੀਆਂ ਵੱਲੋਂ ਜਬਰੀ ਜਿਸਮਾਨੀ ਸੰਬੰਧ ਬਣਾਉਣ 'ਤੇ ਜ਼ੋਰ ਪਾਇਆ ਗਿਆ। ਹੋਰ ਕੋਈ ਰਾਹ ਨਾ ਲੱਭਣ ਉੱਤੇ ਉਸ ਨੇ ਨਸ਼ੇ ਦੇ ਵਪਾਰੀਆਂ ਕੋਲੋਂ ਟੀਕਾ ਲੈਣ ਲਈ ਉਨ੍ਹਾਂ ਨਾਲ ਜਿਸਮਾਨੀ ਸੰਬੰਧ ਬਣਾਉਣੇ ਸ਼ੁਰੂ ਕਰ ਦਿੱਤੇ। ਤਿੰਨ ਕੁੜੀਆਂ ਅਤੇ ਇੱਕ ਮੁੰਡੇ ਦੀ ਮਾਂ ਸੰਗੀਤਾ ਹੁਣ ਨਸ਼ਾ ਛੁਡਾਊ ਕੇਂਦਰ ਦੇ ਗੇੜੇ ਕੱਢ ਰਹੀ ਹੈ। ਉਸਨੇ ਮੰਨਿਆ ਕਿ ਵੱਡੇ ਘਰਾਂ ਦੀਆਂ ਬਹੁਤ ਕੁੜੀਆਂ ਇਸ ਪਾਸੇ ਵੱਲ ਧੱਕੀਆਂ ਜਾ ਚੁੱਕੀਆਂ ਹਨ ਪਰ ਉਹ ਰੈਗੂਲਰ ਇਲਾਜ ਵਾਸਤੇ ਆ ਨਹੀਂ ਰਹੀਆਂ ਕਿਉਂਕਿ ਉਨ੍ਹਾਂ ਦੇ ਟੱਬਰਾਂ ਦੀ ਸਾਖ ਖ਼ਰਾਬ ਹੋਣ ਦਾ ਡਰ ਹੈ। ਇੰਜ ਹੀ ਮੱਧ ਵਰਗੀ ਟੱਬਰਾਂ ਦੀਆਂ ਬਥੇਰੀਆਂ ਧੀਆਂ ਸ਼ੌਕੀਆ ਇਸ ਪਾਸੇ ਵੱਲ ਤੁਰੀਆਂ ਹੁਣ ਪੱਕੀ ਲਤ ਲਾ ਚੁੱਕੀਆਂ ਹਨ।

ਕਈ ਤਾਂ ਇੰਨੇ ਵੱਖੋ-ਵੱਖ ਤਰ੍ਹਾਂ ਦੇ ਨਸ਼ੇ ਵਰਤ ਰਹੀਆਂ ਹਨ ਕਿ ਉਨ੍ਹਾਂ ਨੂੰ ਦਾਖ਼ਲ ਵੀ ਕਰਵਾਉਣਾ ਪਿਆ ਹੈ। ਇਹ ਸਾਰੀ ਜਾਣਕਾਰੀ ਗੁਪਤ ਰੱਖੀ ਗਈ ਹੈ ਕਿਉਂਕਿ ਮਾਪੇ ਇਸ ਬਾਰੇ ਚੁੱਪ ਧਾਰੀ ਬੈਠੇ ਹਨ ਕਿ ਜੇ ਰਤਾ ਵੀ ਬਾਹਰ ਖ਼ਬਰ ਨਿਕਲੀ ਤਾਂ ਉਹ ਇਲਾਜ ਕਰਵਾਉਣੋਂ ਹਟ ਜਾਣਗੇ।

ਰਿੰਪੀ ਤੇ ਸ਼ਮਿੰਦਰ (ਨਾਂ ਬਦਲੇ ਹੋਏ) ਵੀ ਮੰਨਿਆ ਕਿ ਉਨ੍ਹਾਂ ਨੂੰ ਨਸ਼ੇ ਦੀ ਲਤ ਲੱਗਣ ਬਾਅਦ ਜਦੋਂ ਪੈਸੇ ਦੀ ਕਿੱਲਤ ਹੋਈ ਤਾਂ ਉਨ੍ਹਾਂ ਨੂੰ ਹੈਰੋਇਨ ਲੈਣ ਬਦਲੇ ਨਸ਼ੇ ਦੇ ਵਪਾਰੀਆਂ ਨਾਲ ਸਰੀਰਕ ਸੰਬੰਧ ਬਣਾਉਣੇ ਪਏ ਜੋ ਹੋਰ ਵੀ ਬਥੇਰੀਆਂ ਨਾਬਾਲਗ ਬੱਚੀਆਂ ਨੂੰ ਸ਼ਿਕਾਰ ਬਣਾ ਰਹੇ ਹਨ।

ਮਨਪ੍ਰੀਤ, ਜੋ ਕਾਲਜ ਦੀ ਵਿਦਿਆਰਥਣ ਹੈ ਨੇ ਵੀ ਸਪਸ਼ਟ ਕਰ ਦਿੱਤਾ ਹੈ ਕਿ ਸਕੂਲਾਂ ਕਾਲਜਾਂ ਦੀਆਂ ਅਨੇਕ ਵਿਦਿਆਰਥਣਾਂ ਜੋ ਵੱਡੇ ਛੋਟੇ ਘਰਾਂ ਵਿੱਚੋਂ ਹਨ, ਛੋਟੇ ਮੋਟੇ ਨਸ਼ੇ ਤੋਂ ਸ਼ੁਰੂ ਹੋ ਕੇ ਹੁਣ ਹੈਰੋਇਨ ਦੀਆਂ ਆਦੀ ਬਣ ਚੁੱਕੀਆਂ ਹਨ। ਅਫ਼ਸੋਸ ਇਹ ਹੈ ਕਿ ਉਸ ਨਾਲ ਦੀਆਂ ਬਹੁਤ ਥੋੜ੍ਹੀਆਂ ਬੱਚੀਆਂ ਨਸ਼ਾ ਛਡਾਉਣ ਲਈ ਲਿਆਈਆਂ ਗਈਆਂ ਹਨ। ਬਾਕੀਆਂ ਦਾ ਇਲਾਜ ਵੀ ਨਹੀਂ ਕਰਵਾਇਆ ਜਾ ਰਿਹਾ। ਜਦੋਂ ਜਿਸਮਾਨੀ ਸ਼ੋਸ਼ਣ ਬਾਰੇ ਪੁੱਛਿਆ ਗਿਆ ਤਾਂ ਅੱਖਾਂ ਨੀਵੀਆਂ ਪਾ ਕੇ ਉਹ ਬੋਲੀ, ਜਦੋਂ ਪੈਸਾ ਕਿਤੋਂ ਮਿਲਣਾ ਹੀ ਨਹੀਂ ਤਾਂ ਹੋਰ ਰਾਹ ਕਿਹੜਾ ਬਚਦਾ ਹੈ? ਮਨਪ੍ਰੀਤ ਨੂੰ ਇਸ ਪਾਸੇ ਉਸ ਦੇ ਕਾਲਜ ਦੇ ਦੋਸਤ ਨੇ ਤੋਰਿਆ ਸੀ, ਜੋ ਆਪਣੇ ਹਾਣੀਆਂ ਨਾਲ ਪਹਿਲਾਂ ਤੋਂ ਹੀ ਨਸ਼ੇ ਦਾ ਵਪਾਰ ਵੀ ਕਰ ਰਿਹਾ ਸੀ ਤੇ ਆਪ ਵੀ ਵਰਤ ਰਿਹਾ ਸੀ। ਪੁੱਛੇ ਜਾਣ ਉੱਤੇ ਮਨਪ੍ਰੀਤ ਨੇ ਦੱਸਿਆ ਕਿ ਹੁਣ ਤਾਂ ਉਹ ਗਿਣਤੀ ਵੀ ਨਹੀਂ ਕਰ ਸਕਦੀ ਕਿ ਸਿਰਫ਼ ਹੈਰੋਇਨ ਦੀ ਤੋੜ ਪੂਰੀ ਕਰਨ ਲਈ ਕਿੰਨੇ ਵੱਖੋ-ਵੱਖ ਜਣਿਆਂ ਨੇ ਉਸ ਦਾ ਸਰੀਰਕ ਸ਼ੋਸ਼ਣ ਕੀਤਾ ਹੈ। ਨਸ਼ਾ ਲੈਣਾ ਕਿੰਨਾ ਸੌਖਾ ਹੈ, ਇਹ ਵੀ ਉਸ ਦੱਸਿਆ ਕਿ ਸਿਰਫ਼ ਇੱਕ 'ਮਿੱਸ ਕਾਲ' ਮਾਰਨ ਨਾਲ ਹੀ ਅੱਧੇ ਘੰਟੇ ਦੇ ਅੰਦਰ-ਅੰਦਰ ਉਸ ਦੇ ਘਰ ਦੇ ਦਰਵਾਜ਼ੇ ਬਾਹਰ ਕੋਈ ਕੁੜੀ ਜਾਂ ਕੋਰੀਅਰ ਦੀ ਸ਼ਕਲ ਵਿਚ ਮੁੰਡਾ 'ਡੋਜ਼' ਪਹੁੰਚਾ ਜਾਂਦਾ ਹੈ।

ਪੀਜੀਆਈ. ਚੰਡੀਗੜ੍ਹ ਨੇ ਸੰਨ 2018 ਮਾਰਚ ਵਿਚ 'ਏਸ਼ੀਅਨ ਜਰਨਲ ਔਫ਼ ਸਾਈਕੈਟਰੀ' ਵਿਚ ਛਾਪਿਆ ਸੀ ਕਿ ਪੰਜਾਬ ਅੰਦਰ 4.1 ਮਿਲੀਅਨ ਤੋਂ ਵੱਧ ਲੋਕਾਂ ਨੇ ਨਸ਼ਾ ਵਰਤਿਆ ਹੈ। ਇਨ੍ਹਾਂ ਵਿੱਚੋਂ 4 ਮਿਲੀਅਨ ਮੁੰਡੇ ਹਨ ਤੇ 0.1 ਮਿਲੀਅਨ ਕੁੜੀਆਂ। ਇਨ੍ਹਾਂ ਵਿੱਚੋਂ 3.1 ਮਿਲੀਅਨ ਮਰਦ ਤੇ 0.1 ਮਿਲੀਅਨ ਔਰਤਾਂ ਨਸ਼ੇ ਦੇ ਪੱਕੇ ਆਦੀ ਬਣ ਚੁੱਕੇ ਹੋਏ ਹਨ। ਸ਼ਰਾਬ, ਸਿਗਰਟ ਤੋਂ ਲੈ ਕੇ ਭੰਗ, ਅਫ਼ੀਮ, ਹੈਰੋਇਨ, ਸਮੈਕ, ਕੋਕੀਨ ਆਦਿ ਸਭ ਕੁਝ ਵਰਤਿਆ ਜਾ ਰਿਹਾ ਹੈ। ਖੋਜ ਪੱਤਰ ਅਨੁਸਾਰ 2 ਲੱਖ 2 ਹਜ਼ਾਰ ਅੱਠ ਸੌ ਸਤਾਰਾਂ ਬੰਦੇ ਤੇ 10, 658 ਔਰਤਾਂ ਉਮਰ ਭਰ ਲਈ ਆਦੀ ਬਣ ਚੁੱਕੇ ਹੋਏ ਸਨ ਜਿਨ੍ਹਾਂ ਦਾ ਇਲਾਜ ਸੰਭਵ ਹੀ ਨਹੀਂ ਸੀ। ਉਸ ਖੋਜ ਪੱਤਰ ਵਿੱਚ ਜੋ ਚਿਤਾਵਨੀ ਲਿਖੀ ਸੀ, ਉਹ ਸੀ : 1,56, 942 (ਇੱਕ ਲੱਖ ਛਪੰਜਾ ਹਜ਼ਾਰ ਨੌਂ ਸੌ ਬਤਾਲੀ) ਮੁੰਡੇ ਬਿਨਾ ਨਸ਼ੇ ਦੇ ਇੱਕ ਦਿਨ ਵੀ ਨਹੀਂ ਕੱਢ ਰਹੇ ਜਦਕਿ ਬਾਕੀ ਨਸ਼ਾ ਛੁਡਾਉਣ ਲਈ ਤਿਆਰ ਹਨ। ਪਰ ਕੁੜੀਆਂ ਵਿੱਚੋਂ ਇਕ ਵੀ ਨਸ਼ਾ ਛੱਡਣ ਨੂੰ ਤਿਆਰ ਨਹੀਂ ਤੇ ਸਾਰੀਆਂ 10, 658 ਹੀ ਰੋਜ਼ ਦੀ 'ਡੋਜ਼' ਲੈਣ ਤੋਂ ਬਗ਼ੈਰ ਇਕ ਦਿਨ ਵੀ ਨਹੀਂ ਲੰਘਾ ਸਕ ਰਹੀਆਂ।

ਇਸ ਦਾ ਮਤਲਬ ਇਹ ਹੋਇਆ ਕਿ 'ਆਦੀ' ਹੋਣ ਵਿਚ ਕੁੜੀਆਂ ਦੀ ਗਿਣਤੀ ਵੱਧ ਹੈ ਜਿਨ੍ਹਾਂ ਨੇ ਇਹ ਆਦਤ ਕਦੇ ਵੀ ਨਹੀਂ ਛੱਡਣੀ। ਸਮਾਜ ਨੂੰ ਭਿਆਨਕ ਨਤੀਜਿਆਂ ਲਈ ਤਿਆਰੀ ਕੱਸ ਲੈਣੀ ਚਾਹੀਦੀ ਹੈ। ਪੀ.ਜੀ.ਆਈ. ਚੰਡੀਗੜ੍ਹ ਦੇ ਸਾਈਕੈਟਰੀ ਵਿਭਾਗ ਦੇ ਡਾ. ਸੁਬੋਧ ਨੇ ਸਪਸ਼ਟ ਕਰ ਦਿੱਤਾ ਹੈ। ਡਾ. ਸੁਬੋਧ ਨੇ ਇਹ ਵੀ ਕਿਹਾ ਹੈ ਕਿ ਅਸਲ ਗਿਣਤੀ ਤਾਂ ਇਸ ਤੋਂ ਸ਼ਾਇਦ ਦੁੱਗਣੀ, ਤਿਗਣੀ ਜਾਂ ਚੌਗੁਣੀ ਵੀ ਹੋ ਸਕਦੀ ਹੈ ਕਿਉਂਕਿ ਮਾਪੇ ਆਪਣੀਆਂ ਕੁੜੀਆਂ ਬਾਰੇ ਗੱਲ ਕਰਨ ਨੂੰ ਵੀ ਤਿਆਰ ਨਹੀਂ, ਇਲਾਜ ਤਾਂ ਦੂਰ ਦੀ ਗੱਲ ਹੈ।

ਪੀ.ਜੀ.ਆਈ. ਵੱਲੋਂ ਇਹ ਵੀ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਅਨੇਕ ਬੱਚੀਆਂ ਅਤੇ ਔਰਤਾਂ ਇਸ ਕਰਕੇ ਅੱਧਾ ਇਲਾਜ ਛੱਡ ਕੇ ਤੁਰ ਜਾਂਦੀਆਂ ਹਨ ਕਿਉਂਕਿ ਪਿੰਡਾਂ ਵਿੱਚ ਅਤੇ ਮੁਹੱਲਿਆਂ ਵਿੱਚ ਉਨ੍ਹਾਂ ਦੀ ਮਦਦ ਕਰਨ ਦੀ ਥਾਂ ਉਨ੍ਹਾਂ ਨੂੰ ਮਜ਼ਾਕ ਦਾ ਪਾਤਰ ਬਣਾ ਦਿੱਤਾ ਜਾਂਦਾ ਹੈ। ਪੂਰੇ ਟੱਬਰ ਨੂੰ ਹੀ ਮਿਹਣੇ ਸੁਣਨੇ ਪੈਂਦੇ ਹਨ।

**ਖ਼ਤਰੇ ਦੀ ਘੰਟੀ : ਅਮਰੀਕਨ ਅਕੈਡਮੀ ਵੱਲੋਂ ਜਾਰੀ ਕੀਤੀ ਹੋਈ**

1. ਨਸ਼ੇ ਦੇ ਆਦੀ ਮਾਪਿਆਂ ਦੇ ਬੱਚੇ ਮਾਰ ਕੁਟਾਈ, ਗਾਲ੍ਹਾਂ ਦੇ ਸ਼ਿਕਾਰ ਤਾਂ ਹੁੰਦੇ ਹੀ ਹਨ ਪਰ ਮਾਨਸਿਕ ਪਰੇਸ਼ਾਨੀ ਸਹੇੜ ਕੇ ਆਪ ਵੀ ਹੌਲੀ-ਹੌਲੀ ਸ਼ਾਂਤ ਹੋਣ ਲਈ ਨਸ਼ੇ ਦਾ ਸਹਾਰਾ ਲੈਣ ਲੱਗ ਪੈਂਦੇ ਹਨ। ਇਹ ਬੱਚੇ ਵੱਡੇ ਹੋ ਕੇ ਅੱਗੋਂ ਕਤਲ, ਖ਼ੁਦਕੁਸ਼ੀ, ਚੋਰੀ, ਡਾਕੇ ਆਦਿ ਦੇ ਨਾਲ-ਨਾਲ ਆਪ ਵੀ ਘਰੇਲੂ ਹਿੰਸਾ ਕਰਨ ਲੱਗ ਪੈਂਦੇ ਹਨ ਤੇ ਵਧੀਆ ਵਿਆਹੁਤਾ ਰਿਸ਼ਤੇ ਨਹੀਂ ਗੰਢ ਸਕਦੇ।
2. ਨਸ਼ੇ ਦੇ ਆਦੀ ਮਾਪਿਆਂ ਦੇ ਬੱਚਿਆਂ ਵਿੱਚੋਂ ਵੱਡੇ ਹੋ ਕੇ ਬਹੁਤ ਸਾਰੇ ਨੌਜਵਾਨ ਬੱਚੇ ਨਾਬਾਲਗ ਬੱਚੀਆਂ ਦਾ ਬਲਾਤਕਾਰ ਕਰ ਕੇ ਤਸੱਲੀ ਮਹਿਸੂਸ ਕਰਦੇ ਹਨ।
3. ਅਜਿਹੇ ਘਰਾਂ ਦੇ ਬੱਚੇ ਵੱਖੋ-ਵੱਖ ਤਰ੍ਹਾਂ ਦੇ ਮਾਨਸਿਕ ਰੋਗਾਂ ਦਾ ਸ਼ਿਕਾਰ ਬਣ ਜਾਂਦੇ ਹਨ ਜਿਨ੍ਹਾਂ ਵਿੱਚ ਢਹਿੰਦੀ ਕਲਾ, ਘਬਰਾਹਟ, ਨੀਂਦਰ ਠੀਕ ਨਾ ਆਉਣੀ, ਖ਼ੁਦਕੁਸ਼ੀ ਤੋਂ ਲੈ ਕੇ ਖਾਣ ਪੀਣ ਵਿੱਚ ਦਿੱਕਤ ਆਉਣੀ ਵੇਖੇ ਗਏ ਹਨ।
4. ਕਈ 'ਸੀਰੀਅਲ ਕਿੱਲਰ' ਵੀ ਅਜਿਹੇ ਘਰਾਂ ਵਿੱਚੋਂ ਹੀ ਨਿਕਲਦੇ ਹਨ।
5. ਮਾਈਗਰੇਨ, ਅੰਤੜੀਆਂ ਦੇ ਰੋਗ, ਦੱਬੂ, ਧਿਆਨ ਨਾ ਲਾ ਸਕਣਾ, ਪੜ੍ਹਾਈ ਵਿੱਚ ਪੱਛੜਨਾ, ਯਾਦਦਾਸ਼ਤ ਘਟਣੀ, ਆਦਿ ਵਰਗੇ ਰੋਗ ਵੀ ਇਨ੍ਹਾਂ ਘਰਾਂ ਦੇ ਬੱਚਿਆਂ ਵਿੱਚ ਵੇਖੇ ਗਏ ਹਨ।
6. ਕਿਸੇ ਉੱਤੇ ਯਕੀਨ ਨਾ ਕਰ ਸਕਣਾ, ਦੂਜੇ ਦੀ ਇੱਜ਼ਤ ਨਾ ਕਰਨੀ, ਡਰਨਾ, ਤ੍ਰਭਕਣਾ ਆਦਿ ਵੀ ਹੋ ਸਕਦੇ ਹਨ।
7. ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਅਜਿਹੇ ਘਰਾਂ ਦੇ ਬੱਚਿਆਂ ਵਿੱਚ ਨਸ਼ੇ ਵਲ ਜਾਣ ਦਾ ਰੁਝਾਨ ਬਾਕੀਆਂ ਨਾਲੋਂ ਤਿੰਨ ਗੁਣਾ ਵਧ ਹੁੰਦਾ ਹੈ।
8. ਅਮਰੀਕਨ ਅਕੈਡਮੀ ਔਫ ਪੀਡੀਐਟਰਿਕਸ ਨੇ ਸਪਸ਼ਟ ਕਰ ਦਿੱਤਾ ਹੈ ਕਿ ਜਿਹੜੀਆਂ ਮਾਵਾਂ ਨਸ਼ੇ ਕਰਦੀਆਂ ਹੋਣ, ਉਨ੍ਹਾਂ ਦੇ ਬੱਚਿਆਂ ਵਿੱਚ ਓਟਿਜ਼ਮ, ਦਿਮਾਗੀ ਨੁਕਸ, ਭਾਰ ਘੱਟ ਰਹਿ ਜਾਣਾ, ਧਿਆਨ ਨਾ ਲਾ ਸਕਣਾ, ਜਮਾਂਦਰੂ ਨੁਕਸ ਹੋਣੇ, ਭਰੂਣ ਦੀ ਮੌਤ ਹੋ ਜਾਣੀ ਆਦਿ ਹੋਣ ਦਾ ਖ਼ਤਰਾ ਬਹੁਤ ਵਧ ਹੁੰਦਾ ਹੈ।

ਕੀ ਇਹ ਸਭ ਜਾਣ ਲੈਣ ਬਾਅਦ ਹੁਣ ਕੋਈ ਜਾਗਣ ਨੂੰ ਤਿਆਰ ਹੈ? ਪੰਜਾਬ ਨੂੰ ਪਿਆਰ ਕਰਨ ਵਾਲੇ ਸੌਖਿਆਂ ਸਮਝ ਸਕਦੇ ਹਨ ਕਿ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਨੌਜਵਾਨ ਮੁੰਡੇ ਕੁੜੀਆਂ ਪੰਜਾਬ ਨੂੰ ਮੋਇੰਜੋਦੜੋ ਵਿੱਚ ਤਬਦੀਲ ਕਰਨ ਲਈ ਤਿਆਰ-ਬਰ-ਤਿਆਰ ਹੋ ਚੁੱਕੇ ਹਨ।

ਹਾਲੇ ਵੀ ਵੇਲਾ ਹੈ। ਪਹਿਲਾਂ ਮੰਨੀਏ ਕਿ ਨਸ਼ਾ ਹੈ! ਫਿਰ ਹੀ ਰੋਕਣ ਲਈ ਕਦਮ ਪੁੱਟੇ ਜਾ ਸਕਦੇ ਹਨ। ਜਾਗ੍ਰਿਤੀ ਦੀ ਤਗੜੀ ਲਹਿਰ, ਖੇਡਾਂ ਵੱਲ ਰੁਝਾਨ ਅਤੇ ਵਧੀਆ ਨਸ਼ਾ ਛਡਾਊ ਕੇਂਦਰਾਂ ਬਾਰੇ ਅੱਜ ਤੋਂ ਹੀ ਕੰਮ ਕਰਨ ਦੀ ਲੋੜ ਹੈ।

ਜੇ ਸਰਕਾਰਾਂ ਫੇਲ੍ਹ ਹੋ ਰਹੀਆਂ ਹਨ ਤਾਂ ਲੋਕ ਹੀ ਆਪੋ ਆਪਣੇ ਪਿੰਡਾਂ ਅੰਦਰ ਅਜਿਹੇ ਜਵਾਨੀ ਨੂੰ ਚੱਬ ਜਾਣ ਵਾਲੇ ਡਾਕੂਆਂ ਤੋਂ ਬਚਾਉਣ ਲਈ ਪਿੰਡਾਂ ਵਿੱਚ ਨਸ਼ਾ ਛੁਡਾਊ ਕਲੱਬ ਬਣਾ ਕੇ ਪਹਿਰਾ ਦੇਣ ਦੀ ਡਿਊਟੀ ਸੰਭਾਲ ਲੈਣ ਤਾਂ ਯਕੀਨਨ ਕੁਝ ਵਧੀਆ ਨਤੀਜਿਆਂ ਦੀ ਉਮੀਦ ਰੱਖੀ ਜਾ ਸਕਦੀ ਹੈ।

ਜੇ ਨਸ਼ੇ ਦੇ ਆਦੀ ਨੂੰ ਤਮਾਸ਼ਾ ਬਣਾਉਣ ਦੀ ਥਾਂ ਰੋਗੀ ਮੰਨ ਕੇ, ਸ਼ਹਿਣਸ਼ੀਲਤਾ ਨਾਲ ਪੇਸ਼ ਆ ਕੇ ਉਸ ਦਾ ਇਲਾਜ ਕਰਵਾਉਣ ਲਈ ਹਸਪਤਾਲ ਦਾਖ਼ਲ ਕਰਵਾਇਆ ਜਾਵੇ ਤਾਂ ਚੰਗੇ ਸ਼ਹਿਰੀ ਹੋਣ ਦਾ ਸਬੂਤ ਦਿੱਤਾ ਜਾ ਸਕਦਾ ਹੈ ਤੇ ਪੰਜਾਬ ਨੂੰ ਵੀ ਸਿਹਤਮੰਦ ਰੱਖਿਆ ਜਾ ਸਕਦਾ ਹੈ!

## ਸੁਖਬੀਰ ਬਾਦਲ ਵੱਲੋਂ ਜਾਖੜ ’ਤੇ ਨਸ਼ੇ ਦੀ ‘ਤਸਕਰੀ’ ਦੇ ਇਲਜ਼ਾਮ

**ਫ਼ਾਜ਼ਿਲਕਾ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਾਂਗਰਸ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ’ਤੇ ਗੰਭੀਰ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਅਬੋਹਰ ਵਿੱਚ ਜਿੰਨਾ ਵੀ ਨਸ਼ਾ ਵਿਕ ਰਿਹਾ ਹੈ, ਉਹ ਸਾਰਾ ਸੁਨੀਲ ਜਾਖੜ ਦੀ ਸ਼ਹਿ ’ਤੇ ਵਿਕ ਰਿਹਾ ਹੈ। ਜਦੋਂ ਵੀ ਕੋਈ ਅਫਸਰ ਨਸ਼ਾ ਤਸਕਰਾਂ ਨੂੰ ਫੜਦਾ ਹੈ ਤਾਂ ਜਾਖੜ ਫ਼ੋਨ ਕਰਕੇ ਛੁੜਵਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਜਿੰਨੀ ਆਕੜ ਉਨ੍ਹਾਂ ਵਿੱਚ ਹੈ, ਉਸ ਦੇ ਕਾਰਨ ਹੀ ਉਨ੍ਹਾਂ ਦੀ ਦੋ ਵਾਰ ਹਾਰ ਹੋਈ ਹੈ। ਦੂਸਰੇ ਪਾਸੇ ਜਾਖੜ ਨੇ ਕਿਹਾ ਕਿ ਸੁਖਬੀਰ ਗੱਪੀ ਹੈ ਤੇ ਉਸ ਦੇ ਦੋਸ਼ਾਂ ਵਿਚ ਕੋਈ ਸੱਚਾਈ ਨਹੀਂ।

## ਨੌਵੇਂ ਗੁਰੂ ਨਾਲ ਸਬੰਧਤ ਇਮਾਰਤ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਜਾਵੇ : ਬਡੂੰਗਰ

**ਫਤਹਿਗੜ੍ਹ ਸਾਹਿਬ/ਏਟੀ ਨਿਊਜ਼ :** ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਹੁਣ ਜਦੋਂ ਇਤਿਹਾਸਕ ਤੌਰ ’ਤੇ ਸਾਬਤ ਹੋ ਚੁੱਕਿਆ ਹੈ ਕਿ ਮੁਗਲ ਹਕੂਮਤ ਵੱਲੋਂ ਗੁਰੂ ਤੇਗ ਬਹਾਦਰ ਨੂੰ 4 ਮਹੀਨੇ ਦੇ ਕਰੀਬ ਬਸੀ ਪਠਾਣਾਂ ਦੀ ਜੇਲ੍ਹ ਵਿੱਚ ਕੈਦ ਰੱਖਿਆ ਗਿਆ ਤੇ ਉਨ੍ਹਾਂ ਨਾਲ ਭਾਈ ਮਤੀ ਦਾਸ,



ਭਾਈ ਸਤੀ ਦਾਸ ਤੇ ਭਾਈ ਦਿਆਲਾ ਵੀ ਸਨ, ਇਸ ਲਈ ਪੰਜਾਬ ਸਰਕਾਰ ਨੂੰ ਇਸ ਸਿੱਖ ਇਤਿਹਾਸ ਨਾਲ ਜੁੜੀ ਇਮਾਰਤ ਨੂੰ ਸ਼੍ਰੋਮਣੀ ਕਮੇਟੀ ਹਵਾਲੇ ਕਰ ਦੇਣਾ ਚਾਹੀਦਾ ਹੈ, ਤਾਂ ਜੋ ਬਸੀ ਪਠਾਣਾਂ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਯਾਦਗਾਰ ਸਥਾਪਤ ਕੀਤੀ ਜਾ ਸਕੇ।

## ਪ੍ਰੋ. ਨਿਰੰਜਨ ਤਸਨੀਮ ਚਲ ਵਸੇ

**ਲੁਧਿਆਣ;/ਏਟੀ ਨਿਊਜ਼ :** ਉੱਘੇ ਨਾਵਲਕਾਰ ਪ੍ਰੋ. ਨਿਰੰਜਨ ਤਸਨੀਮ ਦਾ ਦਿਹਾਂਤ ਹੋ ਗਿਆ। ਉਹ 90 ਵਰ੍ਹਿਆਂ ਦੇ ਸਨ। ਪ੍ਰੋ. ਤਸਨੀਮ ਦਾ ਜਨਮ ਪਹਿਲੀ ਮਈ 1929 ਨੂੰ ਅੰਮ੍ਰਿਤਸਰ ਵਿੱਚ ਹੋਇਆ ਸੀ। ਉਨ੍ਹਾਂ ਸਰਕਾਰੀ ਕਾਲਜ ਲੁਧਿਆਣਾ ਵਿੱਚ ਲੰਮਾ ਸਮਾਂ ਅੰਗਰੇਜ਼ੀ ਦੇ ਪ੍ਰੋਫੈਸਰ ਵਜੋਂ ਸੇਵਾ ਨਿਭਾਈ। ਭਾਰਤੀ ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਅਕਾਦਮੀ ਸਮੇਤ ਕਈ ਸਾਹਿਤਕ ਜਥੇਬੰਦੀਆਂ ਵੱਲੋਂ ਉਨ੍ਹਾਂ ਨੂੰ ਸਰਵੋਤਮ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਸੀ।

## ਹੁੱਡਾ ਨੇ ਹਰਿਆਣੇ ’ਚ ਕਾਂਗਰਸ ਦਾ ਭੋਗ ਪਾਇਆ

**ਰੋਹਤਕ/ਏਟੀ ਨਿਊਜ਼ :** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਕਾਂਗਰਸ ਪਹਿਲਾਂ ਵਾਲੀ ਨਹੀਂ ਰਹੀ ਅਤੇ ਹੁਣ ਭਟਕ ਗਈ ਹੈ। ਹਰਿਆਣਾ ਵਿਚ ਕਾਂਗਰਸ ਤੋਂ ਵੱਖ ਹੋਣ ਦਾ ਸਾਫ਼ ਸੰਕੇਤ ਦਿੰਦੇ ਹੋਏ ਕਿਹਾ ਕਿ ਅੱਜ ਖ਼ੁਦ ਨੂੰ ਅਤੀਤ ਤੋਂ ਮੁਕਤ ਕਰਦਾ ਹਾਂ। ਮੈਨੂੰ ਆਗੂਆਂ ਤੇ ਰੈਲੀ ਵਿਚ ਮੌਜੂਦ ਲੋਕਾਂ ਵੱਲੋਂ ਕੋਈ ਵੀ ਫ਼ੈਸਲਾ ਲੈਣ ਦਾ ਜੋ ਅਧਿਕਾਰ ਦਿੱਤਾ ਹੈ, ਉਸ ਲਈ ਮੈਂ ਇਕ ਕਮੇਟੀ ਬਣਾਵਾਂਗਾ। ਕਮੇਟੀ ਦੀ ਸਲਾਹ ’ਤੇ ਇਸ ਬਾਰੇ



ਕੋਈ ਵੀ ਫ਼ੈਸਲਾ ਲਵਾਂਗਾ। ਉਨ੍ਹਾਂ ਨੇ ਜੰਮੂ-ਕਸ਼ਮੀਰ ਵਿਚੋਂ ਧਾਰਾ 370 ਹਟਾਉਣ ਦੀ ਚਰਚਾ ਕਰਦਿਆਂ ਕਿਹਾ ਕਿ ਕਾਂਗਰਸ ਰਾਹ ਭਟਕ ਗਈ ਹੈ ਤੇ ਮੈਂ ਇਸ ਮਾਮਲੇ ਵਿਚ ਮੋਦੀ ਸਰਕਾਰ ਦਾ ਸਮਰੱਥਨ ਕਰਦਾ ਹਾਂ।

## ਬਾਦਲ ਦਲ ਹਰਿਆਣਾ ਵਿਧਾਨ ਸਭਾ ਚੋਣਾਂ ਭਾਜਪਾ ਨਾਲ ਰਲ ਕੇ ਲੜੇਗਾ

**ਚੰਡੀਗੜ੍ਹ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਪਾਰਟੀ ਦੀ ਹਰਿਆਣਾ ਇਕਾਈ ਦੇ ਇੰਚਾਰਜ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਅਕਾਲੀ ਦਲ ਆਗਾਮੀ ਹਰਿਆਣਾ ਵਿਧਾਨ ਸਭਾ ਚੋਣਾਂ ਭਾਜਪਾ ਨਾਲ ਗੱਠਜੋੜ ਕਰਕੇ ਲੜੇਗਾ। ਇਸ ਸਬੰਧੀ ਦੋਵਾਂ ਪਾਰਟੀ ਵਿਚ ਸੀਟਾਂ ਦੀ ਵੰਡ ਨੂੰ ਲੈ ਕੇ ਗੱਲਬਾਤ ਚੱਲ ਰਹੀ ਹੈ। ਸੂਬੇ ਅੰਦਰ ਮੈਂਬਰਸ਼ਿਪ ਭਰਤੀ ਮੁਹਿੰਮ ਦਾ ਜਾਇਜ਼ਾ ਲੈਣ ਲਈ ਕੀਤੀ ਅਕਾਲੀ ਦਲ ਦੀ ਹਰਿਆਣਾ ਇਕਾਈ ਦੀ ਮੀਟਿੰਗ ਮਗਰੋਂ ਉਨ੍ਹਾਂ ਕਿਹਾ ਕਿ ਭਾਜਪਾ ਨਾਲ ਚੱਲ ਰਹੀ ਗੱਲਬਾਤ ਬਾਰੇ ਮੈਂਬਰਾਂ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪਾਰਟੀ ਲੀਡਰਸ਼ਿਪ ਨੇ ਹਰਿਆਣਾ ਦੀ ਅਕਾਲੀ ਲੀਡਰਸ਼ਿਪ ਤੋਂ ਪਾਰਟੀ ਆਗੂਆਂ ਦੇ ਜਿੱਤਣ ਦੀਆਂ ਸੰਭਾਵਨਾਵਾਂ ਬਾਰੇ ਵੀ ਪ੍ਰਤੀਕਿਰਿਆ ਲਈ ਹੈ।

## ਮੋਦੀ ਦੇ ਰੰਗ ਵਿਚ ਰੰਗੇ ਹੰਸ ਰਾਜ

### *ਕਸ਼ਮੀਰ ਬਾਰੇ ਭਾਜਪਾ ਸਰਕਾਰ ਦੀ ਕੀਤੀ ਹਮਾਇਤ*

**ਨਵੀਂ ਦਿੱਲੀ/ਏਟੀ ਨਿਊਜ਼ :** ਬੀਜੇਪੀ ਦੇ ਸੰਸਦ ਮੈਂਬਰ ਤੇ ਗਾਇਕ ਹੰਸਰਾਜ ਹੰਸ ਨੇ ਕਿਹਾ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇਐਨਯੂ) ਦਾ ਨਾਂ ਬਦਲ ਕੇ ਐਨਐਮਯੂ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੋਦੀ ਦੇ ਨਾਂ ਤੋਂ ਕੁਝ ਨਾ ਕੁਝ ਤਾਂ ਹੋਣਾ ਹੀ ਚਾਹੀਦਾ ਹੈ। ਉਹ ਉੱਤਰ-ਪੱਛਮੀ ਦਿੱਲੀ ਸੀਟ ਤੋਂ ਸੰਸਦ ਮੈਂਬਰ ਹੰਸ ਰਾਜ ਨੇ ਜੰਮੂ-ਕਸ਼ਮੀਰ ਵਿੱਚ ਲਾਈ ਧਾਰਾ 370 ਦੇ ਮੁੱਦੇ ਬਾਰੇ ਕਿਹਾ ਕਿ ਸਾਡੇ



ਬਜ਼ੁਰਗਾਂ ਨੇ ਗਲਤੀਆਂ ਕੀਤੀਆਂ ਹਨ ਤੇ ਸਾਨੂੰ ਸਜ਼ਾ ਭੁਗਤਣੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਮੋਦੀ ਕਾਰਨ ਕਸ਼ਮੀਰ ਸਵਰਗ ਬਣਨ ਜਾ ਰਿਹਾ ਹੈ। ਅਰਦਾਸ ਕਰੋ, ਸਭ ਅਮਨ ਨਾਲ ਰਹਿਣ। ਬੰਬ ਨਾ ਚੱਲਣ।

# ਪਹਿਲੂ ਖਾਨ ਕਤਲ ਦੇ ਮਾਮਲੇ ’ਚ ਮੁਸਲਮਾਨਾਂ ਨਾਲ ਬੇਇਨਸਾਫ਼ੀ

- **ਅਦਾਲਤ ਨੇ ਠੋਸ ਸਬੂਤਾਂ ਨੂੰ ਵੀ ਪ੍ਰਵਾਨ ਨਾ ਕੀਤਾ**
- **ਰਾਜਸਥਾਨ ਪੁਲੀਸ ਦੀ ਘੋਰ ਨਲਾਇਕੀ ਸਾਹਮਣੇ ਆਈ**
- **6 ਮੁਲਜ਼ਮ ਬਰੀ ਹੋਏ**



**ਜੈਪੁਰ /ਵਿਸ਼ੇਸ਼ ਰਿਪੋਰਟ :**

ਪਹਿਲੂ ਖਾਨ ਦੀ ਲਿੰਚਿੰਗ ਦੇ ਕੇਸ ਵਿੱਚ ਛੇ ਦੇ ਛੇ ਮੁਲਜ਼ਮਾਂ ਦੇ ਬਰੀ ਹੋਣ ਨੇ ਰਾਜਸਥਾਨ ਪੁਲਸ ਦੀ ਘੋਰ ਨਾਲਾਇਕੀ ਸਾਹਮਣੇ ਲਿਆਂਦੀ ਹੈ। ਇਸ ਘਟਨਾ ਦੀ ਬਕਾਇਦਾ ਵੀਡੀਓ ਵੀ ਬਣਾਈ ਗਈ ਸੀ, ਪਰ ਪੁਲਸ ਫਿਰ ਵੀ ਆਪਣੇ ਕੇਸ ਨੂੰ ਪੁਖਤਾ ਢੰਗ ਨਾਲ ਪੇਸ਼ ਨਹੀਂ ਕਰ ਸਕੀ ਅਤੇ ਅਲਵਰ ਦੀ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਸਰੀਤਾ ਸਵਾਮੀ ਨੇ ਸਾਰੇ ਮੁਲਜ਼ਮਾਂ ਨੂੰ ਸ਼ੱਕ ਦਾ ਲਾਭ ਦਿੰਦਿਆਂ ਬਰੀ ਕਰ ਦਿੱਤਾ। ਹਰਿਆਣਾ ਦੇ 55 ਸਾਲ ਦੇ ਪਹਿਲੂ ਖਾਨ ਉੱਤੇ ਭੀੜ ਨੇ ਇੱਕ ਅਪ੍ਰੈਲ 2017 ਨੂੰ ਅਲਵਰ ਜ਼ਿਲ੍ਹੇ ਦੇ ਬਹਿਰੋੜ ਨੇੜੇ ਹਮਲਾ ਕੀਤਾ ਸੀ, ਜਦੋਂ ਉਹ ਆਪਣੇ ਦੋ ਪੁੱਤਰਾਂ ਤੇ ਕੁਝ ਹੋਰਨਾਂ ਨਾਲ ਪਿਕਅਪ ਵੈਨ ਵਿੱਚ ਗਊਆਂ ਲੈ ਕੇ ਆ ਰਿਹਾ ਸੀ। ਤਿੰਨ ਅਪ੍ਰੈਲ ਨੂੰ ਉਸ ਦੀ ਹਸਪਤਾਲ ਵਿਚ ਮੌਤ ਹੋ ਜਾਣ ਤੋਂ ਬਾਅਦ ਮੁਸਲਮਾਨ ਭਾਈਚਾਰੇ ਵਿਚ ਗੁੱਸੇ ਦੀ ਲਹਿਰ ਫੈਲ ਗਈ ਸੀ। ਉਦੋਂ ਰਾਜਸਥਾਨ ਵਿੱਚ ਵਸੁੰਧਰਾ ਰਾਜੇ ਦੀ ਭਾਜਪਾ ਸਰਕਾਰ ਸੀ। ਪਹਿਲਾਂ ਤਾਂ ਉਸ ਨੇ ਇਸ ਨੂੰ ਲਿੰਚਿੰਗ ਦੀ ਘਟਨਾ ਨਹੀਂ ਮੰਨਿਆ ਅਤੇ ਸੁਪਰੀਮ ਕੋਰਟ ਦੇ ਸਖ਼ਤ ਰਵੱਈਏ ਨੂੰ ਦੇਖਦਿਆਂ ਕੇਸ ਦਰਜ ਕੀਤਾ ਤਾਂ ਨਾਲ ਹੀ ਪਹਿਲੂ ਖਾਨ, ਉਸ ਦੇ ਦੋਹਾਂ ਪੁੱਤਰਾਂ ਇਰਸ਼ਾਦ ਤੇ ਆਰਿਫ਼ ਤੇ ਦੋ ਸਾਥੀਆਂ ਅਜ਼ਮਤ ਤੇ ਰਫੀਕ ਨੂੰ ਮਾਰਨ ਲਈ ਗਊਆਂ ਢੋਹਣ ਦੇ ਕੇਸ ਵਿਚ ਫਸਾ ਦਿੱਤਾ। ਪਹਿਲੂ ਖਾਨ ਨੇ ਮਰਨ ਤੋਂ ਪਹਿਲਾਂ ਪੁਲਸ ਨੂੰ ਦਿੱਤੇ ਬਿਆਨ ਵਿਚ ਓਮ ਯਾਦਵ, ਹੁਕਮ ਚੰਦ ਯਾਦਵ, ਸੁਧੀਰ ਯਾਦਵ, ਜਗਮਲ ਯਾਦਵ, ਨਵੀਨ ਸ਼ਰਮਾ ਤੇ ਰਾਹੁਲ ਸੈਣੀ ਦੇ ਨਾਂ ਲਏ ਸੀ, ਪਰ ਸੀਆਈਡੀ ਨੇ ਇਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ ਤੇ ਵਿਪਿਨ ਯਾਦਵ, ਰਵਿੰਦਰ ਕੁਮਾਰ, ਕਾਲੂ ਰਾਮ, ਦਯਾਨੰਦ, ਯੋਗੇਸ਼ ਤੇ ਭੀਮ ਰਾਠੀ ਦੇ ਖ਼ਿਲਾਫ਼ ਕੇਸ ਚਲਾਇਆ। ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਪੁਲਸ ਵੱਲੋਂ ਕੀਤੀ ਗਈ ਜਾਂਚ ਅਤੇ ਪੇਸ਼ ਕੀਤੇ ਗਏ ਸਬੂਤ ਮੇਲ ਨਹੀਂ ਖਾਂਦੇ। ਵਾਇਰਲ ਹੋਏ ਵੀਡੀਓ ਫੁਟੇਜ ਨੂੰ ਫਾਰੈਂਸਿਕ ਸਾਇੰਸ ਲੈਬਾਰਟਰੀ ਦੇ ਸਰਟੀਫਿਕੇਟ ਦੀ ਅਣਹੋਂਦ ਵਿਚ ਮੰਨਣਯੋਗ ਸਬੂਤ ਨਹੀਂ ਮੰਨਿਆ ਜਾ ਸਕਦਾ। ਪਹਿਲੂ ਖਾਨ ਦੇ ਪੁੱਤਰ ਵੀ ਹਮਲਾਵਰਾਂ ਨੂੰ ਪਛਾਣ ਨਹੀਂ ਸਕੇ।

ਪਹਿਲੂ ਖਾਨ ਦੇ ਪੁੱਤਰਾਂ ਦੇ ਵਕੀਲ ਕਾਸਿਮ ਖਾਨ ਦਾ ਕਹਿਣਾ ਹੈ ਕਿ ਪੁਲਸ ਨੇ ਪਿਛਲੀ ਭਾਜਪਾ ਸਰਕਾਰ ਦੇ ਦਬਾਅ ਵਿਚ ਕਈ ਚੋਰ-ਮੋਰੀਆਂ ਛੱਡ ਦਿੱਤੀਆਂ ਸਨ। ਮੁਲਜ਼ਮਾਂ ਦੀ ਸ਼ਨਾਖਤੀ ਪਰੇਡ ਵੀ ਨਹੀਂ ਕਰਵਾਈ ਗਈ। ਭਾਜਪਾ ਸਰਕਾਰ ਦੇ ਰੋਲ ਉਤੇ ਤਾਂ ਕਿੰਤੂ ਕੀਤਾ ਜਾ ਸਕਦਾ ਹੈ, ਪਰ ਉਸ ਤੋਂ ਬਾਅਦ ਆਈ ਅਸ਼ੋਕ ਗਹਿਲੋਤ ਦੀ ਕਾਂਗਰਸ ਸਰਕਾਰ ਨੇ ਵੀ ਇਸ ਕੇਸ ਨੂੰ ਜਿਵੇਂ ਹੈਂਡਲ ਕੀਤਾ, ਉਸ ਤੋਂ ਲੱਗਦਾ ਹੈ ਕਿ ਮੁਲਜ਼ਮਾਂ ਨੂੰ ਸਜ਼ਾ ਦਿਵਾਉਣ ਲਈ ਉਹ ਵੀ ਗੰਭੀਰ ਨਹੀਂ ਸੀ। ਗਹਿਲੋਤ ਦੇ ਦੌਰ ਵਿਚ ਹੀ ਪਹਿਲੂ ਖਾਨ ਦੇ ਦੋਹਾਂ ਪੁੱਤਰਾਂ ਤੇ ਪਿਕਅਪ ਵੈਨ ਦੇ ਮਾਲਕ ਖਾਨ ਮੁਹੰਮਦ ਨੂੰ ਗਊਆਂ ਢੋਹਣ ਦੇ ਕੇਸ ਵਿਚ ਚਾਰਜਸ਼ੀਟ ਕਰ ਦਿੱਤਾ ਗਿਆ। ਰੌਲਾ ਪੈਣ ’ਤੇ ਅਦਾਲਤ ਵਿਚ ਦੁਬਾਰਾ ਜਾਂਚ ਦੀ ਅਰਜ਼ੀ ਦਿੱਤੀ ਗਈ। ਅਦਾਲਤ ਨੇ ਇਹ ਅਰਜ਼ੀ ਮੰਨ ਲਈ ਸੀ। ਪਹਿਲੂ ਖਾਨ ਬਾਰੇ ਫ਼ੈਸਲੇ ਤੋਂ ਬਾਅਦ ਗਹਿਲੋਤ ਨੇ ਟਵੀਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਇਸ ਨੂੰ ਉਤਲੀ ਅਦਾਲਤ ਵਿਚ ਚੁਣੌਤੀ ਦੇਵੇਗੀ। ਉਨ੍ਹਾਂ ਦੀ ਸਰਕਾਰ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਲਿੰਚਿੰਗ ਦੇ ਦੋਸ਼ੀਆਂ ਨੂੰ ਉਮਰ ਕੈਦ ਅਤੇ 5 ਲੱਖ ਰੁਪਏ ਜੁਰਮਾਨੇ ਦਾ ਬਿਲ ਅਸੰਬਲੀ ਤੋਂ ਪਾਸ ਕਰਵਾਇਆ ਹੈ। ਉਹ ਪਹਿਲੂ ਖਾਨ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਵਚਨਬੱਧ ਹਨ। ਪਹਿਲੂ ਖਾਨ ਦੇ ਚਾਚਾ ਹੁਸੈਨ ਖਾਨ ਨੇ ਅਦਾਲਤ ਦੇ ਫੈਸਲੇ ਬਾਰੇ ਕਿਹਾ ਹੈ ਕਿ ਉਨ੍ਹਾ ਨੂੰ ਹੁਣ ਪਹਿਲੂ ਖਾਨ ਦੇ ਪੁੱਤਰਾਂ ਦੀ ਚਿੰਤਾ ਹੈ ਕਿ ਕਿਤੇ ਉਨ੍ਹਾਂ ਨੂੰ ਗਊਆਂ ਦੀ ਸਮੱਗਲਿੰਗ ਦੇ ਦੋਸ਼ ਵਿਚ ਸਜ਼ਾ ਨਾ ਹੋ ਜਾਵੇ। ਪਹਿਲੂ ਖਾਨ ਹਰਿਆਣਾ ਦੇ ਮੇਵਾਤ ਇਲਾਕੇ ਦਾ ਸੀ।

ਆਲ ਇੰਡੀਆ ਮੇਵਾਤੀ ਸਮਾਜ ਦੇ ਪ੍ਰਧਾਨ ਰਮਜ਼ਾਨ ਚੌਧਰੀ ਨੇ ਦੋਸ਼ ਲਾਇਆ ਹੈ ਕਿ ਪੁਲਸ ਨੇ ਏਨੇ ਠੋਸ ਸਬੂਤਾਂ ਦੇ ਬਾਵਜੂਦ ਸਰਕਾਰੀ ਦਬਾਅ ਵਿਚ ਕੇਸ ਨੂੰ ਕਮਜ਼ੋਰ ਕੀਤਾ। ਗਵਾਹਾਂ ਨੂੰ ਮੁਕਰਾਇਆ ਗਿਆ, ਪੈਸਿਆਂ ਨਾਲ ਖਰੀਦਿਆ ਗਿਆ, ਜਿਸ ਕਰਕੇ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਿਆ।

**ਵਿਸ਼ੇਸ਼ ਜਾਂਚ ਟੀਮ ਬਣੀ-**

ਪਹਿਲੂ ਖ਼ਾਨ ਦੇ ਮਾਮਲੇ ਵਿਚ ਸਥਾਨਕ ਅਦਾਲਤ ਵੱਲੋਂ ਛੇ ਵਿਅਕਤੀਆਂ ਨੂੰ ਬਰੀ ਕੀਤੇ ਜਾਣ ਮਗਰੋਂ ਰਾਜਸਥਾਨ ਸਰਕਾਰ ਨੇ ਜਾਂਚ ਵਿਚ ਖ਼ਾਮੀਆਂ ਦਾ ਪਤਾ ਲਾਉਣ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਹੈ। ਮੁੱਖ ਮੰਤਰੀ ਨੇ ਸਿਟ ਨੂੰ 15 ਦਿਨਾਂ ਵਿਚ ਰਿਪੋਰਟ ਦੇਣ ਲਈ ਕਿਹਾ ਹੈ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਅਤੇ ਬਸਪਾ ਮੁਖੀ ਮਾਇਆਵਤੀ ਵੱਲੋਂ ਸੂਬਾ ਸਰਕਾਰ ਦੀ ਕਰੜੀ ਆਲੋਚਨਾ ਕੀਤੇ ਜਾਣ ਮਗਰੋਂ ਇਹ ਕਦਮ ਉਠਾਇਆ ਗਿਆ ਹੈ।

**ਕੁੱਟਮਾਰ ਦਾ ਵੀਡੀਓ ਵਾਇਰਲ-**

ਰਾਜਸਥਾਨ ਦੇ ਅਲਵਰ ਜ਼ਿਲ੍ਹੇ ਕਿਸ਼ਨਗੜ੍ਹਬਾਸ ਥਾਣਾ ਖੇਤਰ ਵਿਚ ਮੁਸਖੇੜਾ ਪਿੰਡ ਵਿਚ ਦੇਰ ਰਾਤ ਇੱਕ ਮੁਸਲਮਾਨ ਗੱਭਰੂ ਮੁਬਾਰਕ ਖਾਨ ਨੂੰ ਰੱਸੀ ਨਾਲ ਬੰਨ੍ਹ ਕੇ ਕੁੱਟਮਾਰ ਕੀਤੀ ਗਈ। ਇਸ ਦਾ ਇੱਕ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਿਆ ਹੈ। ਜਾਣਕਾਰੀ ਅਨੁਸਾਰ ਮੁਬਾਰਕ ਖਾਨ ਨੂੰ ਚੋਰ ਸਮਝ ਪਿੰਡ ਵਾਸੀਆਂ ਨੇ ਫੜਿਆ ਸੀ ਅਤੇ ਫਿਰ ਉਸ ਨੂੰ ਲੋਹੇ ਦੇ ਐਂਗਲ ਨਾਲ ਬੰਨ੍ਹ ਦਿੱਤਾ ਗਿਆ। ਇਸ ਦੌਰਾਨ ਭਗਵੀਂ ਭੀੜ ਨੇ ਉਸ ਦੀ ਜੰਮ ਕੇ ਕੁੱਟਮਾਰ ਕੀਤੀ। ਪੁਲਸ ਇਸ ਮਾਮਲੇ ਨੂੰ ਫਿਲਹਾਲ ਨਿਬੇੜਣ ਵਿਚ ਲੱਗੀ ਹੈ। ਇਹੀ ਕਾਰਨ ਹੈ ਕਿ ਹਾਲੇ ਤੱਕ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ।

## ਭਾਰਤੀ ਮੀਡੀਏ ਵਲੋਂ ਮੁੱਦਿਆਂ ਨੂੰ ਫਿਰਕੂ ਰੰਗਤ

ਦੇਸ਼ ਭਰ ਦੇ ਮੀਡੀਏ ਦਾ ਵੱਡਾ ਹਿੱਸਾ, ਜਿਸ ਵਿੱਚ ਖਾਸ ਤੌਰ ਉੱਤੇ ਨਿਊਜ਼ ਚੈਨਲ ਤੇ ਹਿੰਦੀ ਅਖ਼ਬਾਰ ਸ਼ਾਮਲ ਹਨ, ਇਸ ਸਮੇਂ ਹਿੰਦੂਤਵੀ ਵਿਚਾਰਧਾਰਾ ਦਾ ਪ੍ਰਚਾਰਕ ਬਣ ਚੁੱਕਿਆ ਹੈ। ਕੁਝ ਇੱਕ ਮੀਡੀਆ ਸਮੂਹ, ਜਿਹੜੇ ਹਾਲੇ ਤੱਕ ਵਿਕੇ ਨਹੀਂ ਹਨ, ਨੂੰ ਛੱਡ ਕੇ ਬਾਕੀ ਸਭ ਸਿਰਫ਼ ਉਹ ਖ਼ਬਰਾਂ ਤੇ ਪ੍ਰੋਗਰਾਮ ਦਿਖਾ ਰਹੇ ਹਨ, ਜੋ ਮੌਜੂਦਾ ਸੱਤਾਧਾਰੀਆਂ ਦੇ ਹੱਕ ਵਿੱਚ ਜਾਂਦੇ ਹਨ। ਜਦੋਂ ਵੀ ਕੋਈ ਘਟਨਾ ਸਰਕਾਰ ਦੇ ਖ਼ਿਲਾਫ਼ ਜਾਂਦੀ ਹੋਵੇ ਤਾਂ ਸਰਕਾਰ ਪ੍ਰਸਤ ਟੀ ਵੀ ਚੈਨਲ ਕੋਈ ਅਜਿਹਾ ਮੁੱਦਾ ਚੁੱਕ ਲੈਂਦੇ ਹਨ, ਜਿਸ ਨਾਲ ਸਰਕਾਰ ਵਿਰੁੱਧ ਜਾਂਦੀ ਘਟਨਾ ਐਂਕਰਾਂ ਦੇ ਚੀਕ-ਚਿਹਾੜੇ ਵਿੱਚ ਗੁੰਮ ਹੋ ਜਾਂਦੀ ਹੈ। ਬਹੁਤੀ ਵਾਰ ਤਾਂ ਮੁੱਦਿਆਂ ਨੂੰ ਹੀ ਅਗਵਾ ਕਰ ਲਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਅਜਿਹਾ ਰੰਗ ਚਾੜ੍ਹ ਕੇ ਪੇਸ਼ ਕੀਤਾ ਜਾਂਦਾ ਹੈ, ਜਿਸ ਨਾਲ ਸੱਤਾਧਾਰੀ ਖੁਸ਼ ਹੋ ਸਕਣ। ਪਿਛਲੇ ਦਿਨੀਂ ਘਰ-ਘਰ ਖਾਣਾ ਵੰਡਣ ਵਾਲੀ ਜ਼ੋਮੈਟੋ ਦੇ ਕਰਮਚਾਰੀਆਂ ਵੱਲੋਂ ਪੱਛਮੀ ਬੰਗਾਲ ਦੇ ਹਾਵੜਾ ਵਿੱਚ ਮੁਜ਼ਾਹਰਾ ਕੀਤੇ ਜਾਣ ਦੀ ਖ਼ਬਰ ਪ੍ਰਮੁੱਖਤਾ ਨਾਲ ਟੀ ਵੀ ਚੈਨਲਾਂ ਉੱਤੇ ਪ੍ਰਸਾਰਤ ਕੀਤੀ ਗਈ ਸੀ। ਇਨ੍ਹਾਂ ਚੈਨਲਾਂ ਨੇ ਦੱਸਿਆ ਸੀ ਕਿ ਜ਼ੋਮੈਟੋ ਦੇ ਇਹ ਕਰਮਚਾਰੀ ਗਊ ਮਾਸ (ਬੀਫ਼) ਤੇ ਪੋਰਕ (ਸੂਰ ਦਾ ਮਾਸ) ਨੂੰ ਗਾਹਕਾਂ ਪਾਸ ਪੁਚਾਉਣ ਲਈ ਪ੍ਰਬੰਧਕਾਂ ਵੱਲੋਂ ਮਜਬੂਰ ਕੀਤੇ ਜਾਣ ਵਿਰੁੱਧ ਇਹ ਪ੍ਰਦਰਸ਼ਨ ਕਰ ਰਹੇ ਹਨ, ਜਦੋਂ ਕਿ ਇਹ ਅੱਧਾ ਸੱਚ ਸੀ।

ਹੁਣ ਇਹ ਖ਼ਬਰਾਂ ਆ ਗਈਆਂ ਹਨ ਕਿ ਜ਼ੋਮੈਟੋ ਦੇ ਇਹ ਕਰਮਚਾਰੀ ਆਪਣੀਆਂ ਤਨਖ਼ਾਹਾਂ ਸੰਬੰਧੀ ਵਿਰੋਧ ਕਰ ਰਹੇ ਸਨ। ਕਰਮਚਾਰੀਆਂ ਦੇ ਇੱਕ ਆਗੂ ਸੁਜੀਤ ਕੁਮਾਰ ਗੁਪਤਾ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਜਦੋਂ ਮੈਂ ਦੋ ਸਾਲ ਪਹਿਲਾਂ ਨੌਕਰੀ ਸ਼ੁਰੂ ਕੀਤੀ ਤਾਂ ਮੈਨੂੰ ਭਰੋਸਾ ਦਿੱਤਾ ਗਿਆ ਸੀ ਕਿ ਮੈਂ ਹਰ ਹਫ਼ਤੇ ਘੱਟੋ-ਘੱਟ 4 ਹਜ਼ਾਰ ਰੁਪਏ ਕਮਾਵਾਂਗਾ। ਸਾਨੂੰ ਹਰ ਡਲਿਵਰੀ ਦੇ 80 ਤੋਂ 100 ਰੁਪਏ ਮਿਲਦੇ ਸਨ। ਇਸ ਤੋਂ ਬਿਨਾਂ ਸਾਨੂੰ ਹੌਸਲਾ-ਵਧਾਊ ਇਨਾਮੀ ਰਾਸ਼ੀ ਵੀ ਦਿੱਤੀ ਜਾਂਦੀ ਸੀ। ਹੁਣ ਸਾਨੂੰ ਪ੍ਰਤੀ ਡਲਿਵਰੀ ਸਿਰਫ਼ 25 ਰੁਪਏ ਦਿੱਤੇ ਜਾ ਰਹੇ ਹਨ। ਸ਼ੁਰੂ ਵਿੱਚ ਅਸੀਂ 30 ਤੋਂ 40 ਹਜ਼ਾਰ ਰੁਪਏ ਮਹੀਨਾ ਕਮਾ ਲੈਂਦੇ ਸਾਂ, ਪਰ ਹੁਣ ਮਸਾਂ 15 ਹਜ਼ਾਰ ਰੁਪਏ ਬਣਦੇ ਹਨ। ਇੱਕ ਹੋਰ ਡਲਿਵਰੀ ਏਜੰਟ ਬ੍ਰਿਜ ਸ਼ਰਮਾ ਨੇ ਦੱਸਿਆ ਕਿ ਸਾਡੇ ਵਿਰੋਧ ਨੂੰ ਮੀਡੀਆ ਵੱਲੋਂ ਨਜ਼ਰ-ਅੰਦਾਜ਼ ਕਰਨ ਤੋਂ ਬਾਅਦ ਅਸੀਂ ਭਾਜਪਾ ਆਗੂ ਸੰਜੈ ਕੁਮਾਰ ਸ਼ੁਕਲਾ ਨਾਲ ਸੰਪਰਕ ਕੀਤਾ। ਸੰਜੈ ਕੁਮਾਰ ਸ਼ੁਕਲਾ ਨੇ 12 ਅਗਸਤ ਨੂੰ ਪ੍ਰੈੱਸ ਕਾਨਫ਼ਰੰਸ ਬੁਲਾਉਣ ਵਿੱਚ ਸਾਡੀ ਮਦਦ ਕੀਤੀ ਤੇ ਇਸੇ ਕਾਨਫ਼ਰੰਸ ਵਿੱਚ ਹੀ ਬੀਫ਼ ਤੇ ਪੋਰਕ ਵੰਡਣ ਦੇ ਵਿਰੋਧ ਦੀ ਮੰਗ ਵੀ ਤਨਖ਼ਾਹ ਦੀ ਮੰਗ ਨਾਲ ਜੁੜ ਗਈ। ਇੱਕ ਹੋਰ ਕਰਮਚਾਰੀ ਮੋਹਸਿਨ ਅਖਤਰ ਨੇ ਦੱਸਿਆ ਕਿ ਸਾਡੇ ਆਗੂ ਨੇ ਸਾਨੂੰ ਕਿਹਾ ਸੀ ਕਿ ਕੰਪਨੀ ਕੁਝ ਅਜਿਹੇ ਰੈਸਟੋਰੈਂਟਾਂ ਨਾਲ ਸਮਝੌਤਾ ਕਰ ਰਹੀ ਹੈ, ਜਿਹੜੇ ਬੀਫ਼ ਤੇ ਪੋਰਕ ਪ੍ਰੋਸਦੇ ਹਨ। ਇਸ ਤੋਂ ਸਾਫ਼ ਹੈ ਕਿ ਪ੍ਰਦਰਸ਼ਨ ਕੀਤੇ ਜਾਣ ਵਾਲੇ ਦਿਨ ਤੱਕ ਕਿਸੇ ਵੀ ਰੈਸਟੋਰੈਂਟ ਨਾਲ ਅਜਿਹਾ ਕੋਈ ਸਮਝੌਤਾ ਨਹੀਂ ਸੀ ਹੋਇਆ। ਸਪੱਸ਼ਟ ਹੈ ਕਿ ਬੀਫ਼ ਤੇ ਪੋਰਕ ਵਾਲਾ ਮੁੱਦਾ ਇਸ ਲਈ ਉਛਾਲਿਆ ਗਿਆ ਤਾਂ ਜੋ ਲੋਕ ਨਾ ਕਸ਼ਮੀਰ ਨੂੰ ਜੇਲ੍ਹਖਾਨਾ ਬਣਾਉਣ ਦੀ ਗੱਲ ਕਰਨ, ਨਾ ਆਰਥਕ ਮੰਦੀ ਦੀ ਆਹਟ ਸੁਣ ਸਕਣ ਤੇ ਨਾ ਬੇਰੁਜ਼ਗਾਰੀ ਬਾਰੇ ਸੋਚਣ ਦੀ ਤਕਲੀਫ਼ ਉਠਾਉਣ।

## ਯੂਪੀ ’ਚ ਗੁੰਡਾਗਰਦਾਂ ਦਾ ਰਾਜ, ਲੜਕੀ ਦਾ ਸਿਰ ਦਰੜਿਆ

**ਉੱਤਰ ਪ੍ਰਦੇਸ਼/ਏਟੀ ਨਿਊਜ਼ :**

ਸ਼ਰਾਰਤੀ ਅਨਸਰਾਂ ਦੇ ਗਰੋਹ ਨੇ ਸੁਲਤਾਨਪੁਰ ਵਿੱਚ ਇੱਕ 16 ਸਾਲਾਂ ਲੜਕੀ ਵੱਲੋਂ ਵਿਰੋਧ ਕਰਨ ’ਤੇ ਪਿੱਛਾ ਕਰਦਿਆਂ ਮੋਟਰਸਾਈਕਲ ਨਾਲ ਲੜਕੀ ਦਾ ਸਿਰ ਬੁਰੀ ਤਰ੍ਹਾਂ ਦਰੜ ਦਿੱਤਾ। ਪੁਲੀਸ ਨੇ ਇਸ ਮਾਮਲੇ ਸਬੰਧੀ ਸ਼ਿਕਾਇਤ ਦਰਜ ਕਰਨ ਤੋਂ ਮਨਾ ਕਰ ਦਿੱਤਾ ਅਤੇ ਡਾਕਟਰਾਂ ਨੇ ਵੀ ਬਿਨਾਂ ਪੁਲੀਸ ਰਿਕਾਰਡ ਦੇ ਇਲਾਜ ਤੋਂ ਇਨਕਾਰ ਕਰ ਦਿੱਤਾ। ਇਹ ਘਟਨਾ 8 ਅਗਸਤ ਦੀ ਹੈ ਅਤੇ ਅਖ਼ੀਰ ਜ਼ਿੰਦਗੀ ਤੇ ਮੌਤ ਦੀ ਜੰਗ ਲੜਦੀ 16 ਲੜਕੀ ਨੇ 14 ਅਗਸਤ ਨੂੰ ਦਮ ਤੋੜ ਦਿੱਤਾ। ਲੜਕੀ ਦੇ ਦਾਦੇ ਨੇ ਲਾਬੂਆਂ ਪੁਲੀਸ ਸਟੇਸ਼ਨ ਵਿੱਚ ਸ਼ਰਾਰਤੀ ਅਨਸਰਾਂ ਖ਼ਿਲਾਫ਼ ਕਾਰਵਾਈ ਲਈ ਸ਼ਿਕਾਇਤ ਕੀਤੀ ਪਰ ਪੁਲੀਸ ਨੇ ਉਨ੍ਹਾਂ ਦੀ ਸ਼ਿਕਾਇਤ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਸਬੰਧੀ ਲਾਬੂਆਂ ਪੁਲੀਸ ਸਟੇਸ਼ਨ ਦੇ ਮੁਖੀ ਸੰਜੈ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

# ਬਾਦਲ ਦਲ ਦੇ ਹਲਕਿਆਂ 'ਚ ਭਾਜਪਾ ਹੋਈ ਦਾਖਲ

- ਜੱਟਾਂ ਤੇ ਦਲਿਤਾਂ 'ਚ ਨਾ ਜਮਾ ਸਕੀ ਪ੍ਰਭਾਵ
- ਸਿੱਖ ਵੋਟਰ ਹਾਲੇ ਵੀ ਬਾਦਲ ਦਲ ਨਾਲ ਨਰਾਜ਼, ਪਰ ਭਾਜਪਾ ਨਾਲ ਜਾਣ ਨੂੰ ਤਿਆਰ ਨਹੀਂ
- ਬਾਦਲ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਵੀ ਦਿਤੀ ਅਕਾਲੀਆਂ ਨੂੰ ਖੁੱਲ੍ਹੀ ਛੁੱਟੀ
- ਅਕਾਲੀ ਹਾਈਕਮਾਂਡ ਨੇ ਮਾਮਲਾ ਅਮਿਤ ਸ਼ਾਹ ਕੋਲ ਪਹੁੰਚਾਇਆ



**ਜਲੰਧਰ /ਬਿਉਰੋ ਨਿਊਜ਼ :**
ਸਾਲ 2024 ਤੱਕ ਪੂਰੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਟੀਚਾ ਲੈ ਕੇ ਚੱਲ ਰਹੀ ਭਾਜਪਾ ਨੇ ਪੰਜਾਬ ਵਿੱਚ ਆਪਣੀ ਮੈਂਬਰਸ਼ਿੱਪ ਮੁਹਿੰਮ ਬੜੀ ਤੇਜ਼ੀ ਨਾਲ ਚਲਾਉਣੀ ਸ਼ੁਰੂ ਕਰ ਦਿੱਤੀ ਹੈ। ਪਰ ਉਹ ਅਜੇ ਤੱਕ ਜੱਟ ਸਿੱਖ ਵੋਟ ਬੈਂਕ ਤੇ ਦਲਿਤਾਂ ਵਿਚ ਆਪਣੇ ਪੈਰ ਨਹੀਂ ਜਮਾ ਸਕੀ। ਸ਼੍ਰੋਮਣੀ ਅਕਾਲੀ ਦਲ ਦਾ ਇਹ ਦੋਵੇਂ ਵੋਟ ਬੈਂਕ ਮੁੱਖ ਆਧਾਰ ਹਨ। ਪਰ ਨਾਲ ਸੱਚ ਇਹ ਵੀ ਹੈ ਕਿ ਅਕਾਲੀ ਦਲ ਦੇ ਖਾਤੇ ਵਿਚ ਆਉਣ ਵਾਲੇ 94 ਹਲਕਿਆਂ ਵਿੱਚ ਇਹ ਕੰਮ ਕਰਨ ਲੱਗਿਆਂ ਭਾਜਪਾ ਵਾਲੇ ਹੁਣ ਇਸ ਗੱਲ ਦੀ ਵੀ ਪ੍ਰਵਾਹ ਕਰਨੀ ਬੰਦ ਕਰ ਗਏ ਹਨ ਕਿ ਉਹ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਅਜਿਹਾ ਕੰਮ ਕਰ ਰਹੇ ਹਨ ਜਿਸ ਨਾਲ ਉਨ੍ਹਾਂ ਦੀ ਅਕਾਲੀਆਂ ਨਾਲ ਦਹਾਕਿਆਂ ਪੁਰਾਣੀ ਸਾਂਝ ਵੀ ਟੁੱਟ ਸਕਦੀ ਹੈ।

ਸ਼੍ਰੋਮਣੀ ਅਕਾਲੀ ਦਲ ਵਾਲਿਆਂ ਨੂੰ ਇਸ ਗੱਲ ਦਾ ਅਹਿਸਾਸ ਹੋ ਚੁੱਕਾ ਹੈ ਕਿ ਭਾਜਪਾ ਨੂੰ ਆਪਣੇ ਹਲਕਿਆਂ ਵਿਚ ਮੈਂਬਰਸ਼ਿਪ ਬਣਾਉਣ ਤੋਂ ਤੋਂ ਰੋਕਣਾ ਜ਼ਰੂਰੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਇਹ ਡਰ ਅੰਦਰੋਂ ਖਾ ਰਿਹਾ ਹੈ ਕਿ ਸਿੱਖ ਵੋਟ ਬੈਂਕ ਉਹਨਾਂ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਤੇ ਅਕਾਲੀ ਰਾਜ ਵਿਚ ਸਿੱਖ ਪੰਥ ਦੀ ਕਦਰ ਨਾ ਹੋਣ ਕਾਰਨ ਨਰਾਜ਼ ਹਨ। ਦਲਿਤ ਵੋਟ ਬੈਂਕ ਵੀ ਅਕਾਲੀ ਦਲ ਤੋਂ ਨਿਰਾਸ਼ ਹੈ, ਪਰ ਉਹ ਕੈਪਟਨ ਅਮਰਿੰਦਰ ਸਿੰਘ ਨਾਲ ਵੀ ਨਹੀਂ ਚਲ ਰਿਹਾ। ਇਹੀ ਕਾਰਨ ਹੈ ਕਿ ਬਸਪਾ ਮਜ਼ਬੂਤ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਪੰਥਕ ਤੇ ਦਲਿਤ ਹਲਕਿਆਂ ਵਿਚ ਆਪਣੀਆਂ ਜੜ੍ਹਾਂ ਜਮਾਉਣ ਦੇ ਲਈ ਦੁਬਾਰਾ ਸਰਗਰਮੀ ਸ਼ੁਰੂ ਕਰ ਦਿੱਤੀ ਹੈ। ਦੂਸਰੇ ਪਾਸੇ ਕੈਪਟਨ ਅਮਰਿੰਦਰ ਸਿੰਘ ਨੇ ਸਿੱਖ ਵੋਟ ਬੈਂਕ ਨੂੰ ਨਰਾਜ਼ ਕਰ ਦਿੱਤਾ ਹੈ, ਕਿਉਂਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਗੋਲੀ ਕਾਂਡ ਦਾ ਮਸਲਾ ਹੱਲ ਨਹੀਂ ਕਰ ਸਕੇ। ਪੰਜਾਬ ਵਿਚ ਨਸ਼ਾ ਹੋਰ ਵੱਡੀ ਪੱਧਰ 'ਤੇ ਫੈਲ ਚੁੱਕਾ ਹੈ।

ਸੁਖਬੀਰ ਸਿੰਘ ਬਾਦਲ ਨੇ ਪੰਥਕ ਤੇ ਦਲਿਤ ਮਸਲੇ ਦੁਬਾਰਾ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਨਸ਼ਿਆਂ ਦੇ ਮਾਮਲੇ ਵਿਚ ਉਨ੍ਹਾਂ ਨੇ ਹੁਣੇ ਜਿਹੇ ਸੁਨੀਲ ਜਾਖੜ ਨੂੰ ਘੇਰਿਆ ਹੈ ਤੇ ਗੁਰੂ ਰਵੀਦਾਸ ਦੇ ਦਿੱਲੀ ਵਿਚ ਬਣੇ ਮੰਦਰ ਬਾਰੇ ਦ੍ਰਿੜ੍ਹ ਸਟੈਂਡ ਲਿਆ ਹੈ ਤੇ ਭਾਜਪਾ ਹਾਈਕਮਾਂਡ ਨੂੰ ਇਹ ਮਸਲਾ ਹੱਲ ਕਰਨ ਦੇ ਲਈ ਜ਼ੋਰ ਪਾਇਆ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸੁਖਬੀਰ ਬਾਦਲ ਨੇ ਭਾਜਪਾ ਹਾਈਕਮਾਂਡ ਨੂੰ ਸਾਫ ਕਹਿ ਦਿੱਤਾ ਹੈ ਕਿ ਜੇਕਰ ਪੰਜਾਬ ਨੂੰ ਕਾਂਗਰਸ ਤੋਂ ਰਹਿਤ ਕਰਨਾ ਹੈ ਤਾਂ ਪੰਜਾਬ ਭਾਜਪਾ ਨੂੰ ਅਕਾਲੀ ਹਲਕਿਆਂ ਵਿਚ ਦਖਲਅੰਦਾਜ਼ੀ ਦੇਣ ਤੋਂ ਰੋਕਿਆ ਜਾਵੇ। ਪੰਥਕ ਮਸਲਿਆਂ ਤੇ ਦਲਿਤ ਮਸਲਿਆਂ ਪ੍ਰਤੀ ਭਾਜਪਾ ਹਾਈਕਮਾਂਡ ਧਿਆਨ ਦੇਵੇ। ਪਤਾ ਲੱਗਾ ਹੈ ਕਿ ਭਾਜਪਾ ਹਾਈਕਮਾਂਡ ਸ਼੍ਰੋਮਣੀ ਅਕਾਲੀ ਦਲ ਨੂੰ ਤਰਜੀਹ ਦੇਣ ਲੱਗ ਪਈ ਹੈ, ਇਸ ਪਿੱਛੇ ਕਾਰਨ ਇਹ ਹੈ ਕਿ ਪੰਜਾਬ ਭਾਜਪਾ ਹਾਲੇ ਤੱਕ ਦਲਿਤਾਂ ਤੇ ਜੱਟ ਵੋਟ ਬੈਂਕ ਵਿਚ ਆਪਣਾ ਮਜ਼ਬੂਤ ਵੋਟ ਬੈਂਕ ਸਥਾਪਤ ਨਹੀਂ ਕਰ ਸਕੀ ਤੇ ਨਾ ਹੀ ਕੋਈ ਪੰਥਕ ਲੀਡਰ ਉਭਾਰ ਸਕੀ ਹੈ, ਜੋ ਪੰਜਾਬ ਦੀ ਕਮਾਂਡ ਸੰਭਾਲ ਸਕੇ। ਪੰਜਾਬ ਦੀ ਸਿਆਸਤ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਦਾ ਹਾਲੇ ਤੱਕ ਸਿੱਖ ਪੰਥ ਵਿਚ ਪ੍ਰਭਾਵ ਨਹੀਂ ਬਣ ਸਕਿਆ ਤੇ ਨਾ ਹੀ ਕੋਈ ਹੋਰ ਪੰਥਕ ਲੀਡਰਸ਼ਿਪ ਸ਼੍ਰੋਮਣੀ ਅਕਾਲੀ ਦਲ ਦਾ ਬਦਲ ਬਣ ਸਕੀ ਹੈ।

ਸੁਖਪਾਲ ਸਿੰਘ ਖਹਿਰਾ, ਧਰਮਵੀਰ ਗਾਂਧੀ ਤੇ ਬੈਂਸ ਭਰਾ ਆਪਣੇ ਖੇਤਰਾਂ ਤੱਕ ਸੀਮਤ ਹੋ ਕੇ ਰਹਿ ਗਏ ਹਨ। ਬਸਪਾ ਕਿਸੇ ਵੱਡੀ ਪਾਰਟੀ ਤੋਂ ਬਿਨਾਂ ਆਪਣਾ ਆਧਾਰ ਜਮਾਉਣ ਤੋਂ ਅਸਮਰੱਥ ਹੈ। ਉਹ ਲੱਗਭੱਗ ਕਾਂਗਰਸ ਦਾ ਵੱਡਾ ਨੁਕਸਾਨ ਕਰੇਗੀ। ਇਸ ਸਾਰੀ ਸਥਿਤੀ ਵਿਚ ਜੇ ਸ਼੍ਰੋਮਣੀ ਅਕਾਲੀ ਦਲ ਸਿੱਖ ਵੋਟ ਬੈਂਕ ਉੱਪਰ ਆਪਣਾ ਪ੍ਰਭਾਵ ਜਮਾਉਣ ਵਿਚ ਸਫਲ ਹੋ ਜਾਂਦਾ ਹੈ ਅਤੇ ਇਮਾਨਦਾਰੀ ਨਾਲ ਪੰਥਕ ਤੇ ਪੰਜਾਬ ਮਸਲੇ ਉਭਾਰਦਾ ਤੇ ਭਾਜਪਾ ਹਾਈਕਮਾਂਡ ਤੋਂ ਹੱਲ ਕਰਵਾਉਂਦਾ ਹੈ ਤਾਂ ਉਹ ਪੰਜਾਬ ਵਿਚ ਮੁੜ ਤਾਕਤ ਫੜਨ ਵਿਚ ਕਾਮਯਾਬ ਹੋ ਸਕਦਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸੁਖਬੀਰ ਸਿੰਘ ਬਾਦਲ ਦੀ ਸਰਗਰਮੀ ਦਾ ਵੱਡਾ ਕਾਰਨ ਹੀ ਇਹ ਹੈ ਕਿ ਉਹ ਅਕਾਲੀ ਦਲ ਦੀਆਂ ਮੁੜ ਕੇ ਜੜ੍ਹਾਂ ਪੰਜਾਬ ਵਿਚ ਲਗਾਉਣਾ ਚਾਹੁੰਦੇ ਹਨ। ਇਸ ਕਰਕੇ ਉਨ੍ਹਾਂ ਦਾ ਹਮਲਾਵਰ ਰੁੱਖ ਕੈਪਟਨ ਅਮਰਿੰਦਰ ਸਿੰਘ ਤੇ ਕਾਂਗਰਸ ਵਲ ਹੈ।

ਪਰ ਪੰਜਾਬ ਦੇ ਸਥਾਨਕ ਭਾਜਪਾਈ ਲੀਡਰ ਅਕਾਲੀ ਦਲ ਦੇ ਹਲਕਿਆਂ ਵਿਚ ਮੈਂਬਰਸ਼ਿਪ ਦੀ ਮੁਹਿਮ ਚਲਾ ਕੇ ਭਾਜਪਾ ਹਾਈਕਮਾਂਡ ਦਾ ਹੀ ਨੁਕਸਾਨ ਕਰ ਰਹੇ ਹਨ। ਜਦ ਕਿ ਉਨ੍ਹਾਂ ਨੂੰ ਹਾਲੇ ਤੱਕ ਕਾਮਯਾਬੀ ਨਹੀਂ ਮਿਲੀ। ਭਾਜਪਾ ਵੱਲੋਂ ਕੀਤੇ ਜਾ ਰਹੇ ਇਸ ਵਰਤਾਰੇ ਨੂੰ ਸਿਆਸੀ ਮਾਹਿਰ ਭਾਜਪਾ ਦੀ ਖੇਤਰੀ ਪਾਰਟੀਆਂ ਨੂੰ ਖਤਮ ਕਰਨ ਵਾਲੀ ਨੀਤੀ 'ਤੇ ਕੰਮ ਕਰਨਾ ਗਰਦਾਨ ਰਹੇ ਹਨ। ਦੱਸ ਦਈਏ ਕਿ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਉੱਤੇ ਅਕਾਲੀ ਭਾਜਪਾ ਗੱਠਜੋੜ ਆਪਸੀ ਸਮਝੌਤੇ ਤਹਿਤ 94-23 ਦੀ ਵੰਡ ਨਾਲ ਚੋਣਾਂ ਲੜਦੇ ਆ ਰਹੇ ਹਨ। ਜਿਨ੍ਹਾਂ ਵਿੱਚੋਂ 94 ਸੀਟਾਂ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ 23 ਸੀਟਾਂ 'ਤੇ ਭਾਜਪਾ ਵਾਲੇ ਆਪੋ ਆਪਣੀ ਕਿਸਮਤ ਅਜਮਾਉਂਦੇ ਹਨ। ਪਰ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਅਕਾਲੀਆਂ ਕੋਲੋਂ ਆਪਣੀਆਂ ਸੀਟਾਂ ਦਾ ਕੋਟਾ ਵਧਾਏ ਜਾਣ ਦੀ ਮੰਗ ਕੀਤੀ ਸੀ। ਉਸ ਵੇਲੇ ਤਾਂ ਇੱਕ ਵਾਰ ਸਿਆਸੀ ਹਾਲਾਤ ਇਹ ਬਣ ਗਏ ਸਨ ਕਿ ਇਨ੍ਹਾਂ ਦਾ ਆਪਸੀ ਰੌਲਾ ਦੇਖ ਕੇ ਇਹ ਗੱਲਾਂ ਮੀਡੀਆ ਦੀਆਂ ਸੁਰਖੀਆਂ ਬਣਨ ਲੱਗ ਪਈਆਂ ਸਨ ਕਿ ਅਕਾਲੀ ਭਾਜਪਾ ਵਾਲਿਆਂ ਦਾ ਇਹ ਗੱਠਜੋੜ ਟੁੱਟ ਜਾਵੇਗਾ ਤੇ ਇਹ ਦੋਵੇਂ ਪਾਰਟੀਆਂ ਵੱਖਰੇ ਤੌਰ 'ਤੇ ਚੋਣ ਲੜਨਗੀਆਂ। ਪਰ ਜਿਵੇਂ ਕਿਵੇਂ ਭਾਜਪਾ ਪ੍ਰਧਾਨ ਅਮਿਤ ਸ਼ਾਹ ਅਤੇ ਅਕਾਲੀ ਸੁਪਰੀਮੋਂ ਪ੍ਰਕਾਸ਼ ਸਿੰਘ ਬਾਦਲ ਨੇ ਆਪਸੀ ਸਹਿਮਤੀ ਨਾਲ ਇਸ ਗੱਠਜੋੜ ਨੂੰ ਬਚਾ ਲਿਆ। ਪਰ ਜੋ ਹਾਲਾਤ ਸਾਲ 20 19 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਨਤੀਜੇ ਦੇਖ ਕੇ ਬਣੇ ਹਨ ਉਸ ਨੂੰ ਦੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਆਉਣ ਵਾਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦੋਵਾਂ ਪਾਰਟੀਆਂ ਵਿਚਕਾਰ ਸੀਟਾਂ ਦੀ ਵੰਡ ਨੂੰ ਲੈ ਕੇ ਇਸ ਵਾਰ ਲੜਾਈ ਹਰ ਹਾਲਤ ਵਿੱਚ ਫੈਸਲਾਕੁੰਨ ਦੌਰ ਵਿਚ ਪਹੁੰਚੇਗੀ। ਅਜਿਹਾ ਇਸ ਲਈ ਕਿਹਾ ਜਾ ਰਿਹਾ ਹੈ, ਕਿਉਂਕਿ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਜਿੱਥੇ ਸ਼੍ਰੋਮਣੀ ਅਕਾਲੀ ਦਲ ਆਪਣੇ 10 ਸੀਟਾਂ ਦੇ ਖਾਤੇ ਵਿੱਚੋਂ 8 ਸੀਟਾਂ ਹਾਰਿਆ ਹੈ ਉੱਥੇ ਭਾਜਪਾ ਵਾਲੇ ਆਪਣੀਆਂ 3 ਸੀਟਾਂ ਦੇ ਖਾਤੇ ਵਿੱਚੋਂ 2 ਸੀਟਾਂ ਜਿੱਤੇ ਹਨ ਤੇ ਇਸ ਤੋਂ ਵੀ ਵੱਡੀ ਗੱਲ ਇਹ ਰਹੀ ਕਿ ਸ਼੍ਰੋਮਣੀ ਅਕਾਲੀ ਦਲ ਵਾਲੇ ਇਹ ਗੱਲ ਖੁਦ ਮੰਨੇ ਹਨ ਕਿ ਸ਼ਹਿਰਾਂ ਅੰਦਰ ਉਨ੍ਹਾਂ ਦੀ ਪਾਰਟੀ ਨੂੰ ਜਿਹੜੀ ਵੋਟ ਪਈ ਹੈ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੂੰਹ ਨੂੰ ਪਈ ਹੈ। ਲਿਹਾਜਾ ਭਾਜਪਾ ਵਾਲਿਆਂ ਦਾ ਇਹ ਦਾਅਵਾ ਕਰਨਾ ਕਿ ਉਨ੍ਹਾਂ ਦਾ ਆਧਾਰ ਪੰਜਾਬ ਵਿੱਚ ਮਜ਼ਬੂਤ ਹੋਇਆ ਹੈ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਭਾਜਪਾ ਹਾਲੇ ਤੱਕ ਪੇਂਡੂ ਖੇਤਰਾਂ ਵਿਚ ਆਪਣੀਆਂ ਜੜ੍ਹਾਂ ਨਹੀਂ ਜਮਾ ਸਕੀ। ਅਕਾਲੀ ਦਲ ਤੋਂ ਬਿਨਾਂ ਭਾਜਪਾ ਅਜੇ ਤੱਕ ਅਸਫਲ ਹੈ। ਇਸ ਤੋਂ ਜਾਪਦਾ ਹੈ ਕਿ ਹਾਈ ਕਮਾਂਡ ਉੱਪਰ ਅਜੇ ਵੀ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਭਾਵ ਹੈ, ਜਿਹੜਾ ਕੁਝ ਚਿਰ ਪਹਿਲਾਂ ਭਾਜਪਾ ਹਾਈਕਮਾਂਡ ਵਲੋਂ ਅਕਾਲੀ ਦਲ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਸੀ, ਹੁਣ ਫਿਰ ਸ਼੍ਰੋਮਣੀ ਅਕਾਲੀ ਦਲ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ ਨੇ ਇਸ ਸੰਬੰਧ ਵਿਚ ਕਿਹਾ ਕਿ ਭਾਰਤੀ ਜਨਤਾ ਪਾਰਟੀ ਵਾਲੇ ਜੇਕਰ ਸ਼੍ਰੋਮਣੀ ਅਕਾਲੀ ਦਲ ਦੇ ਹਲਕੇ ਵਿੱਚ ਮੈਂਬਰਸ਼ਿੱਪ ਮੁਹਿੰਮ ਚਲਾ ਰਹੇ ਹਨ ਤਾਂ ਇਹ ਇੱਕ ਚੰਗੀ ਗੱਲ ਹੈ ਕਿਉਂਕਿ ਇਸ ਨਾਲ ਦੋਵਾਂ ਪਾਰਟੀਆਂ ਨੂੰ ਹੀ ਫਾਇਦਾ ਹੋਣ ਵਾਲਾ ਹੈ। ਉਨ੍ਹਾਂ ਕਿਹਾ ਕਿ ਮੈਂਬਰਸ਼ਿੱਪ ਮੁਹਿੰਮ ਚਲਾਉਣ ਦਾ ਹਰ ਪਾਰਟੀ ਨੂੰ ਕਨੂੰਨੀ ਅਧਿਕਾਰ ਹੈ। ਇਸ ਮੌਕੇ ਚੀਮਾ ਨੇ ਇਸ ਗੱਲ ਨੂੰ ਅਜੇ ਭਵਿੱਖ ਦੇ ਗਰਭ ਵਿੱਚ ਗਰਦਾਨਿਆ ਕਿ ਮੈਂਬਰਸ਼ਿੱਪ ਵਧਣ ਨਾਲ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਵਾਲੇ ਵਧ ਸੀਟਾਂ ਦੀ ਮੰਗ ਕਰ ਸਕਦੇ ਹਨ। ਇੱਧਰ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਬੁਲਾਰੇ ਹਰਜੀਤ ਸਿੰਘ ਗਰੇਵਾਲ ਨਾਲ ਗੱਲਬਾਤ ਕਰਨ 'ਤੇ ਉਨ੍ਹਾਂ ਵੀ ਇਹੋ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਮੈਂਬਰਸ਼ਿੱਪ ਵਧਾਉਣ ਦਾ ਪੂਰਾ ਅਧਿਕਾਰੀ ਹੈ। ਉਨ੍ਹਾਂ ਕਿਹਾ ਕਿ ਦੋਵਾਂ ਪਾਰਟੀਆਂ ਵੱਲੋਂ ਚਲਾਏ ਜਾ ਰਹੇ ਮੈਂਬਰਸ਼ਿੱਪ ਮੁਹਿੰਮ ਦਾ ਦੋਵਾਂ ਹੀ ਪਾਰਟੀਆਂ ਨੂੰ ਫਾਇਦਾ ਹੋਵੇਗਾ ਤੇ ਜੇਕਰ ਆਉਣ ਵਾਲੇ ਸਮੇਂ ਵਿੱਚ ਦੋਵੇਂ ਪਾਰਟੀਆਂ ਮਿਲ ਕੇ ਚੋਣਾਂ ਲੜਦੀਆਂ ਹਨ ਤਾਂ ਦੋਵਾਂ ਦੀਆਂ ਵੋਟਾਂ ਗੱਠਜੋੜ ਨੂੰ ਕੰਮ ਆਉਣਗੀਆਂ। 2022 ਦੀਆਂ ਚੋਣਾਂ ਮੌਕੇ ਦੀ ਸੀਟਾਂ ਦੀ ਵੰਡ ਜਾਂ ਗੱਠਜੋੜ ਵਧਾਉਣ ਸਬੰਧੀ ਕੀਤੇ ਗਏ ਸਵਾਲ ਦਾ ਜਵਾਬ ਦਿੰਦਿਆਂ ਗਰੇਵਾਲ ਨੇ ਕਿਹਾ ਕਿ ਇਹ ਫੈਸਲਾ ਪਾਰਟੀ ਹਾਈ ਕਮਾਂਡ ਨੇ ਲੈਣਾ ਹੈ, ਨਾ ਕਿ ਸੂਬੇ ਦੀ ਬਾਡੀ ਨੇ। ਉਨ੍ਹਾਂ ਕਿਹਾ ਕਿ ਫਿਲਹਾਲ ਅਕਾਲੀ ਭਾਜਪਾ ਗੱਠਜੋੜ ਨੂੰ ਕਿਸੇ ਪਾਸੋਂ ਕੋਈ ਖਤਰਾ ਨਹੀਂ ਹੈ।

# ਮੇਜਰ ਲੀਗ ਕਬੱਡੀ ਫੈਡੇਸ਼ਨ ਦੇ ਸਹਿਯੋਗ ਨਾਲ ਹੋਵੇਗਾ 15 ਸਤੰਬਰ ਦਾ ਇਤਿਹਾਸਕ 15ਵਾਂ ਵਿਸ਼ਵ ਕਬੱਡੀ ਕੱਪ : ਅਮੋਲਕ ਸਿੰਘ ਗਾਖ਼ਲ

## ਧਾਰਮਿਕ, ਸਮਾਜਿਕ ਤੇ ਸਾਹਿਤਕ ਖੇਤਰ ਦੀਆਂ 5 ਸਖਸ਼ੀਅਤਾਂ ਦਾ ਹੋਵੇਗਾ ਵਿਸ਼ੇਸ਼ ਸਨਮਾਨ

**ਵਾਟਸਨਵਿੱਲ/ਏਟੀ ਨਿਊਜ਼ :**
ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ 15 ਸਤੰਬਰ ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਕਰਵਾਇਆ ਜਾਣ ਵਾਲਾ 15ਵਾਂ ਵਿਸ਼ਵ ਕਬੱਡੀ ਕੱਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਕੀਰਤੀਮਾਨ ਸਥਾਪਿਤ ਕਰੇਗਾ। ਖੇਡ ਮੇਲੇ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਜਿੱਥੇ ਦੁਨੀਆ ਭਰ ਦੇ ਮਸ਼ਹੂਰ ਕਬੱਡੀ ਖਿਡਾਰੀ ਆਪਣੀ ਕਬੱਡੀ ਖੇਡ ਦੇ ਜੌਹਰ ਦਿਖਾਉਣਗੇ ਉੱਥੇ ਤੀਰਥ ਸਿੰਘ ਗਾਖਲ, ਬਲਜੀਤ ਸਿੰਘ ਸੰਧੂ ਅਤੇ ਮੱਖਣ ਸਿੰਘ ਧਾਲੀਵਾਲ ਦੀ ਅਗਵਾਈ ਵਾਲੀ ਕਮੇਟੀ ਇਸ ਗੱਲ ਨੂੰ ਯਕੀਨੀ ਬਣਾਵੇਗੀ ਕਿ ਸਾਰੀਆਂ ਟੀਮਾਂ ਵਿਚ ਬਰਾਬਰ ਦੇ ਖਿਡਾਰੀ ਹੋਣਗੇ ਤੇ ਪਹਿਲੀ ਵਾਰ ਹੋਵੇਗਾ ਕਿ ਹਰ ਮੈਚ ਹੀ ਫਾਈਨਲ ਭੇੜ ਵਰਗਾ ਦੇਖਣ ਨੂੰ ਮਿਲੇਗਾ।

ਸ. ਗਾਖਲ ਨੇ ਕਿਹਾ ਕਿ ਇਸ 15ਵੇਂ ਕਬੱਡੀ ਕੱਪ ਦੀ ਇਤਿਹਾਸਕ ਮਹੱਤਤਾ ਨੂੰ ਦੇਖਦਿਆਂ ਪ੍ਰਬੰਧਾਂ ਵਿਚ ਕਿਸੇ ਵੀ ਕਿਸਮ ਦੀ ਕਮੀ ਪੇਸ਼ੀ ਨਹੀਂ ਰਹਿਣ ਦਿੱਤੀ ਜਾਵੇਗੀ। ਹਜ਼ਾਰਾਂ ਦੀ ਗਿਣਤੀ ਵਿਚ ਇਸ ਕਬੱਡੀ ਕੱਪ ਦਾ ਅਨੰਦ ਮਾਨਣ ਲਈ ਆਉਣ ਵਾਲੀਆਂ ਸੰਗਤਾਂ ਨੂੰ ਖਾਣ ਪੀਣ ਦੇ ਨਾਲ ਨਾਲ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਸ. ਗਾਖਲ ਨੇ ਕਿਹਾ ਕਿ ਕਬੱਡੀ ਦੇ ਤਕਨੀਕੀ ਪ੍ਰਬੰਧਾਂ ਲਈ ਕਮੇਟੀ ਬਣਾਈ ਗਈ ਹੈ ਤਾਂ ਜੋ ਕਿਸੇ ਨੂੰ ਵੀ ਕਿਸੇ ਕਿਸਮ ਦੀ ਕੋਈ ਸ਼ੱਕ ਜਾਂ ਗੁੰਜਾਇਸ਼ ਨਾ ਰਹੇ। ਕਿਉਂਕਿ ਇਹ ਕਬੱਡੀ ਕੱਪ ਪੂਰੀ ਤਰ੍ਹਾਂ ਡਰੱਗ ਮੁਕਤ ਹੋਵੇਗਾ। ਉਨ੍ਹਾਂ ਇਹ ਵੀ ਮਾਣ ਨਾਲ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਖੇਡ ਮੇਲੇ ਵਿਚ ਸਮਾਜਿਕ, ਸਾਹਿਤਕ ਅਤੇ ਧਾਰਮਿਕ ਖੇਤਰ ਦੀਆਂ ਪੰਜ ਅਹਿਮ ਸਖਸ਼ੀਅਤਾਂ ਨੂੰ ਸਨਮਾਨਿਤ ਕੀਤੇ ਜਾਣ ਦਾ ਫੈਸਲਾ ਵੀ ਲਿਆ ਗਿਆ ਹੈ ਜਿਨ੍ਹਾਂ ਵਿਚ ਸਹਾਇਤਾ ਸੰਸਥਾ ਦੇ ਡਾ. ਹਰਕੇਸ਼ ਸੰਧੂ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਉਲੰਪੀਅਨ ਮਹਿੰਦਰ ਸਿੰਘ ਗਿੱਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ





ਦੇ ਸਾਬਕਾ ਮੈਂਬਰ ਤੇ ਸਾਹਿਤਕਾਰ ਤਰਲੋਚਨ ਸਿੰਘ ਦੁਪਾਲਪੁਰ ਅਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੀ ਚੋਣ ਕੀਤੀ ਗਈ ਹੈ।

ਇਕ ਵੱਖਰੇ ਬਿਆਨ ਵਿਚ ਚੇਅਰਮੈਨ ਮੱਖਣ ਸਿੰਘ ਬੈਂਸ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਸ ਗੱਲ ਦਾ ਪ੍ਰਣ ਲੈਣਾ ਚਾਹੀਦਾ ਹੈ ਕਿ ਇਹ ਕਬੱਡੀ ਕੱਪ ਸਿੱਖ ਇਤਿਹਾਸ ਤੇ ਧਾਰਮਿਕ ਪ੍ਰੰਪਰਾਵਾਂ ਨਾਲ ਜੁੜਦਾ ਹੈ। ਇਸ ਲਈ ਅਸੀਂ ਵੀ ਕਿਸੇ ਤਰ੍ਹਾਂ ਦਾ ਕੋਈ ਨਸ਼ਾ ਕਰਕੇ ਖੇਡ ਮੇਲੇ ਵਿਚ ਨਾ ਪਹੁੰਚੀਏ। ਗੁਰੂ ਨਾਨਕ ਪਾਤਸ਼ਾਹ ਦੇ ਦਿਹਾੜੇ ਨੂੰ ਸਮਰਪਿਤ ਇਹ ਕਬੱਡੀ ਕੱਪ ਸਿੱਖ ਕੌਮ ਅਤੇ ਪੰਜਾਬੀਆਂ ਦੀ ਸ਼ਾਨ ਉੱਚੀ ਕਰੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸੰਗਤਾਂ ਦੀ ਵੱਡੀ ਆਮਦ ਦੀ ਉਮੀਦ ਨੂੰ ਮੁੱਖ ਰੱਖਦਿਆਂ ਸਕਿਉਰਿਟੀ ਦੇ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਦੇ ਨਾਲ ਨਾਲ ਇਸ ਮੌਕੇ 'ਤੇ ਪੁਲਿਸ ਵਿਭਾਗ ਵਲੋਂ ਵਿਸ਼ੇਸ਼ ਭਰਤੀ ਕੈਂਪ ਵੀ ਲਗਾਇਆ ਜਾ ਰਿਹਾ ਹੈ ਜਿਸ ਵਿਚ ਨੌਜਵਾਨਾਂ ਨੂੰ ਅਮਰੀਕਨ ਪੁਲਿਸ ਵਿਚ ਸ਼ਾਮਿਲ ਹੋਣ ਦਾ ਪੂਰਨ ਮੌਕਾ ਮਿਲੇਗਾ।

ਸ. ਗਾਖਲ ਨੇ ਖੁਸ਼ੀ ਨਾਲ ਕਿਹਾ ਕਿ ਸਪਾਂਸਰਾਂ ਵਲੋਂ ਪਿਛਲੇ ਸਾਲਾਂ ਦੇ ਮੁਕਾਬਲੇ ਇਸ ਵਾਰ ਇਤਿਹਾਸਕ ਟੂਰਨਾਮੈਂਟ ਕਰਕੇ ਹੋਰ ਵੀ ਸਹਿਯੋਗ ਮਿਲ ਰਿਹਾ ਹੈ। ਸੰਚਾਰ ਸਾਧਨਾਂ ਦੀ ਮਦਦ ਨਾਲ ਇਸ ਖੇਡ ਮੇਲੇ ਨੂੰ ਹਰ ਕਬੱਡੀ ਪ੍ਰੇਮੀ ਦੀ ਅੱਖ ਤੱਕ ਪੁੱਜਦਾ ਕਰਨ ਲਈ ਪ੍ਰਬੰਧ ਵੀ ਕੀਤੇ ਜਾ ਰਹੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਇਤਿਹਾਸਕ ਕਬੱਡੀ ਕੱਪ ਦਾ ਨਵਾਂ ਇਤਿਹਾਸ ਸਿਰਜਣ ਲਈ ਪੰਜਾਬੀ ਤੇ ਸਿੱਖ ਜਗਤ ਆਪਣਾ ਬਣਦਾ ਯੋਗਦਾਨ ਪਾਵੇਗਾ।

ਅੱਜ ਦੀ ਇਸ ਮੀਟਿੰਗ ਵਿਚਹੋਰਨਾਂ ਤੋਂ ਇਲਾਵਾ ਮੱਖਣ ਸਿੰਘ ਬੈਸ ਚੇਅਰਮੈਨ, ਇਕਬਾਲ ਸਿੰਘ ਗਾਖਲ ਉਪ ਚੇਅਰਮੈਨ, ਜੁਗਰਾਜ ਸਿੰਘ ਸਹੋਤਾ ਪ੍ਰਧਾਨ, ਪਲਵਿੰਦਰ ਸਿੰਘ ਗਾਖਲ, ਨਰਿੰਦਰ ਸਿੰਘ ਸਹੋਤਾ ਵਿੱਤ ਸਕੱਤਰ, ਐੱਸ.ਅਸ਼ੋਕ. ਭੌਰਾ ਜਨਰਲ ਸਕੱਤਰ, ਸਾਧੂ ਸਿੰਘ ਖਲੌਰ, ਦੇਬੀ ਸੋਹਲ, ਇੰਦਰਜੀਤ ਥਿੰਦ, ਗੋਪੀ ਗਾਖਲ, ਗਿਆਨੀ ਰਵਿੰਦਰ ਸਿੰਘ, ਅਮਰਦੀਪ ਸਿੰਘ, ਬਲਜਿੰਦਰ ਸਿੰਘ, ਕਾਲਾ ਗਾਖਲ, ਗੁਰਨਾਮ ਸਿੰਘ ਵੜੈਚ, ਕਿਰਨਦੀਪ ਸਿੰਘ ਵੀ ਸ਼ਾਮਿਲ ਹੋਏ।

# ਕੋਸ਼ਕਾਰ, ਇਤਿਹਾਸਕਾਰ, ਸਿੱਖ ਆਲੋਚਕ, ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ

**ਸੁਰਿੰਦਰ ਕੌਰ**

ਭਾਈ ਕਾਨ੍ਹ ਸਿੰਘ ਨਾਭਾ ਇਕ ਸਫ਼ਲ ਪ੍ਰਸ਼ਾਸ਼ਕ, ਕੂਟਨੀਤਿਕ, ਕੋਸ਼ਕਾਰ, ਇਤਿਹਾਸਕਾਰ, ਸਿੱਖ ਆਲੋਚਕ, ਚਿੰਤਕ, ਵਿਦਵਾਨ ਅਤੇ ਗੱਦੀ-ਵਾਰਸਾਂ ਦਾ ਅਧਿਆਪਕ ਹੋਣ ਦੇ ਨਾਲ-ਨਾਲ ਇਕ ਉੱਚ ਦਰਜੇ ਦਾ ਸ਼ਿਕਾਰੀ, ਖਿਡਾਰੀ ਅਤੇ ਲਿਖਾਰੀ ਵੀ ਸੀ, ਜਿਸ ਨੇ ਢਾਈ ਦਰਜਨ ਦੇ ਕਰੀਬ ਚਰਚਿਤ ਪੁਸਤਕਾਂ ਦੀ ਰਚਨਾ ਕਰਨ ਦੇ ਨਾਲ-ਨਾਲ ਨਾਭਾ ਰਿਆਸਤ ਦੇ ਮਹਾਰਾਜੇ ਸਰਦਾਰ ਹੀਰਾ ਸਿੰਘ ਦੇ ਰਾਜ ਦੌਰਾਨ ਰਿਆਸਤ ਵਿਚ ਅਨੇਕਾਂ ਅਹਿਮ ਅਤੇ ਆਲ੍ਹਾ ਦਰਜੇ ਦੇ ਅਹੁਦਿਆਂ 'ਤੇ ਕੰਮ ਕੀਤਾ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਅਸਲ ਮੁੱਦਈ ਬਣ ਕੇ ਹਰ ਖ਼ੇਤਰ ਵਿਚ ਆਪਣੀ ਅਮਿੱਟ ਛਾਪ ਛੱਡੀ।

ਭਾਵੇਂ ਕਿ ਉਨ੍ਹਾਂ ਨੂੰ ਵਧੇਰੇ ਕਰਕੇ ਮਹਾਨ ਕੋਸ਼ ਦੇ ਰਚੇਤਾ ਵਜੋਂ ਜਾਂ ਵਿਵਾਦਗ੍ਰਸਤ ਪੁਸਤਕ ਹਮ ਹਿੰਦੂ ਨਹੀਂ ਦੇ ਲਿਖਾਰੀ ਵਜੋਂ ਜਾਣਿਆ ਜਾਂਦਾ ਹੈ, ਪਰ ਪੰਜਾਬੀ ਕੋਸ਼ਕਾਰੀ, ਸਿੱਖ ਸਿਧਾਂਤਾਂ ਅਤੇ ਵਿਭਿੰਨ ਧਾਰਮਿਕ ਵਿਸ਼ਿਆਂ 'ਤੇ ਲਗਾਤਾਰ/ਨਿਰੰਤਰ ਲਿਖਣ ਵਾਲੇ ਇਸ ਮਹਾਨ ਲਿਖਾਰੀ ਅਤੇ ਵਿਦਵਾਨ ਚਿੰਤਕ ਦਾ ਪ੍ਰਸ਼ਾਸਨਿਕ, ਰਾਜਸੀ, ਧਾਰਮਿਕ, ਸਾਹਿਤਕ ਅਤੇ ਕੋਸ਼ਕਾਰੀ ਦੇ ਖ਼ੇਤਰ ਵਿਚ ਅਥਾਹ ਯੋਗਦਾਨ ਹੈ, ਜਿਸ ਦੀ ਸਾਖੀ ਉਨ੍ਹਾਂ ਦੇ ਕੰਮ, ਲਿਖਤਾਂ ਅਤੇ ਪ੍ਰਸ਼ਾਸਨਿਕ ਖ਼ੇਤਰ ਵਿਚ ਉਨ੍ਹਾਂ ਦੇ ਅਹੁਦੇ ਬੋਲਦੇ ਹਨ। ਨਾਭਾ ਸ਼ਹਿਰ ਦਾ ਨਾਮ ਵਿਸ਼ਵ-ਪੱਧਰ 'ਤੇ ਪ੍ਰਸਿੱਧ ਕਰਨ ਵਾਲੇ ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ 30 ਅਗਸਤ, 1861 ਨੂੰ ਮਹੰਤ ਨਰਾਇਣ ਸਿੰਘ ਦੇ ਘਰ ਹੋਇਆ ਸੀ, ਜੋ ਖ਼ੁਦ ਸਿੱਖਾਂ ਦੇ ਮਹਾਂ-ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮੁੱਚੇ ਰੂਪ ਵਿਚ ਯਾਦ ਕਰਨ ਅਤੇ ਕਿਸੇ ਵੀ ਸਮੇਂ ਕੋਈ ਵੀ ਸ਼ਬਦ ਸੁਣਾਉਣ ਦੀ ਯੋਗਤਾ ਰੱਖਦੇ ਸਨ।

ਉਸ ਸਮੇਂ ਦੇ ਰਿਵਾਜ ਅਤੇ ਸਥਿਤੀਆਂ ਅਨੁਸਾਰ ਭਾਈ ਕਾਨ੍ਹ ਸਿੰਘ ਨਾਭਾ ਨੇ ਕੋਈ ਰਸਮੀ ਸਿੱਖਿਆ ਤਾਂ ਹਾਸਲ ਨਹੀਂ ਕੀਤੀ, ਪਰ ਉਨ੍ਹਾਂ ਨੂੰ ਘਰ ਵਿਚ ਕਈ ਅਧਿਆਪਕਾਂ, ਟਿਊਟਰਾਂ ਅਤੇ ਵਿਦਵਾਨਾਂ ਨੇ ਪੜ੍ਹਾਇਆ ਅਤੇ ਨਾਲ ਹੀ ਉਨ੍ਹਾਂ ਨਿਰੋਲ ਸਿੱਖੀ ਨਾਲ ਸੰਬੰਧਤ ਡੇਰਿਆਂ ਅਤੇ ਗੁਰਧਾਮਾਂ ਤੋਂ ਵੀ ਹਿੰਦੀ, ਬ੍ਰਜ ਭਾਸ਼ਾ, ਸੰਸਕ੍ਰਿਤ, ਅਰਬੀ, ਫ਼ਾਰਸੀ, ਉਰਦੂ, ਅੰਗਰੇਜ਼ੀ, ਪੰਜਾਬੀ ਅਤੇ ਸਾਧ-ਭਾਖਾ ਸਧੁੱਕੜੀ ਸਿੱਖੀ। ਉਸ ਸਮੇਂ ਦੀ ਸਿੰਘ ਸਭਾ ਸੁਧਾਰਵਾਦੀ ਲਹਿਰ ਦੇ ਅਸਰ ਕਰਕੇ ਉਸਨੂੰ ਨਟ-ਨਿਤ ਨੂੰ ਛੱਡ ਕੇ ਸਭ ਕਲਾਵਾਂ ਸਿਖਾਈਆਂ ਗਈਆਂ ਅਤੇ ਚੌਦਾਂ ਵਿੱਦਿਆ ਨਿਧਾਨ ਦੇ ਆਦਰਸ਼ਕ ਢਾਂਚੇ ਦੀ ਸਿੱਖਿਆ ਦਿੱਤੀ ਗਈ। ਸੰਸਕ੍ਰਿਤ ਦੀ ਪੜ੍ਹਾਈ ਨੇ ਉਨ੍ਹਾਂ ਨੂੰ ਚਾਰ ਵੇਦ, 6 ਵੇਦਾਂਗ, (ਸਿਖਸ਼ਾ, ਕਲਪ, ਵਿਆਕਰਣ, ਜੋਤਿਸ਼, ਛੰਦ ਅਤੇ ਨਿਰੁਕਤ), ਨਿਆਯ, ਮੀਮਾਂਸਾ, ਪੁਰਾਣ ਅਤੇ ਧਰਮ ਸਿੱਖਿਆ ਦੇ ਅਧਿਐਨ ਦੀ ਸਮਰਥਾ ਦਿੱਤੀ। ਸੰਸਕ੍ਰਿਤ ਸਿੱਖਿਆ ਦੇ ਧੁਰੰਤਰ ਵਿਦਵਾਨ ਬਾਵਾ ਕਲਿਆਣ ਦਾਸ ਤੋਂ ਉਨ੍ਹਾਂ ਅੱਖਰ ਬੋਧ ਹਾਸਲ ਕੀਤਾ, ਕੋਸ਼ਕਾਰੀ ਦੀ ਔਖੀ ਵਿੱਦਿਆ ਹਾਸਲ ਕੀਤੀ। ਭਾਈ ਬੀਰ ਸਿੰਘ ਜਲਾਲ ਤੋਂ ਕਾਵਿ-ਸਾਸ਼ਤਰ, ਸੰਗੀਤ, ਅਤੇ ਹੋਰ ਵਿਧਾਵਾਂ ਦੀ ਸਿੱਖਿਆ ਹਾਸਲ ਕੀਤੀ। ਉੱਥੇ ਸੰਗੀਤਕਾਰ ਮਹੰਤ ਗੱਜਾ ਸਿੰਘ ਤੋਂ ਉਨ੍ਹਾਂ ਸੰਗੀਤ ਦੀ ਸਿੱਖਿਆ ਲਈ, ਅਤੇ ਨਿਹੰਗਾਂ ਤੋਂ ਯੁੱਧ ਕਲਾਵਾਂ, ਸ਼ਿਕਾਰ, ਤਲਵਾਰਬਾਜ਼ੀ ਅਤੇ ਘੋੜ ਸਵਾਰੀ ਸਿੱਖੀ। ਉਹ ਸਿਤਾਰ, ਦਿਲਰੁਬਾ ਅਤੇ ਹੋਰ ਸੰਗੀਤਕ ਯੰਤਰਾਂ ਦੇ ਮਾਹਰ ਸਨ।

ਭਾਈ ਕਾਨ੍ਹ ਸਿੰਘ ਨਾਭਾ ਨੇ ਇਸੇ ਸਮੇਂ ਦੌਰਾਨ ਘੋੜ-ਸਵਾਰੀ ਅਤੇ ਸ਼ਾਸ਼ਤਰ ਵਿਦਿਆ ਵੀ ਹਾਸਲ ਕੀਤੀ। ਇਸੇ ਸਮੇਂ ਉਨ੍ਹਾਂ ਦਾ ਝੁਕਾਅ ਅਰਬੀ, ਫਾਰਸੀ ਅਤੇ ਉਰਦੂ ਗ੍ਰੰਥਾਂ ਵੱਲ ਹੋ ਗਿਆ ਅਤੇ ਉਨ੍ਹਾਂ ਭਗਵਾਨ ਸਿੰਘ ਦੁੱਗਾਂ ਤੋਂ ਫ਼ਾਰਸੀ ਅਤੇ ਹੋਰ ਮੁਸਲਿਮ ਪਿਛੋਕੜ ਵਾਲੀਆਂ ਭਾਸ਼ਾਵਾਂ ਦਾ ਗੂੜ੍ਹਾ ਅਤੇ ਗੰਭੀਰ ਗਿਆਨ ਪ੍ਰਾਪਤ ਕੀਤਾ, ਅਤੇ ਭਾਈ ਨੰਦ ਲਾਲ ਕ੍ਰਿਤ ਜ਼ਫ਼ਰਨਾਮਾ ਅਤੇ ਗੁਰਬਾਣੀ ਨਾਲ ਸੰਬੰਧਤ ਹੋਰ ਫ਼ਾਰਸੀ, ਅਰਬੀ ਅਤੇ ਉਰਦੂ ਰਚਨਾਵਾਂ ਦਾ ਗੰਭੀਰ, ਸੂਖਮ ਅਤੇ ਵਾਰ-ਵਾਰ ਪਾਠ ਕੀਤਾ। ਉਨ੍ਹਾਂ ਸ਼ਾਸ਼ਤ੍ਰਾਰਥ ਦਾ ਢੰਗ ਅਤੇ ਲੋਵ ਜੋਗੀ ਅੰਗਰੇਜ਼ੀ ਵੀ ਸਿੱਖੀ। ਬਾਅਦ ਵਿਚ ਉਨ੍ਹਾਂ ਦੇ ਸ਼ਰਧਾਲੂ ਮੈਕਾਲਿਫ਼ ਦੀ ਸੰਗਤ ਅਤੇ ਯੂਰਪ ਦੀਆਂ ਯਾਤਰਾਵਾਂ ਨੇ ਉਨ੍ਹਾਂ ਦੇ ਅੰਗਰੇਜ਼ੀ ਭਾਸ਼ਾ ਦੇ ਗਿਆਨ ਅਤੇ ਬੋਲਣ-ਤੀਬਰਤਾ ਵਿਚ ਕਾਫ਼ੀ ਸੁਧਾਰ ਕੀਤਾ।

ਉਨ੍ਹਾਂ ਦੇ ਜੀਵਨੀਕਾਰ ਡਾ: ਸਮਸ਼ੇਰ ਸਿੰਘ ਅਸ਼ੋਕ ਅਨੁਸਾਰ 12-13 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਦਾ ਵਿਆਹ ਧੂਰੇ ਪਿੰਡ ਦੇ ਇਕ ਸਰਦੇ-ਪੁੱਜਦੇ ਘਰ ਦੀ ਹੁੰਦੜਹੇਲ ਲੜਕੀ ਜੀਵਨ ਕੌਰ ਨਾਲ ਕੀਤਾ ਗਿਆ, ਕਿਉਂਕਿ ਉਨ੍ਹਾਂ ਦੀ ਬੀਮਾਰ ਮਾਂ ਜਿਊਂਦੇ ਜੀਅ ਇਹ ਚਾਅ ਪੂਰਾ ਕਰਨਾ ਚਾਹੁੰਦੀ ਸੀ, ਪਰ ਆਪਣੀ ਸੱਸ ਦੇ ਚੰਦਰੇ ਰੋਗ ਨੂੰ ਟਾਲਣ ਦੇ ਯਤਨਾਂ ਵਿਚ ਖੱਪਦੀ ਵਹੁਟੀ ਦੀ ਨਿਰਫਲ ਜਵਾਨੀ ਨੂੰ ਵੀ ਘੁਣ ਲੱਗ ਗਿਆ ਅਤੇ ਇਕ ਵਰ੍ਹੇ ਦੇ ਅੰਦਰ-ਅੰਦਰ ਨੂੰਹ-ਸੱਸ ਦੋਵੇਂ ਰੱਬ ਨੂੰ ਪਿਆਰੀਆਂ ਹੋ ਗਈਆਂ। ਭਾਈ ਸਾਹਿਬ ਦੀ ਦੂਜੀ ਸ਼ਾਦੀ ਮੁਕਤਸਰ ਹੋਈ ਪਰ ਉਹ ਪਤਨੀ ਵੀ ਇਕ ਵਰ੍ਹੇ ਤੋਂ ਵੱਧ ਨਾ ਕੱਟ ਸਕੀ। ਛੇਤੀ ਹੀ ਉਨ੍ਹਾਂ ਦੀ ਤੀਜੀ ਸ਼ਾਦੀ ਪਿੰਡ ਰਾਮਗੜ੍ਹ ਦੇ ਸਰਦਾਰ ਹਰਨਾਮ ਸਿੰਘ ਦੀ ਸਪੁੱਤਰੀ ਬਸੰਤ ਕੌਰ ਨਾਲ ਹੋਈ, ਜੋ ਚਿਰੰਜੀਵੀ ਅਤੇ ਸਿਹਤਮੰਦ ਸਾਬਤ ਹੋਈ। ਉਹ ਨਿੱਘੇ, ਮਿੱਠਬੋਲੜੇ ਅਤੇ ਚੰਗੇ ਸੁਭਾਅ ਦੀ ਸੁਘੜ-ਸਿਆਣੀ ਔਰਤ ਸੀ, ਜਿਸ ਦੇ ਘਰ ਆਉਣ ਸਮੇਂ ਕਾਹਨ ਸਿੰਘ ਦੇ ਪਿਤਾ ਭਾਈ ਨਰੈਣ ਸਿੰਘ ਅਤੇ 2 ਛੋਟੇ ਭਰਾ ਭਾਈ ਮੀਹਾਂ ਸਿੰਘ (1870-1936) ਅਤੇ ਭਾਈ ਬਿਸ਼ਨ ਸਿੰਘ (1873-1936) ਸਨ। ਦੋਹਾਂ ਦਿਉਰਾਂ ਦੀਆਂ ਖ਼ੁਸ਼ੀਆਂ ਉਨ੍ਹਾਂ ਆਪਣੇ ਹੱਥੀਂ ਬਟੋਰੀਆਂ। ਭਾਈ ਕਾਨ੍ਹ ਸਿੰਘ ਨਾਭਾ ਦੇ ਘਰਾਣੇ ਬਾਰੇ ਤਤਕਾਲੀ ਮਹਾਰਾਜਾ ਹੀਰਾ ਸਿੰਘ ਨੇ ਇਕ ਹਦਾਇਤ ਜਾਰੀ ਕਰਕੇ ਨਾਭਾ ਰਿਆਸਤ ਦੇ ਲੋਕਾਂ ਨੂੰ ਇਸ ਆਦਰਸ਼ਕ ਪਰਿਵਾਰ ਤੋਂ ਪ੍ਰੇਰਨਾ ਲੈਣ ਅਤੇ ਰੀਸ ਕਰਨ ਦੀ ਵੱਡਮੁੱਲੀ ਸਲਾਹ ਦਿੱਤੀ ਸੀ।

ਇੱਕ ਪ੍ਰਸ਼ਾਸ਼ਕ ਵਜੋਂ ਉਨ੍ਹਾਂ ਆਪਣਾ ਜੀਵਨ 1885 ਵਿਚ ਆਰੰਭ ਕੀਤਾ, ਜਦੋਂ ਉਨ੍ਹਾਂ ਆਪਣੀ ਰਸਮੀ ਪੜ੍ਹਾਈ ਦਾ ਪੈਂਡਾ ਖ਼ਤਮ ਕਰਕੇ 1884 ਈਸਵੀ ਵਿਚ ਲਾਹੌਰ ਤੋਂ ਘਰ ਆਉਣ 'ਤੇ ਗੁਣ-ਪਾਰਖੂ ਮਹਾਰਾਜਾ ਹੀਰਾ ਸਿੰਘ ਤੋਂ ਹਾਜ਼ਿਰ ਮੁਸਾਹਿਬਾਂ (ਮਹਾਰਾਜੇ ਦੀ ਹਜ਼ੂਰੀ ਵਿਚ ਰਹਿਣ ਵਾਲੇ ਨਿਕਟ-ਵਰਤੀ) ਦਾ ਰੁਤਬਾ ਹਾਸਲ ਕੀਤਾ। 1885 ਵਿਚ ਰਾਵਲਪਿੰਡੀ ਵਿਖੇ ਇਕ ਦਰਬਾਰ ਵਿਚ ਭਾਰਤੀ ਵਾਇਸਰਾਏ ਅਤੇ ਅਫ਼ਗਾਨਿਸਤਾਨ ਦੇ ਬਾਦਸ਼ਾਹ ਅਬਦੁਰ ਰਹਿਮਾਨ ਦੀ ਮੌਜੂਦਗੀ ਵਿਚ ਉਨ੍ਹਾਂ ਦੀ ਮੁਲਾਕਾਤ ਉੱਘੇ ਅੰਗਰੇਜ਼ੀ ਸਿੱਖ ਇਤਿਹਾਸਕਾਰ ਸ੍ਰੀ ਮੈਕਸ ਆਰਥਰ ਮੈਕਾਲਫ਼ ਨਾਲ ਹੋਈ। ਇਹ ਮੁਲਾਕਾਤ ਦੋਹਾਂ ਵਿਚਕਾਰ ਚਿਰਸਥਾਈ ਦੋਸਤੀ ਵਿਚ ਬਦਲ ਗਈ।



ਉਸ ਸਮੇਂ ਭਾਈ ਕਾਹਨ ਸਿੰਘ ਨਾਭਾ ਦੀਆਂ ਦੋ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ, ਰਾਜ ਧਰਮ ਛਪ ਚੁੱਕੀਆਂ ਸਨ। ਮੈਕਾਲਿਫ਼ ਨੇ ਮਹਾਰਾਜੇ ਨੂੰ ਬੇਨਤੀ ਕਰਕੇ ਕਾਨ੍ਹ ਸਿੰਘ ਦੀ ਮਦਦ, ਸਹਿਯੋਗ ਅਤੇ ਅਧਿਆਪਨ ਲੈ ਕੇ ਸਿੱਖ ਧਰਮ ਬਾਰੇ ਹੋਰ ਡੂੰਘੀ ਅਤੇ ਪਕੇਰੀ ਜਾਣਕਾਰੀ ਹਾਸਲ ਕੀਤੀ, ਜਿਸ ਦਾ ਨਤੀਜਾ ਮੈਕਾਲਿਫ਼ ਦੀਆਂ ਸਿੱਖ ਇਤਿਹਾਸ ਬਾਰੇ ਲਿਖੀਆਂ ਢੇਰ ਪੁਸਤਕਾਂ ਹਨ। ਬਾਅਦ ਵਿਚ ਮਹਾਰਾਜੇ ਵਲੋਂ ਕਾਨ੍ਹ ਸਿੰਘ ਨੂੰ ਆਪਣੇ ਸਪੁੱਤਰ ਟਿੱਕਾ ਰਿਪੁਦਮਨ ਸਿੰਘ (ਭਵਿੱਖ ਦੇ ਮਹਾਰਾਜੇ) ਦਾ ਨਿਗਰਾਨ ਅਤੇ ਅਧਿਆਪਕ ਮੁਕੱਰਰ ਕਰਕੇ ਇਕ ਵੱਡੀ ਜ਼ਿੰਮੇਵਾਰੀ ਸੰਭਾਲ ਦਿੱਤੀ ਅਤੇ ਉਨ੍ਹਾਂ ਪੂਰੀ ਤਨਦੇਹੀ ਅਤੇ ਲਗਨ ਨਾਲ ਇਹ ਫ਼ਰਜ਼ ਨਿਭਾਇਆ। ਸੰਨ 1893 ਵਿਚ ਟਿੱਕਾ/ਰਾਜ ਕੁਮਾਰ/ਸ਼ਹਿਜ਼ਾਦੇ ਰਿਪੁਦਮਨ ਸਿੰਘ ਦੀ ਮੁੱਢਲੀ ਪੜ੍ਹਾਈ ਖ਼ਤਮ ਹੋਣ ਬਾਅਦ ਮਹਾਰਾਜੇ ਨੇ ਭਾਈ ਕਾਨ੍ਹ ਸਿੰਘ ਦੀ ਸੂਝ ਅਤੇ ਸਿਆਣਪ ਤੋਂ ਪ੍ਰਸੰਨ ਹੋ ਕੇ ਪਹਿਲਾਂ ਆਪਣਾ ਨਿੱਜੀ ਸਕੱਤਰ (ਪੀ.ਏ.) ਅਤੇ ਫਿਰ ਰਾਜਧਾਨੀ ਦਾ ਨਗਰ-ਅਦਾਲਤੀ (ਜੱਜ), ਫੇਰ ਨਹਿਰ-ਨਾਜ਼ਮ (ਰੈਵਿਨਿਊ ਕੁਲੈਕਟਰ ਐਂਡ ਇਰੀਗੇਸ਼ਨ ਅਫ਼ਸਰ) ਅਤੇ ਫਿਰ ਜ਼ਿਲ੍ਹਾ ਫੂਲ ਨਾਜ਼ਿਮ (ਡਿਪਟੀ ਕਮਿਸ਼ਨਰ) ਜਿਹੇ ਵੱਡੇ ਅਹੁਦਿਆਂ 'ਤੇ ਨਿਯੁਕਤ ਕੀਤਾ। ਉਨ੍ਹਾਂ ਦਿਨਾਂ ਵਿਚ ਇਨ੍ਹਾਂ ਆਸਾਮੀਆਂ ਦੇ ਹੱਕ/ਅਧਿਕਾਰ/ਤਾਕਤਾਂ ਅਥਾਹ ਹੁੰਦੀਆਂ ਸਨ, ਅਤੇ ਮਹਾਰਾਜੇ ਦੀ ਦਖ਼ਲਅੰਦਾਜ਼ੀ ਵੀ ਸਿਫ਼ਰ ਦੇ ਕਰੀਬ ਹੁੰਦੀ ਸੀ। ਹਾਂ, ਅਧਿਕਾਰੀਆਂ ਖ਼ਿਲਾਫ਼ ਲੋਕ ਮਹਾਰਾਜੇ ਕੋਲ ਸਿੱਧੀ ਸ਼ਿਕਾਇਤ ਦਰਜ ਕਰ ਸਕਦੇ ਸਨ। ਪਰ, ਭਾਈ ਕਾਨ੍ਹ ਸਿੰਘ ਨੇ ਆਪਣੀ ਈਮਾਨਦਾਰੀ, ਪ੍ਰਤੀਬੱਧਤਾ ਅਤੇ ਨੇਕਨਾਮੀ ਦੇ ਸਿਰ 'ਤੇ ਲੋਕਾਂ ਵਿਚ ਲੋਕਪ੍ਰਿਅਤਾ ਹਾਸਲ ਕੀਤੀ ਅਤੇ ਇਕ ਵੀ ਸ਼ਿਕਾਇਤ ਉਨ੍ਹਾਂ ਵਿਰੁੱਧ ਦਰਜ ਨਾ ਹੋਈ।

ਉਨ੍ਹਾਂ ਇਨ੍ਹਾਂ ਆਸਾਮੀਆਂ 'ਤੇ 1897 ਤੱਕ ਕੰਮ ਕੀਤਾ। ਇਸੇ ਸਾਲ ਉਨ੍ਹਾਂ ਦੀ ਸੁਪ੍ਰਸਿੱਧ ਅਤੇ ਵਿਵਾਦਗ੍ਰਸਤ ਪੁਸਤਕ ਹਮ ਹਿੰਦੂ ਨਹੀਂ ਛਪੀ। ਭਾਵੇਂ ਕਿ ਸਰਕਾਰੀ ਮੁਲਾਜ਼ਮਤ ਨੂੰ ਇਸ ਪੁਸਤਕ/ਮਾਮਲੇ ਤੋਂ ਵੱਖਰਾ ਰੱਖਣ ਲਈ ਉਨ੍ਹਾਂ ਆਪਣੇ ਉਪਨਾਮ ਹਰਿ-ਬ੍ਰਿਜੇਸ਼ ਦੇ ਅੰਗਰੇਜ਼ੀ ਵਿਚ ਮੁੱਢਲੇ ਅੱਖਰ ਐਚ.ਬੀ: ਦੀ ਵਰਤੋਂ ਕੀਤੀ, ਪਰ ਹਿੰਦੂ ਜੱਥੇਬੰਦੀਆਂ ਵਲੋਂ ਰੌਲਾ ਪਾਉਣ 'ਤੇ ਮਹਾਰਾਜੇ ਨੇ ਭਾਈ ਕਾਨ੍ਹ ਸਿੰਘ ਨੂੰ ਤੁਰੰਤ ਨੌਕਰੀ ਤੋਂ ਵੱਖ ਕਰ ਦਿੱਤਾ। ਪਰ, ਛੇਤੀ ਹੀ ਮਹਾਰਾਜੇ ਦਾ ਗੁੱਸਾ ਨਰਮ ਹੋ ਜਾਣ 'ਤੇ ਉਨ੍ਹਾਂ ਨੂੰ ਮੁੜ ਨੌਕਰੀ 'ਤੇ ਰੱਖ ਲਿਆ ਗਿਆ ਅਤੇ ਰਾਜਧਾਨੀ ਵਿਚ ਰੱਖਣ ਦੀ ਥਾਂ (ਤਾਂ ਜੋ ਲੋਕ ਫਿਰ ਨਾ ਭੜਕ ਜਾਣ) ਅੰਗਰੇਜ਼ਾਂ ਕੋਲ ਅਹਿਲਕਾਰ (ਮਹਾਰਾਜੇ ਦਾ ਨੁਮਾਇੰਦਾ) ਨਿਯੁਕਤ ਕਰ ਦਿੱਤਾ। ਉਨ੍ਹਾਂ ਮਹਾਰਾਜੇ ਬਾਰੇ ਅੰਗਰੇਜ਼ਾਂ ਦੀ ਗ਼ਲਤਫ਼ਹਿਮੀ ਦੂਰ ਕਰਕੇ ਉਸ ਦਾ ਬਹੁਤ ਫਾਇਦਾ ਕੀਤਾ ਅਤੇ ਉਸਦਾ ਰਾਜ ਵੀ ਵਾਪਸ ਦਵਾਇਆ ਸੀ। ਕਾਨ੍ਹ ਸਿੰਘ ਦੀ ਅੰਗਰੇਜ਼ੀ ਵਿਚ ਮੁਹਾਰਤ ਅਤੇ ਅੰਗਰੇਜ਼ ਅਫ਼ਸਰਾਂ ਨਾਲ ਨਿੱਜੀ ਦੋਸਤੀ ਅਤੇ ਉਨ੍ਹਾਂ ਦਾ ਤੇਜ਼-ਤਰਾਰ, ਮਿੱਠਬੋਲੜਾ ਅਤੇ ਠਰ੍ਹੰਮੇ ਵਾਲਾ ਹੋਣਾ ਵੀ ਉਨ੍ਹਾਂ ਦੇ ਹੱਕ ਵਿਚ ਜਾਂਦਾ ਸੀ, ਪਰ ਮਈ 1905 ਵਿਚ ਦਰਬਾਰ ਸਾਹਿਬ ਵਿਚੋਂ ਮੂਰਤੀਆਂ ਉਠਾਉਣ ਵਾਲੇ ਡਿਪਟੀ ਕਮਿਸ਼ਨਰ ਨੂੰ ਉਨ੍ਹਾਂ ਵਲੋਂ ਸਰਕਾਰੀ ਕਾਗਜ਼ 'ਤੇ ਨਿੱਜੀ ਖ਼ਤ ਲਿਖਣ 'ਤੇ ਮਹਾਰਾਜੇ ਵਲੋਂ ਲੋਕਾਂ ਦੇ ਦਬਾਓ ਹੇਠ ਆ ਕੇ ਇਕ ਵਾਰ ਫਿਰ ਨੌਕਰੀ ਤੋਂ ਵੱਖ ਕਰਨਾ ਪਿਆ। ਸੰਨ 1907 ਵਿਚ ਉਨ੍ਹਾਂ ਨੂੰ ਮੁੜ ਨੌਕਰੀ 'ਤੇ ਬੁਲਾ ਕੇ ਰਿਆਸਤ ਦੇ ਦਰਜੇ ਅਤੇ ਇਲਾਕੇ ਦੀ ਵਾਪਸੀ ਦੇ ਮਾਮਲਿਆਂ ਦੀ ਪੈਰਵੀ ਲਈ ਇੰਗਲੈਂਡ ਭੇਜ ਦਿੱਤਾ। ਸੰਨ 1908 ਅਤੇ 1910 ਵਿਚ ਉਹ ਮੁੜ ਇੰਗਲੈਂਡ ਗਏ ਅਤੇ ਵਾਪਸ ਆਉਣ 'ਤੇ ਉਨ੍ਹਾਂ ਨੂੰ ਪੰਜਾਬ ਦੇ ਰਾਜਪਾਲ ਕੋਲ ਵਕੀਲੇ ਰਿਆਸਤ ਥਾਪ ਦਿੱਤਾ ਗਿਆ ਅਤੇ ਕਾਨ੍ਹ ਸਿੰਘ ਵਲੋਂ ਅਸ਼ਟਦ੍ਰਿਸ਼ਟੀ ਦਾ ਪ੍ਰਗਟਾਵਾ ਕਰਦਿਆਂ ਅਸਤੀਫ਼ੇ ਦੀ ਪੇਸ਼ਕਸ਼ ਕਰਨ 'ਤੇ ਮਹਾਰਾਜੇ ਨੇ ਉਨ੍ਹਾਂ ਨੂੰ ਮੀਰ ਮੁਨਸ਼ੀ (ਫਾਰਮ ਮਨਿਸਟਰ) ਨਿਯੁਕਤ ਕਰ ਦਿੱਤਾ। 25 ਦਸੰਬਰ, 1911 ਵਿਚ ਮਹਾਰਾਜੇ ਦੇ ਅਚਾਨਕ ਦਿਹਾਂਤ ਬਾਅਦ ਮਹਾਰਾਜ ਰਿਪੁਦਮਨ ਸਿੰਘ ਨੇ ਭਾਈ ਕਾਨ੍ਹ ਸਿੰਘ ਨੂੰ ਕਾਨੂੰਨ ਦੇ ਮਹਿਕਮੇ ਦਾ ਵਜ਼ੀਰ ਲਗਾਇਆ, ਪਰ ਸਾਹਿਤਕ ਚੇਟਕ ਕਰਕੇ ਉਨ੍ਹਾਂ ਨੂੰ ਪੜ੍ਹਨ-ਲਿਖਣ ਦਾ ਵੇਹਲ ਰੁਝੇਵਿਆਂ ਕਰਕੇ ਨਹੀਂ ਮਿਲਦਾ ਸੀ। ਇਸ ਕਰਕੇ ਉਨ੍ਹਾਂ ਐਡੀ ਵੱਡੀ ਵਜ਼ੀਰੀ ਨੂੰ ਠੋਕਰ ਮਾਰ ਕੇ ਕਸ਼ਮੀਰ ਜਾ ਕੇ ਮਹਾਨ-ਕੋਸ਼ ਲਿਖਣ ਦਾ ਬੀੜਾ ਉਠਾ ਲਿਆ।

ਸੰਨ 1915 ਵਿਚ ਰਿਆਸਤ ਪਟਿਆਲਾ ਵਲੋਂ ਉਨ੍ਹਾਂ ਨੂੰ ਰੈਜ਼ੀਡੈਂਸੀ ਦਾ ਵਕੀਲ ਨਿਯੁਕਤ ਕੀਤਾ ਪਰ ਪਿਤਾ ਦੀ ਮੌਤ ਅਤੇ ਰਿਆਸਤ ਦੇ ਦੁਫੇੜ ਹੋਣ 'ਤੇ ਉਨ੍ਹਾਂ ਨੂੰ ਨੌਕਰੀ ਤਿਆਗਣੀ ਪਈ। ਸੰਨ 1917 ਵਿਚ ਉਨ੍ਹਾਂ ਨੂੰ ਰਿਆਸਤ ਨਾਭਾ ਨੇ ਸਾਹਿਤਕ ਕੰਮਾਂ ਲਈ ਮਸੂਰੀ ਵਿਚ ਇਕ ਕੋਠੀ ਲੈ ਕੇ ਦਿੱਤੀ। ਅਗਲੇ ਸਾਲ ਸੰਨ 1918 ਵਿਚ ਉਨ੍ਹਾਂ ਨੂੰ ਮੁੜ ਨਾਭੇ ਸੱਦ ਕੇ ਪ੍ਰੀਵੀ ਕੌਂਸਲ ਦਾ ਨਿਆਂਇਕ ਮੈਂਬਰ ਅਤੇ ਗੋਰੀ ਸਰਕਾਰ ਦੇ ਰਾਜਸੀ ਵਿਭਾਗ ਨਾਲ ਤਾਲਮੇਲ ਰੱਖਣ ਲਈ ਵਿਸ਼ੇਸ਼ ਵਜ਼ੀਰ ਥਾਪਿਆ, ਜਿਥੇ ਉਨ੍ਹਾਂ ਲਗਾਤਾਰ ਛੇ ਸਾਲ (1923 ਤਕ) ਕੰਮ ਕੀਤਾ ਅਤੇ ਉਸ ਬਾਅਦ ਉਨ੍ਹਾਂ ਕਿਤੇ ਨੌਕਰੀ ਨਾ ਕੀਤੀ।

ਧਾਰਮਿਕ ਖ਼ੇਤਰ ਵਿਚ ਆਪਣੇ ਪ੍ਰਸ਼ਾਸਨਿਕ ਅਨੁਭਵ ਅਤੇ ਪ੍ਰਸ਼ਾਸ਼ਨਿਕ ਖ਼ੇਤਰ ਵਿਚ ਆਪਣੇ ਧਾਰਮਿਕ ਅਨੁਭਵ ਦਾ ਲਾਭ ਉਠਾਉਂਦਿਆਂ ਉਨ੍ਹਾਂ ਮਹਾਰਾਜਾ ਰਿਪੁਦਮਨ ਸਿੰਘ ਦੇ ਰਾਜ-ਕਾਲ ਦੌਰਾਨ, ਉਸ ਦੇ ਸੁਝਾਅ ਤੇ ਅਨੰਦ ਮੈਰਿਜ ਐਕਟ ਤਿਆਰ ਕੀਤਾ ਅਤੇ ਸਿੱਖ ਵਿਆਹਾਂ ਨੂੰ ਕਾਨੂੰਨੀ ਮਾਨਤਾ/ਸਟੇਟਸ ਪ੍ਰਦਾਨ ਕੀਤਾ। ਉਹ ਆਪਣਾ ਗਰਮੀਆਂ ਦਾ ਸਮਾਂ ਸੋਲਨ ਜਾਂ ਸ਼ਿਮਲਾ ਵਿਚ ਗੁਜ਼ਾਰਦੇ ਸਨ, ਜਿਸ ਸਮੇਂ ਦੌਰਾਨ ਉਨ੍ਹਾਂ ਦੀਆਂ ਵਧੇਰੇ ਲਿਖਤਾਂ ਦਾ ਜਨਮ ਹੋਇਆ।

ਇਕ ਮਹਾਨ ਚਿੰਤਕ ਅਤੇ ਲਿਖਾਰੀ ਭਾਈ ਕਾਨ੍ਹ ਸਿੰਘ ਨਾਭਾ ਦਾ ਰਚਨਾ ਸੰਸਾਰ ਖੂਬ ਵਿਸ਼ਾਲ ਹੈ। ਉਨ੍ਹਾਂ ਆਪਣੇ 77 ਸਾਲ ਦੇ ਜੀਵਨ ਕਾਲ ਦੌਰਾਨ ਅਨੇਕਾਂ ਨੌਕਰੀਆਂ ਕਰਦਿਆਂ ਅਤੇ ਘਰੇਲੂ ਜ਼ਿੰਮੇਵਾਰੀਆਂ ਸੰਭਾਲਣ ਦੇ ਨਾਲ-ਨਾਲ ਖੂਬ ਸੂਖਮ, ਵਿਸ਼ਾਲ ਅਤੇ ਬਹੁਪੱਖੀ ਰਚਨਾਵਾਂ ਲਿਖੀਆਂ। ਖੋਜਾਰਥੀ ਸ਼ਮਸ਼ੇਰ ਸਿੰਘ ਅਸ਼ੋਕ ਅਤੇ ਡਾ: ਸੁਖਜੀਤ ਕੌਰ ਨੇ ਉਨ੍ਹਾਂ ਦੀਆਂ ਰਚਨਾਵਾਂ ਦੀ ਗਿਣਤੀ 31 ਦੱਸੀ ਹੈ। ਭਾਈ ਕਾਨ੍ਹ ਸਿੰਘ ਦਾ ਰਚਨਾ ਕਾਲ 1884 ਤੋਂ 1938 ਤਕ (54 ਸਾਲ) ਮੰਨਿਆ ਜਾਂਦਾ ਹੈ, ਜਿਸ ਨੂੰ ਆਮ ਕਰਕੇ ਸਹੂਲਤ ਲਈ ਤਿੰਨ ਦੌਰਾਂ ਵਿਚ ਵੰਡ ਲਿਆ ਜਾਂਦਾ ਹੈ। ਪਹਿਲੇ ਦੌਰ ਵਿਚ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ, ਰਾਜ ਧਰਮ ਅਤੇ ਨਾਟਕ ਭਾਵਾਰਥ ਦੀਪਿਕਾ (ਸੰਨ 1888) ਲਿਖੇ। ਦੂਜੇ ਦੌਰ ਦੀ ਪਹਿਲੀ ਲਿਖਤ ਅਤਿ-ਵਿਵਾਦਗ੍ਰਸਤ ਪੁਸਤਕ 'ਹਮ ਹਿੰਦੂ ਨਹੀਂ' (ਸੰਨ 1898) ਹੈ, ਜਦੋਂ ਕਿ ਦੂਜੀਆਂ ਅਹਿਮ ਪੁਸਤਕਾਂ ਵਿਚ ਟੀਕਾ ਜੈਮਿਤ ਅਸ਼ਮੇਧ (ਸੰਨ 1896), ਗੁਰਮਤਿ ਪ੍ਰਭਾਕਰ (ਸੰਨ 1898), ਗੁਰਮਤਿ ਸੁਧਾਕਰ (ਸੰਨ 1899), ਗੁਰ ਗਿਰਾ ਕਸੌਟੀ (ਸੰਨ 1899), ਸਮਸਯਾ ਪੂਰਤੀ, ਸੱਦ ਪਰਮਾਰਥ, ਵਿਸ਼ਨੂੰ ਪੁਰਾਣ ਟੀਕਾ (ਸੰਨ 1903) ਸ਼ਰਾਬ ਨਿਸ਼ੇਧ (ਸੰਨ 1907), ਪਹਾੜ ਯਾਤ੍ਰਾ, ਵਿਲਾਇਤ ਯਾਤ੍ਰਾ, ਸਫ਼ਰਨਾਮਾ ਇੰਗਲੈਂਡ, ਇਕ ਜਯੋਤਿਸ਼ ਗ੍ਰੰਥ ਅਤੇ ਇਤਿਹਾਸ ਬਾਗੜੀਆਂ ਸ਼ਾਮਲ ਹਨ। ਤੀਜੇ ਦੌਰ ਵਿਚ ਗੁਰ ਛੰਦ ਦਿਵਾਕਰ, ਗੁਰ ਸ਼ਬਦਲੰਕਾਰ, ਅਨੇਕਾਰਥ ਕੋਸ਼, ਰੂਪ ਦੀਪ ਪਿੰਗਲ, ਠੱਗ ਲੀਲ੍ਹਾ, ਉਕਤਿ ਬਿਲਾਸ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ (ਸੰਨ 1912-30), ਮਨ ਮੰਜਰੀ ਨਾਮ ਮਾਲਾ, ਚੰਡੀ ਦੀ ਵਾਰ ਸਟੀਕ, ਗੁਰਮਤਿ ਮਾਰਦੰਡ, ਗੁਰ ਮਹਿਮਾ ਰਤਨਾਵਲੀ, ਅਤੇ ਰਸ ਚਮਤਕਾਰ ਚੰਦ੍ਰਿਕਾ ਸ਼ਾਮਲ ਹਨ। ਭਾਵੇਂ ਕਿ ਉਨ੍ਹਾਂ ਦੁਆਰਾ ਲਿਖੀਆਂ ਅਨੇਕ ਪੁਸਤਕਾਂ ਚਰਚਾ ਵਿਚ ਰਹੀਆਂ ਹਨ, ਪਰ ਉਨ੍ਹਾਂ ਦੁਆਰਾ ਲਿਖੇ ਮਹਾਨ ਕੋਸ਼ ਨੇ ਉਨ੍ਹਾਂ ਨੂੰ ਸਾਹਿਤਕ ਖ਼ੇਤਰ ਵਿਚ ਅਮਰ ਕਰ ਦਿੱਤਾ, ਜਦੋਂ ਕਿ ਉਨ੍ਹਾਂ ਦੀ ਪ੍ਰਸਿੱਧ ਪੁਸਤਕ "ਹਮ ਹਿੰਦੂ ਨਹੀਂ" ਨੇ ਉਨ੍ਹਾਂ ਨੂੰ ਕਈ ਅਦਾਲਤੀ ਮੁਕੱਦਮਿਆਂ ਵਿਚ ਹੀ ਘਸੀਟੀ ਨਹੀਂ ਰੱਖਿਆ, ਸਗੋਂ ਇਕ ਸਮੇਂ ਤੇ ਉਨ੍ਹਾਂ ਨੂੰ ਇਸ ਪੁਸਤਕ ਕਰਕੇ ਨੌਕਰੀ ਤੋਂ ਵੀ ਹੱਥ ਧੋਣੇ ਪਏ ਸਨ। ਮਹਾਨ ਕੋਸ਼ ਵਿਚ 64263 ਉਤਕ੍ਰਿਸ਼ਟੀਆਂ ਹਨ, ਅਤੇ ਇਹ ਸ਼ੁੱਧਤਾ ਕਰਕੇ ਜਾਣਿਆ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਇਸ ਮਹਾਨ ਕੋਸ਼ ਨੂੰ ਅੰਗਰੇਜ਼ੀ ਅਤੇ ਹਿੰਦੀ ਵਿਚ ਅਨੁਵਾਦ/ਉਲੱਥਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੇ ਪੁੱਤਰ ਭਗਵੰਤ ਸਿੰਘ ਉਰਫ਼ ਹਰੀ ਜੀ, ਆਪਣੇ ਪਿਤਾ ਦੇ ਛੱਡੇ ਅਧੂਰੇ ਕੰਮ ਪੂਰੇ ਕਰਨ ਲਈ ਯਤਨਸ਼ੀਲ ਹਨ, ਅਤੇ ਉਨ੍ਹਾਂ ਦੀ ਪੁਸਤਕ ਦਸਮ ਗ੍ਰੰਥ ਤਕ ਤਤਕਰਾ ਕਾਫ਼ੀ ਪ੍ਰਸਿੱਧ ਹੈ।

ਪੰਜਾਬੀ ਦੇ ਇਹ ਮਹਾਨ ਸਪੂਤ 23 ਨਵੰਬਰ, 1938 ਨੂੰ ਨਾਭੇ ਸਕੱਤਰੇਤ ਦੀ ਨਵੀਂ ਬਣੀ ਇਮਾਰਤ ਦੇ ਉਦਘਾਟਨ ਵਾਲੇ ਦਿਨ ਸਮਾਰੋਹ ਤੋਂ ਵਾਪਸ ਆਉਣ 'ਤੇ ਦੁਪਹਿਰ ਭੋਜ ਬਾਅਦ ਆਰਾਮ ਕਰਨ ਸਮੇਂ ਅਚਾਨਕ ਦਿਲ ਦੀ ਧੜਕਣ ਰੁਕਣ ਕਾਰਨ 77 ਸਾਲ ਦੀ ਉਮਰ ਵਿਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਪਰ ਉਨ੍ਹਾਂ ਦੁਆਰਾ ਲਿਖਿਆ ਮਹਾਨ ਗ੍ਰੰਥ, ਮਹਾਨ ਵਿਸ਼ਵ-ਕੋਸ਼, ਮਹਾਨ ਕੋਸ਼ਪੰਜਾਬੀ ਬੋਲੀ ਦੇ ਆਸ਼ਕਾਂ ਦੇ ਦਿਲੋ-ਦਿਮਾਗ ਵਿਚ ਹਮੇਸ਼ਾ ਰਹੇਗਾ।

## ਬਾਬਾ ਫਕੀਰ ਚੰਦ, ਤਾਇਆ ਤੁਲਸੀ ਰਾਮ ਅਤੇ ਮੇਰਾ ਸਾਈਕਲ

**- ਡਾ. ਗਿਆਨ ਸਿੰਘ**

ਸਾਡੇ ਘਰ ਪਹਿਲਾ ਸਾਈਕਲ ਉਦੋਂ ਆਇਆ ਜਦੋਂ ਫੁੱਫੜ ਜੀ ਦਾ ਕਤਲ ਹੋਣ ਤੋਂ ਬਾਅਦ ਬਾਪੂ ਜੀ ਨੇ ਭੂਆ ਦੇ ਬੇਟੇ ਨੂੰ ਪੜ੍ਹਾਉਣ ਲਈ ਸਾਡੇ ਪਿੰਡ ਈਸੜੂ ਲਿਆਂਦਾ ਸੀ। ਜਦੋਂ ਸਾਡੀ ਭੂਆ ਦਾ ਬੇਟਾ ਅਮਰ ਵੀਰ ਨਾਲ ਦੇ ਪਿੰਡ ਨਸਰਾਲੀ ਦੇ ਸਕੂਲ ਵਿੱਚ ਦਾਖ਼ਲ ਹੋਇਆ ਤਾਂ ਦੋਨਾਂ ਪਿੰਡਾਂ ਵਿਚ ਤਿੰਨ ਕਿਲੋਮੀਟਰ ਦੀ ਵਿੱਥ ਹੋਣ ਕਾਰਨ ਸਾਈਕਲ ਦੀ ਲੋੜ ਪਈ।



ਸਾਡੇ ਘਰ ਦੀ ਆਰਥਿਕ ਹਾਲਤ ਮਾੜੀ ਹੋਣ ਕਾਰਨ ਬਾਪੂ ਜੀ ਨੇ ਅਮਰ ਵੀਰ ਲਈ ਸਾਈਕਲ ਲੈਣ ਲਈ ਪਿੰਡ ਦੀ ਇੱਕ ਵਿਧਵਾ ਔਰਤ ਛੋਟੋ, ਜੋ ਸ਼ਰੀਕੇ ਵਿੱਚੋਂ ਸਾਡੀ ਭੂਆ ਲਗਦੀ ਸੀ, ਕੋਲੋਂ ਵਿਆਜ ਉੱਪਰ ਪੈਸੇ ਲੈਕੇ ਘਰ ਵਿੱਚ ਪਹਿਲਾ ਸਾਈਕਲ ਖ਼ਰੀਦਿਆ। ਇਹ ਸਾਈਕਲ ਅਮਰ ਵੀਰ ਦੀ ਨਸਰਾਲੀ ਅਤੇ ਉਸ ਤੋਂ ਬਾਅਦ ਏ.ਐੱਸ. ਸਕੂਲ ਖੰਨੇ ਵਿੱਚ ਪੜ੍ਹਾਈ ਪੂਰੀ ਹੋਣ ਤੱਕ ਉਸ ਕੋਲ ਰਿਹਾ। ਉਸ ਤੋਂ ਬਾਅਦ ਬਾਪੂ ਜੀ ਨੇ ਘਰ ਦੀ ਜ਼ਮੀਨ ਘੱਟ ਹੋਣ ਕਾਰਨ ਸਬਜ਼ੀਆਂ ਬੀਜਣ ਅਤੇ ਉਹਨਾਂ ਨੂੰ ਨੇੜੇ ਦੀ ਖੰਨੇ ਮੰਡੀ ਵਿਚ ਵੇਚਣ ਲਈ ਇਹ ਸਾਈਕਲ ਵਰਤਿਆ।

ਜਦੋਂ ਮੈਂ ਆਪਣੇ ਪਿੰਡ ਦੇ ਪਰਾਇਮਰੀ ਸਕੂਲ ਦੀ ਪੜ੍ਹਾਈ ਪੂਰੀ ਕਰਕੇ ਨਸਰਾਲੀ ਦੇ ਹਾਈ ਸਕੂਲ ਵਿਚ ਦਾਖ਼ਲਾ ਲਿਆ ਤਾਂ ਮੈਨੂੰ ਵੀ ਸਾਈਕਲ ਦੀ ਲੋੜ ਪਈ। ਘਰ ਵਿਚ ਖ਼ਰੀਦਿਆ ਪਹਿਲਾ ਸਾਈਕਲ ਤਾਂ ਹੁਣ ਖੰਨੇ ਦੀ ਸਬਜ਼ੀ ਮੰਡੀ ਦਾ ਹਿੱਸਾ ਬਣ ਚੁੱਕਿਆ ਸੀ। ਬਾਪੂ ਜੀ ਨੇ ਮੇਰੇ ਲਈ ਸਾਈਕਲ ਲੈਣ ਲਈ ਗਵਾਂਢ ਵਿੱਚ ਦੁਕਾਨ ਕਰਦੇ ਦੇਵਤੇ ਨੁਮਾ ਫਕੀਰ ਚੰਦ ਨੂੰ ਪੁੱਛਿਆ ਕਿ ਗਿਆਨ ਲਈ ਕੋਈ ਪੁਰਾਣਾ ਸਾਈਕਲ ਲੈਣਾ ਹੈ, ਕਿਸ ਤੋਂ ਲਵਾਂ। ਬਾਬਾ ਫ਼ਕੀਰ ਚੰਦ ਨੇ ਕਿਹਾ ਕਿ ਮੇਰੇ ਕੋਲ ਸ਼ਹੀਦ ਕਰਨੈਲ ਸਿੰਘ ਦਾ ਪੁਰਾਣਾ ਸਾਈਕਲ ਪਿਆ ਹੈ, ਤੁਸੀਂ ਉਸ ਨੂੰ ਲੈ ਜਾਵੋ ਅਤੇ ਉਸ ਦੀ ਤੁਲਸੀ ਰਾਮ ਤੋਂ ਮੁਰੰਮਤ ਕਰਵਾਕੇ ਗਿਆਨ ਨੂੰ ਦੇ ਦੇਵੋ। ਜਦੋਂ ਬਾਪੂ ਜੀ ਨੇ ਬਾਬਾ ਫ਼ਕੀਰ ਚੰਦ ਨੂੰ ਸਾਈਕਲ ਦੀ ਕੀਮਤ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਇਹ ਸਾਈਕਲ ਗਿਆਨ ਦੀ ਪੜ੍ਹਾਈ ਲਈ ਬਿਨਾਂ ਕਿਸੇ ਕੀਮਤ ਤੋਂ ਹੈ। ਸਾਈਕਲ ਦੀ ਮੁਰੰਮਤ ਲਈ ਉਸਨੂੰ ਤਾਇਆ ਤੁਲਸੀ ਰਾਮ ਕੋਲ ਲਿਜਾਇਆ ਗਿਆ ਤਾਂ ਉਨ੍ਹਾਂ ਨੇ ਤੀਜੇ ਦਿਨ ਆਉਣ ਲਈ ਕਿਹਾ। ਉਸ ਦਿਨ ਮੁਰੰਮਤ ਤੋਂ ਬਾਅਦ ਜਿਹੜਾ ਸਾਈਕਲ ਮਿਲਿਆ ਉਹ ਤਾਂ ਤਾਇਆ ਤੁਲਸੀ ਰਾਮ ਦੁਆਰਾ ਪੇਂਟ ਕਰਨ ਕਰਕੇ ਬਿਲਕੁਲ ਨਵਾਂ ਲੱਗਦਾ ਸੀ ਜਿਸਦੇ ਕਾਲੇ ਪੇਂਟ ਉੱਪਰ ਲਾਈਆਂ ਸੁਨਹਿਰੀ ਲਾਈਨਾਂ ਉਸ ਦੇ ਨਵਾਂ ਹੋਣ ਦਾ ਭੁਲੇਖਾ ਪਾਉਂਦੀਆਂ ਸਨ। ਬਾਬਾ ਫ਼ਕੀਰ ਚੰਦ ਦੀ ਤਰ੍ਹਾਂ ਤਾਇਆ ਤੁਲਸੀ ਰਾਮ ਨੇ ਵੀ ਸਾਈਕਲ ਦੀ ਮੁਰੰਮਤ ਅਤੇ ਉਸ ਨੂੰ ਪੇਂਟ ਕਰਨ ਦਾ ਕੋਈ ਵੀ ਪੈਸਾ ਨਹੀਂ ਲਿਆ।



ਮੈਂ ਪੂਰੇ ਚਾਅ ਨਾਲ ਉਸ ਸਾਈਕਲ ਉੱਪਰ ਨਸਰਾਲੀ ਜਾਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਮੈਂ ਨਸਰਾਲੀ ਨੂੰ ਜਾ ਰਿਹਾ ਸੀ ਕਿ ਸਾਈਕਲ ਦੇ ਕੁੱਤੇ ਫੇਲ ਹੋਣ ਕਾਰਨ ਮੈਂ ਆਪਣੇ ਪਿੰਡ ਈਸੜੂ ਵਾਪਸ ਆਉਣ ਲੱਗਿਆ। ਸਾਡੇ ਹੀ ਪਿੰਡ ਦੇ ਸਵਰਨ ਸਿੰਘ ਨੇ ਮੇਰੇ ਵਾਪਸ ਆਉਣ ਦਾ ਕਾਰਨ ਪੁੱਛਿਆ।

ਬਾਕੀ ਸਫ਼ਾ 32 'ਤੇ




# ਪਾਠਕਾਂ ਦਾ ਨਜ਼ਰੀਆ

## ਕਸ਼ਮੀਰ ਮੁੱਦੇ ਤੇ ਭਾਰਤੀ ਸਟੇਟ ਨੇ ਕੀ ਖੱਟਿਆ, ਕੀ ਗਵਾਇਆ ?

ਕਸ਼ਮੀਰੀਆਂ ਦੇ ਲੋਕਰਾਜੀ ਤੇ ਬੁਨਿਆਦੀ ਅਧਿਕਾਰ ਜੋ ਪਹਿਲਾਂ ਵੀ ਸੀਮਤ ਹੀ ਚਲੇ ਆ ਰਹੇ ਸਨ ਹੁਣ ਸੰਸਥਾਪਕ-ਕਾਨੂੰਨੀ ਤੌਰ ਤੇ ਹੋਰ ਵੀ ਕੁਤਰ ਦਿਤੇ ਗਏ।

ਭਾਰਤ ਦੀ ਲਗਪਗ ਅਧੀ ਫੌਜ ਜੋ ਦਹਾਕਿਆਂ ਤੋਂ ਜੰਗੀ ਹਾਲਾਤ ਵਿਚ ਨੂੜੀ ਪਈ ਹੈ, ਅੱਜ ਵੀ ਕਸ਼ਮੀਰ ਵਿਚ ਤਾਇਨਾਤ ਹੈ, ਕੋਈ ਮਾਈ ਦਾ ਲਾਲ ਨਹੀਂ ਕਹਿ ਸਕਦਾ ਕਿ ਭਾਰਤੀ ਫੌਜ ਛਾਉਣੀਆਂ (ਜਾਂ ਵਾਪਸ ਪਰਵਿਾਰਾਂ) ਵਿਚ ਕਦ ਪਰਤੇਗੀ।

ਬੀਜੇਪੀ ਨੂੰ ਅਗਾਮੀ ਚੋਣਾਂ ਵਿਚ "ਕਸ਼ਮੀਰ ਜਿੱਤ ਲਿਆ, ਬਈ ਜਿੱਤ ਲਿਆ" ਦਾ ਢੋਲ ਵਜਾਉਣ ਦਾ ਅਵਸਰ ਮਿਲ ਗਿਆ ਜਿਸ ਨੂੰ ਲੈ ਕੇ ਇਸ ਦਾ ਵਿਸ਼ਾਲ ਕਾਡਰ ਕਈ ਸਾਲਾਂ ਤਕ ਡੌਂਡੀ ਪਿਟਦਾ ਰਹੂ!

ਇਸ ਰੌਲ਼ੇ ਗੌਲ਼ੇ ਵਿਚ ਭਾਰਤੀ ਸਟੇਟ ਨੇ, ਪਹਿਲੋਂ ਹੀ ਚਲਦੇ ਆਉਂਦੇ ਅਮਲ ਨੂੰ ਹੋਰ ਅੱਗੇ ਤੋਰਦਿਆਂ, ਸਭਨਾਂ ਸੂਬਿਆਂ ਤੋਂ ਉਨਾਂ ਦੀ ਮੁਖ ਰਾਜਨੀਤਕ ਸ਼ਕਤੀ-ਪੁਲਿਸ ਪਰਬੰਧ ਉਪਰ ਕੰਟਰੋਲ -ਖੋਹ ਕੇ ਉਨਾਂ ਨੂੰ, ਪੱਛਮੀ ਦੇਸ਼ਾਂ ਦੀਆਂ ਮਿਊਂਸਪਲ ਕਮੇਟੀਆਂ ਦੇ ਟਾਕਰੇ ਵੀ, ਕਿਤੇ ਵੱਧ ਨਿਤਾਣਾ ਕਰ ਦਿਤਾ ਹੈ।

ਕੀ ਕੌਮਾਂਤਰੀ ਭਾਈਚਾਰੇ ਨੇ ਭਾਰਤ ਦਾ ਇਹ ਦਾਅਵਾ ਪਰਵਾਨ ਕਰ ਲਿਆ ਹੈ ਕਿ ਕਸ਼ਮੀਰ ਇਸ ਦੇਸ਼ ਦਾ ਅੰਦਰੂਨੀ ਮਾਮਲਾ ਹੈ ਅਤੇ ਕਿ ਇਹ ਹੁਣ ਕੌਮਾਂਤਰੀ ਮੁੱਦਾ ਨਹੀਂ ਹੈ? ਪੰਜ ਵੱਡੀਆਂ ਤਾਕਤਾਂ ਦੇ ਸਟੈਂਡ ਦੀ ਗਹੁ ਨਾਲ ਚੀਰ ਫਾੜ ਤੋਂ ਜ਼ਾਹਰ ਹੁੰਦਾ ਹੈ ਕਿ ਉਨਾਂ ਵਿਚੋਂ ਤਿੰਨ (ਪੱਛਮੀ ਦੇਸ਼) ਇਸ ਸਮੱਸਿਆ ਨੂੰ ਭਾਰਤ ਅਤੇ ਪਾਕਿਸਤਾਨ ਦਾ ਦੁਵੱਲਾ ਮਾਮਲਾ ਸਮਝ ਕੇ ਇਸ ਦੇ ਸਿੱਧੇ ਹੱਲ ਦੇ ਹੱਕ ਵਿਚ ਹਨ ਪਰ ਦੋ, ਸਾਡੇ ਗੁਆਂਢੀ, ਸੰਯੁਕਤ ਰਾਸ਼ਟਰ ਦੀਆਂ ਪੁਰਾਣੀਆਂ ਕਾਰਵਾਈਆਂ ਨੂੰ ਵੀ ਪਰਸੰਗਤ ਮੰਨਦੇ ਹਨ। ਇੰਝ ਸਮੱਸਿਆ ਨੂੰ ਜੇ ਘੱਟੋ ਘੱਟ ਦੁਵੱਲਾ ਵੀ ਮੰਨ ਲਿਆ ਗਿਆ ਤਦ ਵੀ, ਕੌਮਾਂਤਰੀ ਭਾਈਚਾਰੇ ਦੀਆਂ ਨਜ਼ਰਾਂ ਵਿਚ, ਇਸ ਨੂੰ "ਭਾਰਤ ਦਾ ਅੰਦਰੂਨੀ ਮਾਮਲ" ਤਾਂ ਮੰਨਿਆ ਹੀ ਨਹੀਂ ਗਿਆ। ਇਸ ਪਿਛੋਕੜ ਵਿਚ ਧਾਰਾ 370 ਦੀ ਸਮਾਪਤੀ ਦਾ ਕੀ ਸਿੱਟਾ ਨਿਕਲਿਆ?

ਹਾਂ, ਇਹ ਮੰਨਣਾ ਪਵੇਗਾ ਕਿ ਭਾਰਤ ਨੂੰ ਇਕ ਮਾਤਰ ਲਾਭ 35-ਏ ਦੇ ਟੁੱਟਣ ਨਾਲ ਹੋ ਸਕਦਾ ਹੈ। ਇਸ ਅਧੀਨ ਕਸ਼ਮੀਰ ਦੀ ਵਸੋਂ ਵਿਚ ਧਾਰਮਕ ਤਨਾਸਬ ਦੀ ਤਬਦੀਲੀ ਲਿਆਂਦੀ ਜਾ ਸਕਦੀ ਹੈ ਪਰ ਜਿਹੜੀ ਭਾਰਤੀ ਸਟੇਟ ਆਪਣੀ 5 ਲੱਖ ਸਰਗਰਮ ਜੰਗੀ ਹਾਲਤ ਵਿਚ ਵਿਚਰਦੀ ਫੌਜ ਦੀ ਹਾਜ਼ਰੀ ਦੇ ਬਾਵਜੂਦ ਪਿਛਲੇ 27 ਸਾਲਾਂ ਵਿਚ ਤਿੰਨ ਚਾਰ ਲੱਖ ਕਸ਼ਮੀਰੀ ਪੰਡਤਾਂ ਨੂੰ ਵਾਪਸ ਆਪਣੀ ਧਰਤੀ ਉਪਰ ਨਹੀਂ ਲਿਜਾ ਸਕੀ, ਉਹ ਲੱਖਾਂ ਭਈਆਂ ਦੇ ਉਥੇ ਵਸੇਬੇ ਦਾ ਪਰਬੰਧ ਕਿਵੇਂ ਕਰ ਸਕੇਗੀ?

ਰੂਸ ਅਤੇ ਚੀਨ ਦੇ ਕਸ਼ਮੀਰ ਉਤੇ ਸਟੈਂਡ ਸਬੰਧੀ ਮੈਂ ਚੋਖਾ ਕੁਛ ਕਹਿ ਸਕਦਾ ਹਾਂ ਪਰ ਫਿਲਹਾਲ ਗੁਆਂਢੀਆਂ ਬਾਰੇ ਇੰਨਾ ਕੁ ਕਹਿਣਾ ਕਾਫੀ ਸਮਝਦਾ ਹਾਂ : ਬਈ, ਰੱਬ ਨੇੜੇ ਕਿ ਘਸੁੰਨ?

**-ਸੁਖਦੇਵ ਸਿੰਘ ਸੀਨੀਅਰ ਪੱਤਰਕਾਰ**

***ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥***

## ਰਾਜਨੀਤੀ ਦੇ ਹਿਟਲਰ

ਰਾਜਨੀਤੀ ਬਹੁਤ ਖਤਰਨਾਕ ਹੁੰਦੀ ਹੈ ਜਦੋਂ ਸੱਤਾ ਹਿਟਲਰ, ਮੁਸੋਲਿਨੀ ਤੇ ਬਾਬਰ ਵਰਗੇ ਜ਼ਾਲਮਾਂ ਦੇ ਹੱਥ ਹੁੰਦੀ ਹੈ। ਹਿਟਲਰ ਵੀ ਚੁਣ ਕੇ ਆਇਆ, ਯਹੂਦੀਆਂ ਦੀ ਨਸ਼ਲਕੁਸ਼ੀ ਕਰਦਾ ਜ਼ਹਿਰ ਖਾ ਕੇ ਮਰ ਗਿਆ। ਕੌਰਵਾਂ ਨੇ ਰਾਜ ਦਰਬਾਰ ਵਿਚ ਰਾਜ ਮਦ ਕਾਰਨ ਦਰੋਪਤੀ ਦੀ ਪਤ ਲੁੱਟਣ ਦੀ ਕੋਸ਼ਿਸ਼ ਕੀਤੀ, ਹਾਲਾਂ ਕਿ ਦਰੋਪਤੀ ਉਹਨਾਂ ਦੀ ਭਰਜਾਈ ਸੀ। ਰਾਜਨੀਤੀ ਵਿਚ ਅਜਿਹਾ ਵਾਪਰਨਾ ਯਕੀਨੀ ਸੀ। ਕੌਰਵਾਂ ਦਾ ਏਜੰਡਾ ਪਾਂਡਵਾਂ ਦੇ ਬਲ ਤੇ ਮਨੋਬਲ ਨੂੰ ਤੋੜਨਾ ਸੀ ਕਿ ਉਹ ਆਪਣੀ ਇਸਤਰੀ ਵੀ ਜੂਏ ਵਿਚ ਹਾਰ ਗਏ, ਰਾਜ ਵੀ। ਉਹ ਹੁਣ ਘਸਿਆਰੇ ਹਨ। ਪਰ ਧਰਮ ਦੂਤ ਕ੍ਰਿਸ਼ਨ ਨੇ ਦ੍ਰੋਪਤੀ ਦੀ ਲਾਜ ਰੱਖ ਲਈ। ਕ੍ਰਿਸ਼ਨ ਧਰਮ ਯੋਧਾ ਸੀ, ਸੱਤਾਧਾਰੀ ਨਹੀਂ ਸੀ। ਭਾਰਤੀ ਸੱਤਾਧਾਰੀਆਂ ਨੂੰ ਕ੍ਰਿਸ਼ਨ ਦੀ ਗੱਲ ਸਮਝ ਨਾ ਪਈ ਪਰ ਕੌਰਵਾਂ ਤੇ ਹਿਟਲਰ ਦੀ ਗੱਲ ਪੱਲੇ ਪੈ ਗਈ। ਗੁਜਰਾਤ, ਦਿੱਲੀ ਕਤਲੇਆਮ ਤੇ ਦਰਬਾਰ ਸਾਹਿਬ ਉਤੇ ਹਮਲੇ ਇਸ ਗੱਲ ਦੇ ਸਬੂਤ ਹਨ। ਕਸ਼ਮੀਰ ਦੀ ਸਿਆਸਤ ਵਿਚ ਕੁਝ ਵੱਖਰਾ ਨਹੀਂ ਹੈ। ਭਾਰਤ ਦੀ ਆਰਥਕਿਤਾ ਮੰਦਹਾਲੀ ਵਿਚ ਹੈ, ਕਾਰਪੋਰੇਟ ਰਾਜਨੀਤੀ ਨੂੰ ਅਵਾਰਾ ਪੂੰਜੀ ਪ੍ਰਦਾਨ ਕਰਦਾ ਸਾਨੂੰ ਲੁੱਟ ਗਿਆ। ਭਾਰਤ ਦਾ ਹਰ ਨਾਗਰਿਕ ਭੈੜੇ ਪ੍ਰਬੰਧ ਅਤੇ ਸਿਆਸਤਦਾਨਾਂ ਦੀ ਖ਼ਰਚੀਲੀ ਰਾਜਾ ਸ਼ਾਹੀ ਰਾਜ-ਪ੍ਰਣਾਲੀ ਕਾਰਨ 74000 ਰੁਪਏ ਪ੍ਰਤੀ ਵਿਅਕਤੀ ਦੇ ਕਰਜ਼ੇ ਹੇਠ ਡੁੱਬਿਆ ਹੈ। ਦੇਸ਼ ਦੀਆਂ ਸੂਬਾ ਸਰਕਾਰਾਂ ਅਤੇ ਕੇਂਦਰੀ ਸਰਕਾਰ ਸਾਲ 2019 ਤਕ 97 ਲੱਖ ਕਰੋੜ ਦੇ ਕਰਜ਼ੇ ਹੇਠ ਹਨ। ਇਹ ਕਰਜ਼ਾ ਪਿਛਲੇ 5 ਸਾਲਾਂ ਵਿਚ 49 ਫੀਸਦੀ ਵਧਿਆ ਹੈ। ਕੈਗ ਦੀ ਰਿਪੋਰਟ ਅਨੁਸਾਰ ਮੌਜੂਦਾ ਵਿੱਤ ਵਰ੍ਹੇ ਦੀ ਪਹਿਲੀ ਤਿਮਾਹੀ ਵਿਚ ਭਾਰਤ ਦੇ ਖਜ਼ਾਨੇ ਵਿਚ ਸਿਰਫ਼ 1.4 ਫੀਸਦੀ ਵਾਧਾ ਹੀ ਵੇਖਣ ਨੂੰ ਮਿਲਿਆ, ਜਦਕਿ ਬਜਟ ਵਿਚ 18.3 ਫੀਸਦੀ ਵਾਧੇ ਦਾ ਨਿਸ਼ਾਨਾ ਮਿਥਿਆ ਗਿਆ ਸੀ। ਅੰਤਰਰਾਸ਼ਟਰੀ ਰੇਟਿੰਗ ਏਜੰਸੀ ਕਿਰਿਸਿਲ ਨੇ ਭਾਰਤ ਦੇ ਆਰਥਿਕ ਵਿਕਾਸ ਦੀ ਦਰ ਦਾ ਅਨੁਮਾਨ 7.1 ਫੀਸਦੀ ਤੋਂ ਘਟਾ ਕੇ 6.9 ਕਰ ਦਿੱਤਾ ਹੈ। ਸਿੱਟਾ ਦੇਸ਼ ਦੇ ਉਦਯੋਗਪਤੀ ਤੇ ਵਿਦੇਸ਼ੀ ਨਿਵੇਸ਼ਕ ਭਾਰਤ ਵਿਚ ਨਿਵੇਸ਼ ਕਰਨ ਤੋਂ ਮੂੰਹ ਮੋੜ ਰਹੇ ਹਨ। ਰਾਜਨੀਤੀ ਦਾ ਰੱਬ ਕਾਰਪੋਰੇਟ ਹਨ। ਦੇਸ਼ ਦੀ ਰਾਜਨੀਤੀ ਵਿਚ ਫੰਡਿੰਗ ਕਰਨ ਵਾਲੇ ਪੰਜਾਹ ਪ੍ਰਤੀਸ਼ਤ ਬ੍ਰਾਹਮਣ-ਬਾਣੀਆਂ ਹਨ, ਜਿਹਨਾਂ ਦਾ ਯੂਨੀਵਰਸਿਟੀਆਂ ਤੇ ਦੇਸ਼ ਦੀ ਪੂੰਜੀ ਉਪਰ ਕਬਜ਼ਾ ਹੈ।

ਜੋ ਸੰਨ 1984 ਦੌਰਾਨ ਕਾਂਗਰਸ ਨੇ ਸਿੱਖਾਂ ਨੂੰ ਅੱਤਵਾਦੀ ਕਹਿ ਕੇ ਫਾਸ਼ੀਵਾਦੀ ਰਾਜਨੀਤੀ ਖੇਡੀ, ਸੱਤਾ ਵੀ ਲੰਬੇ ਸਮੇਂ ਕਾਇਮ ਕੀਤੀ, ਉਹ ਉਜੜ ਗਈ। ਇਸ ਰਾਜਨੀਤੀ ਨੂੰ ਭਾਜਪਾ ਸੰਘ ਦੀ ਰਾਜਨੀਤੀ ਖਾ ਗਈ। ਨਿਸ਼ਾਨਾ ਹੁਣ ਮੁਸਲਮਾਨ ਤੇ ਦਲਿਤ ਹਨ। ਪਰ ਵੱਖਰਾ ਕੁਝ ਨਹੀਂ ਹੈ। ਫਾਸ਼ੀਵਾਦੀ ਰਾਜਨੀਤੀ ਦਾ ਭਵਿੱਖ ਸਥਿਰ ਨਹੀਂ ਹੁੰਦਾ। ਜੋ ਬੀਜੋਂਗੇ ਉਹ ਵੱਢੋਗੇ। ਫਾਸ਼ੀਵਾਦੀ ਰਾਜਨੀਤੀ ਦੇ ਨਤੀਜੇ ਇਹੀ ਹੁੰਦੇ ਹਨ। ਗਾਂਧੀ ਪਰਿਵਾਰ ਰਾਜਨੀਤੀ ਵਿਚੋਂ ਖਤਮ ਹੋ ਗਿਆ। ਅੱਗੇ ਕੋਈ ਭਵਿੱਖ ਨਹੀਂ। ਕਾਂਗਰਸ ਦੇ ਡੁੱਬਦੇ ਜਹਾਜ਼ ਵਿਚ ਸਵਾਰ ਮੋਦੀ ਤੇ ਸ਼ਾਹ ਦੇ ਜਹਾਜ਼ ਦੇ ਸਵਾਰ ਬਣਨਗੇ। ਅੱਗੇ ਉਹੀ ਵਾਪਰੇਗਾ ਜੋ ਕਾਂਗਰਸ ਨਾਲ ਵਾਪਰਿਆ।

ਬਾਬਾ ਫਰੀਦ ਦਾ ਫੁਰਮਾਨ ਇਸ ਸੰਦਰਭ ਵਿਚ ਸਮਝਣ ਦੀ ਲੋੜ ਹੈ ਕਿ ਬੀਜੋਂ ਤੁਸੀਂ ਕਿੱਕਰ ਤੇ ਉਗਣ ਦਾਖਾਂ, ਇਹ ਕਿੰਜ ਸੰਭਵ ਹੈ? ਧਰਤੀ ਦਾ ਧਰਮ ਹੈ ਕਿ ਉਹ ਕਦੇ ਇਉਂ ਨਹੀਂ ਕਰਦੀ ਕਿ ਬੀਜ ਰਾਜਨੀਤਕਾਂ ਨੇ ਬਦੀ ਦਾ ਪਾਇਆ ਪਰ ਬੂਟਾ ਚੰਗਿਆਈ ਦਾ ਉਗ ਖੜਾ ਹੋਇਆ! ਉਹਨਾਂ ਨੂੰ ਜੀਵਨ ਵਿਚ ਉਹੀ ਵੱਢਣਾ ਪੈਣਾ ਜੋ ਉਹਨਾਂ ਬੀਜਿਆ ਹੈ। ਰੱਬੀ ਅਸੂਲ ਹੈ ਕਿ ਜੇਕਰ ਬਦੀ ਦੇ ਬੀਜ ਬੀਜੋਂਗੇ ਤਾਂ ਬਦੀ ਦੀ ਫਸਲ ਉਗੇਗੀ। ਇਹ ਤੁਹਾਨੂੰ ਤੇ ਤੁਹਾਡੀ ਨਸਲ ਨੂੰ ਵੱਢਣੀ ਪਵੇਗੀ।

ਫਰੀਦਾ ਲੋੜੇ ਦਾਖ ਬਿਜੌਰੀਆਂ ਕਿਕਰਿ ਬੀਜੈ ਜਟੁ।।
ਹੰਢੈ ਉਨ ਕਤਾਇਦਾਂ ਪੈਧਾ ਲੋੜੇ ਪਟੁ ॥ (ਪੰਨਾ 1379)।

ਕਬੀਰ ਸਾਹਿਬ ਮਹਾਰਾਜ ਦਾ ਫੁਰਮਾਣ ਇਥੇ ਢੁਕਵਾਂ ਹੈ;

ਕਬੀਰ ਤਾ ਸਿਉ ਪ੍ਰੀਤਿ ਕਰਿ ਜਾ ਕੋ ਠਾਕੁਰੁ ਰਾਮੁ ॥
ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ ॥੨੪॥ ਪੰਨਾ 1365।

ਕਬੀਰ ਸਾਹਿਬ ਦਾ ਕਥਨ ਹੈ ਕਿ ਮਨੁੱਖ ਨੂੰ ਨੇਕੀ ਕਮਾਉਣੀ ਚਾਹੀਦੀ ਹੈ ਤੇ ਨੇਕ ਕਮਾਉਣ ਵਾਲਿਆਂ ਦੀ ਸੰਗਤ ਉਸਾਰਨੀ ਚਾਹੀਦੀ ਹੈ। ਰੱਬ ਹੀ ਸੱਚਾ ਪਾਤਸ਼ਾਹ ਹੈ, ਉਸ ਦੇ ਲੜ ਲਗਣਾ ਚਾਹੀਦਾ ਹੈ।ਪਰ ਜਿਨ੍ਹਾਂ ਨੂੰ ਵਿਦਿਆ ਰਾਜ ਭੁਇੰ ਆਦਿਕ ਦਾ ਮਾਣ ਹੈ, ਜੋ 'ਦੁਨੀਆਂ' ਦੇ ਵਪਾਰੀ ਹਨ ਉਹ) ਪੰਡਿਤ ਹੋਣ ਚਾਹੇ ਰਾਜੇ ਹੋਣ ਚਾਹੇ ਬੜੀ ਭੁਇੰ ਦੇ ਮਾਲਕ ਹੋਣ ਕਿਸੇ ਕੰਮ ਨਹੀਂ ਆਉਂਦੇ। ਉਹ ਨਾਸ਼ਵਾਨ ਹਨ।

**-ਬਲਵਿੰਦਰਪਾਲ ਸਿੰਘ ਪ੍ਰੋ.**

## ਰਾਜਨੀਤੀ ਬਨਾਮ ਵਿਕਾਸ ਦਾ ਏਜੰਡਾ

ਮੋਦੀ ਸਰਕਾਰ ਦੇ ਹੱਕ ਵਿਚ ਭਾਜਪਾ, ਉਸ ਦੇ ਹੋਰ ਸਮਰਥਕਾਂ ਅਤੇ ਮੀਡੀਆ ਦੇ ਇਕ ਵੱਡੇ ਹਿੱਸੇ ਵਲੋਂ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਨ ਦੇ ਬਾਵਜੂਦ ਨਾ ਤਾਂ ਦੇਸ਼ ਦੀ ਆਰਥਿਕਤਾ ਵਿਚ ਵੱਡਾ ਉਛਾਲ ਆਇਆ ਹੈ ਅਤੇ ਨਾ ਹੀ ਲੋਕਾਂ ਵਿਚ ਸੁਰੱਖਿਆ ਦਾ ਵਾਤਾਵਰਨ ਪੈਦਾ ਹੋਇਆ ਹੈ। ਸਗੋਂ ਹੋਇਆ ਇਹ ਹੈ ਕਿ ਘੱਟ-ਗਿਣਤੀਆਂ ਅਤੇ ਦਲਿਤਾਂ ਵਿਚ ਅਸੁਰੱਖਿਆ ਦੀ ਭਾਵਨਾ ਪਹਿਲਾਂ ਨਾਲੋਂ ਹੋਰ ਵਧ ਗਈ ਹੈ। ਮੋਦੀ ਸਰਕਾਰ ਦੇ ਦੁਬਾਰਾ ਸੱਤਾ ਸੰਭਾਲਣ ਤੋਂ ਬਾਅਦ ਅਨੇਕਾਂ ਥਾਵਾਂ 'ਤੇ ਘੱਟ-ਗਿਣਤੀਆਂ 'ਤੇ ਹਮਲੇ ਹੋਏ ਹਨ। ਧਰਮ-ਨਿਰਪੱਖਤਾ, ਜਮਹੂਰੀਅਤ ਅਤੇ ਸੰਘਵਾਦ ਲਈ ਨਵੇਂ ਖ਼ਤਰੇ ਉੱਭਰਦੇ ਨਜ਼ਰ ਆਏ ਹਨ। ਇਸ ਸਬੰਧ ਵਿਚ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਆਪਣੇ ਇਕ ਤਾਜ਼ਾ ਬਿਆਨ ਵਿਚ ਕਿਹਾ ਹੈ ਕਿ ਦੇਸ਼ ਗੰਭੀਰ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਇਹ ਸਥਿਤੀ ਸਾਰੇ ਸਹੀ ਸੋਚ ਵਾਲੇ ਲੋਕਾਂ ਤੋਂ ਸਹਿਯੋਗ ਦੀ ਮੰਗ ਕਰਦੀ ਹੈ ਤਾਂ ਕਿ ਕਾਲੀਆਂ ਤਾਕਤਾਂ ਨੂੰ ਚੁਣੌਤੀ ਦਿੱਤੀ ਜਾ ਸਕੇ ਅਤੇ ਭਾਰਤ ਦੇ ਵਿਚਾਰ ਨੂੰ ਬਚਾਇਆ ਜਾ ਸਕੇ।

ਭਾਰਤੀ ਜਮਹੂਰੀਅਤ ਦੀ ਅਜੋਕੀ ਸਥਿਤੀ ਸਬੰਧੀ 'ਦ ਵਾਸ਼ਿੰਗਟਨ ਪੋਸਟ' ਵਿਚ ਦੇਸ਼ ਦੇ ਪ੍ਰਸਿੱਧ ਇਤਿਹਾਸਕਾਰ ਡਾ: ਰਾਮਚੰਦਰ ਗੂਹਾ ਨੇ ਹਾਲ ਹੀ ਵਿਚ ਇਕ ਲੇਖ ਲਿਖਿਆ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਬਹੁਤ ਸਾਰੇ ਬਰਤਾਨਵੀ ਸਿਆਸਤਦਾਨਾਂ ਅਤੇ ਅਫ਼ਸਰਸ਼ਾਹਾਂ ਦਾ ਵਿਚਾਰ ਸੀ ਕਿ ਭਾਰਤ ਇਕੱਠਾ ਨਹੀਂ ਰਹਿ ਸਕੇਗਾ ਅਤੇ ਨਾ ਹੀ ਇਥੇ ਜਮਹੂਰੀਅਤ ਬਚ ਸਕੇਗੀ। ਪਰ ਪੰਡਿਤ ਜਵਾਹਰ ਲਾਲ ਨਹਿਰੂ ਦੇ ਉਦਾਰ ਦ੍ਰਿਸ਼ਟੀਕੋਣ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਦੇ ਬਾਵਜੂਦ ਭਾਰਤ ਇਕ ਰਾਸ਼ਟਰ ਵਜੋਂ ਕਾਇਮ ਰਿਹਾ ਅਤੇ ਇਸ ਦੀ ਜਮਹੂਰੀ ਵਿਵਸਥਾ ਵੀ ਬਚੀ ਰਹੀ। ਉਨ੍ਹਾਂ ਨੇ ਇਹ ਵੀ ਲਿਖਿਆ ਹੈ ਕਿ ਪੰਡਿਤ ਜਵਾਹਰ ਲਾਲ ਨਹਿਰੂ ਨੇ ਦੇਸ਼ ਦੀਆਂ ਘੱਟ-ਗਿਣਤੀਆਂ ਅਤੇ ਖ਼ਾਸ ਕਰਕੇ ਮੁਸਲਿਮ ਭਾਈਚਾਰੇ ਨੂੰ ਸੁਰੱਖਿਅਤਾ ਦਾ ਵਿਸ਼ਵਾਸ ਦਿਵਾਉਣ ਲਈ ਵਿਸ਼ੇਸ਼ ਤੌਰ 'ਤੇ ਯਤਨ ਕੀਤੇ ਸਨ। ਉਨ੍ਹਾਂ ਨੇ 1947 ਵਿਚ ਹੀ ਦੇਸ਼ ਦੇ ਸਾਰੇ ਮੁੱਖ ਮੰਤਰੀਆਂ ਨੂੰ ਇਕ ਪੱਤਰ ਲਿਖ ਕੇ ਕਿਹਾ ਸੀ ਕਿ ਭਾਰਤ ਵਿਚ ਮੁਸਲਮਾਨ ਘੱਟ-ਗਿਣਤੀ ਦੀ ਬਹੁਤ ਵੱਡੀ ਆਬਾਦੀ ਹੈ, ਜੇਕਰ ਇਹ ਚਾਹੇ ਤਾਂ ਵੀ ਕਿਸੇ ਹੋਰ ਦੇਸ਼ ਵਿਚ ਜਾ ਕੇ ਨਹੀਂ ਵਸ ਸਕਦੀ। ਉਨ੍ਹਾਂ ਨੇ ਭਾਰਤ ਵਿਚ ਹੀ ਰਹਿਣਾ ਹੈ। ਇਹ ਅਜਿਹਾ ਬੁਨਿਆਦੀ ਤੱਥ ਹੈ ਜਿਸ ਬਾਰੇ ਕੋਈ ਦਲੀਲਬਾਜ਼ੀ ਨਹੀਂ ਹੋ ਸਕਦੀ। ਇਸ ਸਮੇਂ ਜਦੋਂ ਕਿ ਭਾਜਪਾ ਦੇ ਮੁਕਾਬਲੇ ਦੇਸ਼ ਵਿਚ ਕੋਈ ਵੱਕਾਰ ਵਾਲੀ ਵਿਰੋਧੀ ਧਿਰ ਨਹੀਂ ਹੈ। ਧਾਰਮਿਕ ਘੱਟ-ਗਿਣਤੀਆਂ ਵਿਚ ਡਰ ਦੀ ਭਾਵਨਾ ਪਾਈ ਜਾ ਰਹੀ ਹੈ ਅਤੇ ਆਜ਼ਾਦ ਪ੍ਰੈੱਸ 'ਤੇ ਹਮਲੇ ਹੋ ਰਹੇ ਹਨ ਤਾਂ ਉਹ ਭਾਰਤ ਨੂੰ 40-60 ਫ਼ੀਸਦੀ ਜਮਹੂਰੀ ਦੇਸ਼ ਮੰਨਦੇ ਹਨ ਭਾਵ 40 ਫ਼ੀਸਦੀ ਦੇਸ਼ ਦਾ ਖਾਸਾ ਜਮਹੂਰੀਅਤ ਵਾਲਾ ਹੈ ਅਤੇ 60 ਫ਼ੀਸਦੀ ਤਾਨਾਸ਼ਾਹੀ ਦੇਸ਼ਾਂ ਵਾਲਾ। ਸ੍ਰੀ ਗੂਹਾ ਅਨੁਸਾਰ, ਹਾਲ ਹੀ ਵਿਚ ਕਸ਼ਮੀਰ ਵਿਚ ਜਿਸ ਤਰ੍ਹਾਂ ਰਾਜ ਦੀ ਸ਼ਕਤੀ ਦੀ ਵਰਤੋਂ ਕੀਤੀ ਗਈ ਹੈ, ਇਹ ਇਸ ਗੱਲ ਦਾ ਸੰਕੇਤ ਹੈ ਕਿ ਹੁਣ ਦੇਸ਼ 30-70 ਫ਼ੀਸਦੀ ਜਮਹੂਰੀ ਰਹਿ ਗਿਆ ਹੈ।

ਇਸੇ ਤਰ੍ਹਾਂ ਟੈਲੀਵਿਜ਼ਨ ਦੀ ਦੁਨੀਆ ਦੇ ਪ੍ਰਸਿੱਧ ਪੱਤਰਕਾਰ ਰਵੀਸ਼ ਕੁਮਾਰ, ਜਿਨ੍ਹਾਂ ਨੂੰ ਪਿਛਲੇ ਦਿਨੀਂ ਆਪਣੀ ਦਲੇਰਾਨਾ ਅਤੇ ਲੋਕ-ਪੱਖੀ ਪੱਤਰਕਾਰੀ ਕਾਰਨ ਮੈਗਾਸੈਸੇ ਐਵਾਰਡ ਵੀ ਮਿਲਿਆ ਹੈ, ਨੇ 'ਨੈਸ਼ਨਲ ਹੈਰਾਲਡ' ਅਖ਼ਬਾਰ ਨੂੰ ਇਕ ਇੰਟਰਵਿਊ ਦਿੰਦਿਆਂ ਕਿਹਾ ਹੈ ਕਿ ਨਿਊਜ਼ ਚੈਨਲਾਂ ਨੂੰ ਜਮਹੂਰੀਅਤ ਨੂੰ ਕੁਚਲਣ ਲਈ ਵਰਤਿਆ ਜਾ ਰਿਹਾ ਹੈ। ਹਾਲ ਹੀ ਵਿਚ ਦੇਸ਼ ਦੇ 200 ਦੇ ਲਗਪਗ ਲੇਖਕਾਂ ਨੇ ਵੀ ਇਕ ਸਾਂਝੇ ਬਿਆਨ ਵਿਚ ਮੋਦੀ ਸਰਕਾਰ 'ਤੇ ਇਹ ਦੋਸ਼ ਲਾਇਆ ਹੈ ਕਿ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਖ਼ਤਮ ਕਰ ਕੇ ਅਤੇ ਉਸ ਰਾਜ ਨੂੰ ਦੋ ਕੇਂਦਰ ਪ੍ਰਸ਼ਾਸਿਤ ਰਾਜਾਂ ਵਿਚ ਵੰਡ ਕੇ ਸਰਕਾਰ ਨੇ ਜਮਹੂਰੀਅਤ ਦਾ ਮਜ਼ਾਕ ਉਡਾਇਆ ਹੈ ਅਤੇ ਅਜਿਹਾ ਕਰ ਕੇ ਉਸ ਨੇ ਸਬੰਧਿਤ ਰਾਜ ਦੇ ਲੋਕਾਂ ਨੂੰ ਦਿੱਤੇ ਗਏ ਅਹਿਮ ਵਾਅਦਿਆਂ ਦੀ ਉਲੰਘਣਾ ਕੀਤੀ ਹੈ। ਇਸ ਸਾਂਝੇ ਬਿਆਨ 'ਤੇ ਦਸਤਖ਼ਤ ਕਰਨ ਵਾਲਿਆਂ ਵਿਚ ਅਮਿਤਾਭ ਘੋਸ਼, ਨੈਨਤਾਰਾ ਸਹਿਗਲ, ਪੇਰੂਮਲ ਮੁਰੂਗਨ, ਅਸ਼ੋਕ ਵਾਜਪਾਈ, ਟੀ.ਐਮ. ਕ੍ਰਿਸ਼ਨਾ, ਜੇ.ਬੀ. ਪਵਾਰ, ਬਜਵਾੜ ਵਿਲਸਨ, ਅਮਿਤ ਚੌਧਰੀ, ਸ਼ਸ਼ੀ ਦੇਸ਼ ਪਾਂਡੇ, ਸ਼ਰਨ ਕੁਮਾਰ ਲਿੰਬਲੇ, ਪੀ. ਸਾਈਨਾਥ, ਦਮੋਦਰ ਮੌਜੋ, ਦਲੀਪ ਕੌਰ ਟਿਵਾਣਾ, ਬਾਮਾ, ਸੰਭਾਜੀ ਭਗਤ, ਜੇ.ਡੀ. ਪਿੰਟੋ ਆਦਿ ਉੱਘੇ ਲੇਖਕ ਅਤੇ ਚਿੰਤਕ ਸ਼ਾਮਿਲ ਹਨ।

ਜੇਕਰ ਆਰਥਿਕ ਪੱਖ ਤੋਂ ਵੀ ਦੇਖੀਏ ਤਾਂ ਕੇਂਦਰ ਵਿਚ ਦੂਜੀ ਵਾਰ ਸ੍ਰੀ ਨਰਿੰਦਰ ਮੋਦੀ ਦੀ ਸਰਕਾਰ ਬਣਨ ਨਾਲ ਦੇਸ਼ ਦੇ ਵੱਖ-ਵੱਖ ਆਰਥਿਕ ਖੇਤਰਾਂ ਵਿਚ ਕੋਈ ਉਤਸ਼ਾਹਜਨਕ ਵਾਤਾਵਰਨ ਬਣਿਆ ਨਜ਼ਰ ਨਹੀਂ ਆ ਰਿਹਾ। ਭਾਵੇਂ ਸਰਕਾਰ ਇਹ ਲੰਮੇ ਚੌੜੇ ਵਾਅਦੇ ਕਰ ਰਹੀ ਹੈ ਕਿ ਦੇਸ਼ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ ਅਤੇ 2025 ਤੱਕ ਦੇਸ਼ ਦੀ ਆਰਥਿਕਤਾ ਦਾ ਆਕਾਰ 5 ਖ਼ਰਬ ਡਾਲਰ ਦਾ ਹੋ ਜਾਵੇਗਾ ਪਰ ਹਕੀਕਤਾਂ ਇਸ ਤੋਂ ਉਲਟ ਨਜ਼ਰ ਆ ਰਹੀਆਂ ਹਨ। ਵਿਦੇਸ਼ੀ ਨਿਵੇਸ਼ ਤਾਂ ਕੀ ਹੋਣਾ ਹੈ, ਹਜ਼ਾਰਾਂ ਭਾਰਤੀ ਸਨਅਤਕਾਰ ਅਤੇ ਵਪਾਰੀ ਆਪਣਾ ਸਭ ਕੁਝ ਵੇਚ ਵੱਟ ਕੇ ਪਿਛਲੇ ਕੁਝ ਸਾਲਾਂ ਵਿਚ ਵਿਦੇਸ਼ ਚਲੇ ਗਏ ਹਨ। ਸ੍ਰੀ ਨਰਿੰਦਰ ਮੋਦੀ ਦੀ ਪਿਛਲੀ ਸਰਕਾਰ ਦੌਰਾਨ ਵੀ ਨੋਟਬੰਦੀ ਕਰਨ ਅਤੇ ਕਾਹਲੀ-ਕਾਹਲੀ ਵਿਚ ਨੁਕਸਦਾਰ ਜੀ.ਐਸ.ਟੀ. ਕਰ ਪ੍ਰਣਾਲੀ ਲਾਗੂ ਕਰਨ ਨਾਲ ਦੇਸ਼ ਦੀ ਆਰਥਿਕਤਾ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ, ਜਿਸ ਕਾਰਨ ਇਕ ਕਰੋੜ ਤੋਂ ਵੱਧ ਲੋਕਾਂ ਦੀਆਂ ਨੌਕਰੀਆਂ ਚਲੇ ਗਈਆਂ ਸਨ। ਦੇਸ਼ ਭਰ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੀਆਂ ਘਟਨਾਵਾਂ ਵਧ ਗਈਆਂ ਸਨ। ਸਰਕਾਰ ਬੇਰੁਜ਼ਗਾਰੀ 'ਤੇ ਕਾਬੂ ਪਾਉਣ ਵਿਚ ਵੀ ਬੁਰੀ ਤਰ੍ਹਾਂ ਫੇਲ੍ਹ ਹੋਈ ਸੀ।

ਬੀ.ਬੀ.ਸੀ. ਨਿਊਜ਼ ਵਿਚ ਪ੍ਰਕਾਸ਼ਿਤ ਇਕ ਰਿਪੋਰਟ ਅਨੁਸਾਰ, ਭਾਰਤ ਹੁਣ ਤੇਜ਼ੀ ਨਾਲ ਵਿਕਾਸ ਕਰ ਰਹੀ ਆਰਥਿਕਤਾ ਨਹੀਂ ਰਿਹਾ। ਅਪ੍ਰੈਲ 2018 ਤੋਂ ਮਾਰਚ 2019 ਤੱਕ ਇਸ ਦੀ ਵਿਕਾਸ ਦਰ 6.8 ਫ਼ੀਸਦੀ ਸੀ। ਪਰ ਇਸ ਸਾਲ ਜਨਵਰੀ ਅਤੇ ਮਾਰਚ ਦੇ ਤਿੰਨ ਮਹੀਨਿਆਂ ਦੌਰਾਨ ਇਸ ਦੀ ਵਿਕਾਸ ਦਰ ਡਿਗ ਕੇ 5.8 ਫ਼ੀਸਦੀ ਰਹਿ ਗਈ ਹੈ। ਇਸ ਸਮੇਂ ਦੇਸ਼ ਦੇ ਬਹੁਤ ਸਾਰੇ ਸਨਅਤੀ ਖੇਤਰਾਂ ਵਿਚ ਆਰਥਿਕ ਮੰਦੀ ਦਾ ਦੌਰ ਚੱਲ ਰਿਹਾ ਹੈ। ਕਾਰਾਂ, ਮੋਟਰ ਸਾਈਕਲਾਂ ਅਤੇ ਸਕੂਟਰਾਂ ਦੀ ਵਿਕਰੀ ਵਿਚ ਵੱਡੀ ਪੱਧਰ 'ਤੇ ਕਮੀ ਆਈ ਹੈ, ਜਿਸ ਨਾਲ 10 ਲੱਖ ਕਾਰੀਗਰਾਂ ਦੀਆਂ ਨੌਕਰੀਆਂ 'ਤੇ ਖ਼ਤਰੇ ਦੇ ਬੱਦਲ ਮੰਡਰਾ ਰਹੇ ਹਨ। ਬਹੁਤ ਸਾਰੇ ਸ਼ੋਅਰੂਮ ਬੰਦ ਹੋਣ ਕਿਨਾਰੇ ਪਹੁੰਚ ਗਏ ਹਨ। ਸਰਕਾਰੀ ਅਤੇ ਗ਼ੈਰ-ਸਰਕਾਰੀ ਖੇਤਰਾਂ ਵਿਚ ਨਵੀਆਂ ਨੌਕਰੀਆਂ ਨਾ ਨਿਕਲਣ ਕਾਰਨ ਪੜ੍ਹੇ-ਲਿਖੇ ਨੌਜਵਾਨਾਂ ਵਿਚ ਵੀ ਨਿਰਾਸ਼ਾ ਤੇ ਬੇਚੈਨੀ ਵਧਦੀ ਜਾ ਰਹੀ ਹੈ। ਪਰ ਇਨ੍ਹਾਂ ਸਾਰੀਆਂ ਹਕੀਕਤਾਂ ਨੂੰ ਨਜ਼ਰਅੰਦਾਜ਼ ਕਰਕੇ ਸਰਕਾਰ ਦੇਸ਼ ਵਿਚ ਅੰਧ-ਰਾਸ਼ਟਰਵਾਦ ਅਤੇ ਕੱਟੜਤਾ ਨੂੰ ਹੁਲਾਰਾ ਦੇ ਰਹੀ ਹੈ ਤਾਂ ਜੋ ਲੋਕਾਂ ਦੇ ਸਿਹਤ, ਸਿੱਖਿਆ ਅਤੇ ਰੁਜ਼ਗਾਰ ਦੇ ਮਸਲਿਆਂ ਨੂੰ ਅੰਧ-ਰਾਸ਼ਟਰਵਾਦ ਦੀ ਦਰੀ ਹੇਠ ਦਬਾ ਕੇ ਉਨ੍ਹਾਂ ਦਾ ਧਿਆਨ ਅਸਲ ਮਸਲਿਆਂ ਵੱਲ ਨਾ ਜਾਣ ਦਿੱਤਾ ਜਾਵੇ।

**-ਸਤਨਾਮ ਸਿੰਘ**

## ਖਾਣ ਪੀਣ ਨੂੰ ਬਾਂਦਰੀ ਡੰਡੇ ਖਾਣੇ ਨੂੰ ਰਿੱਛ ?

ਅੱਜ ਜਦੋਂ ਹਿਮਾਚਲ ਪ੍ਰਦੇਸ਼ ਵਿਚ ਭਾਰੀ ਬਾਰਸ਼ ਅਤੇ ਭਾਖੜਾ ਡੈਮ ਦੇ ਗੇਟ ਖੋਲਣ ਦੀ ਮਜਬੂਰੀ ਕਾਰਨ ਸਤਲੁਜ ਦਰਿਆ ਵਿੱਚ ਹੜ੍ਹ ਆਉਣ ਦੀ ਪੂਰੀ ਸੰਭਾਵਨਾ ਬਣ ਚੁੱਕੀ ਹੈ ਤਾਂ ਸਤਲੁਜ ਦੇ ਦੁਵਾਲੇ ਬੈਠੇ ਪਿੰਡਾਂ ਦੀ 1988 ਵਿੱਚ ਆਏ ਹੜ੍ਹ ਦੀ ਅੱਖੀਂ ਦੇਖੀ ਹਾਲਤ ਸੋਚ ਕੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਨੇ।

ਫੇਰ ਸੋਚਦਾਂ ਪਹਿਲਾਂ ਦੀ ਤਰ੍ਹਾਂ, "ਅਗਲੇ ਕੁੱਝ ਦਿਨਾਂ ਤੱਕ ਸਤਲੁਜ ਦੇ ਦੁਵਾਲੇ ਰਹਿ ਰਹੇ ਲੋਕਾਂ ਦੇ ਡੁੱਬ ਚੁੱਕੇ ਘਰਾਂ ਅਤੇ ਖੇਤਾਂ ਵਿੱਚ ਨੁਕਸਾਨੀਆਂ ਫਸਲਾਂ ਨੂੰ ਨਿਊਜ਼ ਚੈਨਲਾਂ ਤੇ ਦਿਖਾਇਆ ਜਾਵੇਗਾ" ਅਤੇ ਸਿਆਸੀ ਲੀਡਰਾਂ ਵੱਲੋਂ ਹੜ੍ਹ ਮਾਰੇ ਇਲਾਕੇ ਦੇ ਦੌਰੇ ਅਤੇ ਰਾਹਤ ਦੇਣ ਦੇ ਵੱਡੇ ਵੱਡੇ ਬਿਆਨਾਂ ਦੀਆਂ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣਨਗੀਆਂ।

ਪਰ ਕੁੱਝ ਸਮੇਂ ਬਾਅਦ ਹੀ ਇਹਨਾਂ ਲੋਕਾਂ ਨੂੰ ਆਪਣੇ ਹਾਲ ਤੇ ਛੱਡ ਦਿੱਤਾ ਜਾਵੇਗਾ ,ਢਹਿ ਚੁੱਕੇ ਘਰਾਂ, ਖਤਮ ਹੋ ਚੁਕੀਆਂ ਫਸਲਾਂ ਤੋਂ ਬਾਅਦ ਦਰ ਦਰ ਭਟਕਣ ਲਈ ਮਜਬੂਰ ਹੋ ਜਾਣਗੇ।

ਕਿਸੇ ਸਮੇਂ ਦਰਿਆਵਾਂ ਦੇ ਪਾਣੀ ਅਤੇ ਇਸ ਇਲਾਕੇ ਦੀ ਰੇਤ ਦੇ ਵਾਰਸ ਵੀ ਇਹ ਲੋਕ ਹੀ ਸਨ ਹਰ ਨਫਾ ਨੁਕਸਾਨ ਵੀ ਇਹਨਾਂ ਦਾ ਸੀ। ਪਰ ਅੱਜ ਇਹੋ ਇਲਾਕਾ ਤੇ ਪਾਣੀ ਇਥੋਂ ਦੇ ਬਸ਼ਿੰਦਿਆਂ ਲਈ ਇੱਕ ਸਰਾਪ ਬਣ ਗਿਆ ਪਰ ਕਈਆਂ ਲਈ ਵਰਦਾਨ...

ਇੱਕ ਪਾਸੇ ਤਾਂ ਇਹ ਲੋਕ ਸਿਆਸੀ ਲੋਕਾਂ ਦੀ ਰਹਿਨੁਮਾਈ ਹੇਠ ਬੁੱਢੇ ਨਾਲੇ ਰਾਹੀਂ ਸਤਲੁਜ ਵਿੱਚ ਸੁੱਟੀ ਸ਼ਹਿਰਾਂ ਦੀ ਸੀਵਰੇਜ ਤੇ ਫੈਕਟਰੀਆਂ ਦੇ ਜ਼ਹਿਰੀਲੇ ਪਾਣੀ ਕਾਰਨ ਕੈਂਸਰ ਰੂਪੀ ਬਿਮਾਰੀਆਂ ਨਾਲ ਲੜ ਰਹੇ ਨੇ ਤੇ ਦੂਜਾ ਅੱਜ ਫੇਰ ਸਰਕਾਰਾਂ ਵਲੋਂ ਕੁਦਰਤ ਦੇ ਨਿਯਮਾਂ ਦੇ ਉਲਟ ਪਾਣੀ ਦੇ ਬਹਾਅ ਨੂੰ ਬਦਲਕੇ ਬਣਾਏ ਡੈਮਾਂ ਵਿੱਚੋਂ ਗੇਟ ਖੋਲ੍ਹਣ ਤੇ ਆਪਣੇ ਹੋਣ ਵਾਲੇ ਨੁਕਸਾਨ ਦੀ ਉਡੀਕ ਵਿੱਚ ਬੈਠੇ ਨੇ ਇਹ ਲੋਕ।

ਉਹਨਾਂ ਤੋਂ ਕੀ ਖੁੱਸਿਆ ?

ਕਿਸੇ ਸਮੇਂ ਸਤਲੁਜ ਦਰਿਆ ਦੇ ਚਿੱਟੇ ਸੋਨੇ ਵਜੋਂ ਜਾਣੀ ਜਾਂਦੀ ਰੇਤ ਦੇ ਇਹ ਲੋਕ ਹੀ ਅਸਲੀ ਵਾਰਸ ਸਨ। ਉਸ ਵੇਲੇ ਰੇਤ ਆਮ ਲੋਕਾਂ ਦੀ ਪਹੁੰਚ ਵਿੱਚ ਵੀ ਸੀ। ਪਰ ਹੁਣ ਇਸ ਇਲਾਕੇ ਵਿੱਚ ਉਹਨਾਂ ਦੀ ਥਾਂ ਸਿਆਸੀ ਲੀਡਰਾਂ ਦੀ ਰਹਿਨੁਮਾਈ ਹੇਠ ਰੇਤ ਮਾਫੀਆ ਦੇ ਕਾਫਲੇ ਕਰੇਨਾਂ, ਟਰੱਕਾਂ ਤੇ ਟਿੱਪਰਾਂ ਨਾਲ ਦੜਦੜਾਉਦੇ ਫਿਰਦੇ ਨੇ ਅਤੇ ਰੇਤ ਆਮ ਲੋਕਾਂ ਦੀ ਪਹੁੰਚ ਵਿੱਚੋਂ ਬਾਹਰ ਹੋ ਚੁੱਕੀ ਹੈ।

ਦੂਜਾ ਇਹਨਾਂ ਲੋਕਾਂ ਨੂੰ ਬਿਨਾਂ ਪੁੱਛੇ ਹੀ ਕੁੱਝ ਦਿਨਾਂ ਬਾਅਦ ਫੇਰ ਨਵੀਆਂ ਸੁਰਖੀਆਂ ਹੋਣਗੀਆਂ, "ਦਿੱਲੀ ਵਿੱਚ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਸਿਆਸੀ ਪਾਰਟੀਆਂ ਦੇ ਲੀਡਰਾਂ ਦੀ ਸਹਿਮਤੀ ਨਾਲ ਪਾਣੀਆਂ ਦੀ ਵੰਡ ਦਾ ਨਵਾਂ ਫੈਸਲਾ ਆ ਗਿਆ!

ਕੋਈ ਸਮਝੇ ਜਾਂ ਨਾਂ ਪਰ ਇਹਨਾਂ ਦੇ ਲਏ ਹਾਉਕੇ ਵਿੱਚੋਂ ਤਾਂ ਇਹੋ ਆਵਾਜ਼ ਨਿਕਲੇਗੀ -

ਖਾਣ ਪੀਣ ਨੂੰ ਬਾਂਦਰੀ ਡੰਡੇ ਖਾਣ ਨੂੰ ਰਿੱਛ!

**-ਭਗਵੰਤ ਸਿੰਘ ਤੂਰ ਕਨੇਡਾ**

## "ਪੰਜਾਬੀਅਤ ਕੂਕਦੀ"

**ਅੰਮ੍ਰਿਤਪਾਲ ਸਿੰਘ ਧੁੰਨ**
(+91 88476-34854)

ਸੰਗੀਤ ਦੀ ਬਦਲੀ ਨੁਹਾਰ,
ਕਾਨੀ ਕਾਬੂ ਕਰ ਲੀ ਗਵਾਰ,
ਕੌਣ ਸੰਭਾਲੇ ਸਾਹਿਤ ਡੁੱਲ੍ਹੇ ਨੂੰ,
ਪੰਜਾਬੀਅਤ ਕੂਕਦੀ 'ਬੁੱਲ੍ਹੇ' ਨੂੰ।

ਅਦੀਬ ਕਿਆਸ ਸੁੱਚਾ ਨਹੀਂ,
ਪੰਜਾਬ ਨਿਰਮਲ ਬੁੱਚਾ ਨਹੀਂ,
ਮਸ਼ਕਰ ਠਾਠ ਭੁੱਲੀ ਮੀਰ ਨੂੰ,
ਪੰਜਾਬੀਅਤ ਕੂਕਦੀ 'ਵੀਰ' ਨੂੰ।

ਸ਼ਿਵ ਜਹੀ ਗਮੇ ਨ ਗਲਪ,
ਬਹੁਤਾਤ ਭਈ ਜਿਨਸੀ ਹਲਕ,
ਗਵੈਯਾ ਗੌਰਦਾ ਨ ਝਿੜਕ ਨੂੰ,
ਪੰਜਾਬੀਅਤ ਕੂਕਦੀ 'ਵਿਰਕ' ਨੂੰ।

# ਸੰਗਤ, ਪੰਗਤ ਅਤੇ ਗੁਰਦੁਆਰਾ

ਡਾ. ਜੋਧ ਸਿੰਘ

ਸੰਗਤ ਅਤੇ ਪੰਗਤ ਸਿੱਖ ਫ਼ਲਸਫ਼ੇ ਦੇ ਅਨਿਖੜਵੇਂ ਅੰਗ ਹਨ। ਵਰਤਮਾਨ ਸਮੇਂ ਵਿਚ ਸਿੱਖਾਂ ਦਾ ਕੋਈ ਵੀ ਧਾਰਮਿਕ ਜਾਂ ਸਮਾਜਿਕ ਕਾਰਜ ਕੀਰਤਨ, ਸੰਗਤ ਜਾਂ ਪੰਗਤ ਅਰਥਾਤ ਲੰਗਰ ਤੋਂ ਬਿਨਾਂ ਸੰਪੂਰਨ ਨਹੀਂ ਸਮਝਿਆ ਜਾਂਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਸਿਧਾਂਤ ਲੋਕਾਈ ਨੂੰ ਦਿੱਤਾ ਉੱਥੇ ਨਾਲ ਹੀ ਨਾਲ ਸੰਗਤ ਅਤੇ ਪੰਗਤ ਦੀਆਂ ਸੰਸਥਾਵਾਂ ਦੀ ਵੀ ਸਥਾਪਨਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਸਾਰੇ ਭਾਰਤੀ ਅਤੇ ਗੈਰ-ਭਾਰਤੀ ਸਮਾਜਾਂ ਦੀਆਂ ਮਾਨਤਾਵਾਂ ਅਤੇ ਕਾਰਜਵਿਧੀਆਂ ਨੂੰ ਬੜੇ ਗਹੁ ਨਾਲ ਵੇਖਿਆ ਅਤੇ ਉਨ੍ਹਾਂ ਦੀਆਂ ਅਸਮਾਨਤਾਵਾਂ ਦੇ ਕਾਰਨਾਂ ਨੂੰ ਘੋਖਿਆ-ਪੜਚੋਲਿਆ। ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਲਗਪਗ ਉਸ ਸਮੇਂ ਦੇ ਸਾਰੇ ਭਾਰਤੀ ਸਮਾਜਾਂ ਦਾ ਆਪਣੇ ਇਕ ਸਲੋਕ ਵਿਚ ਨੋਟਿਸ ਲਿਆ:-

ਲਿਖ ਲਿਖ ਪੜਿਆ।।
ਤੇਤਾ ਕੜਿਆ।। ਬਹੁ ਤੀਰਥ ਭਵਿਆ।। ਤੇਤੋ ਲਵਿਆ।।
ਬਹੁ ਭੇਖ ਕੀਆ ਦੇਹੀ ਦੁਖੁ ਦੀਆ।।
ਸਹੁ ਵੇ ਜੀਆ ਆਪਣਾ ਕੀਆ।।
ਅੰਨੁ ਨਾ ਖਾਇਆ।। ਸਾਦੁ ਗਵਾਇਆ।।
ਬਹੁ ਦੁਖੁ ਪਾਇਆ ਦੂਜਾ ਭਾਇਆ।।
ਬਸਤ੍ਰ ਨ ਪਹਿਰੈ।। ਅਹਿਨਿਸਿ ਕਹਰੈ।। ਮੋਨਿ ਵਿਗੂਤਾ।।
ਕਿਉ ਜਾਗੈ ਗੁਰ ਬਿਨ ਸੂਤਾ।।
ਪਗ ਉਪੇ ਤਾਣਾ।। ਆਪਣਾ ਕੀਆ ਕਮਾਣਾ।।
ਅਲੁਮਲੁ ਖਾਈ ਸਿਰਿ ਛਾਈ ਪਾਈ।।
ਮੂਰਖ ਅੰਧੈ ਪਤਿ ਗਵਾਈ।। ਵਿਣੁ ਨਾਵੈ ਕਿਛੁ ਥਾਇ ਨ ਪਾਈ।।
ਰਹੇ ਬੇਬਾਣੀ ਮੜੀ ਮਸਾਣੀ।।
ਅੰਧੁ ਨਾ ਜਾਣੈ।। ਫਿਰਿ ਪਛੁਤਾਣੀ।।
ਨਾਨਕ ਨਦਰਿ ਕਰੇ ਸੋ ਪਾਏ।।
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ।।
(ਪੰਨਾ 467-68)।।

ਕੇਵਲ ਪੜ੍ਹੀ ਜਾਣ ਤੇ ਕੁੜ੍ਹੀ ਜਾਣ ਵਾਲੇ ਸਮਾਜ, ਤੀਰਥਾਟਨ ਕਰੀ ਜਾਣ ਵਾਲੇ ਸਮਾਜ, ਅਨੇਕਾਂ ਭੇਖਾਂ ਵਾਲੇ ਲੋਕ ਕੇਵਲ ਦੁੱਖਾਂ ਵਿਚ ਹੀ ਪਏ ਰਹਿੰਦੇ ਹਨ। ਅੰਨ੍ਹ ਨਾ ਖਾਣ ਅਰਥਾਤ ਵਰਤਾਂ ਵਿਚ ਵਿਸ਼ਵਾਸੀ ਵਿਅਕਤੀ ਕੇਵਲ ਸੁਆਦ ਤੋਂ ਵਾਂਝੇ ਰਹਿੰਦੇ ਹਨ, ਕੋਈ ਅਧਿਆਤਮਿਕ ਉਨਤੀ ਨਹੀਂ ਕਰਦੇ। ਬਸਤਰ ਨਾ ਧਾਰਨ ਵਾਲੇ ਕੇਵਲ ਕੁਦਰਤ ਦੀ ਕਰੋਪੀ ਦਾ ਹੀ ਸ਼ਿਕਾਰ ਬਣਦੇ ਹਨ ਅਤੇ ਇਸੇ ਤਰ੍ਹਾਂ ਮੌਨ ਧਾਰਨ ਕਰੀ ਰੱਖਣ ਵਾਲੇ ਲੋਕ ਦਰਅਸਲ ਦੂਸਰਿਆਂ ਦੇ ਦੁੱਖ-ਦਰਦ ਪ੍ਰਤੀ ਵੀ ਸੁੱਤੇ ਹੀ ਰਹਿੰਦੇ ਹਨ। ਏਸੇ ਤਰ੍ਹਾਂ ਹੀ ਨੰਗੇ ਪੈਰ ਯਾਤਰਾਵਾਂ ਕਰਨ ਵਾਲੇ ਅਤੇ ਅਲੁਮਲ ਖਾਣ ਵਾਲੇ ਅਘੋਰੀ ਆਦਿ ਮੜੀਆਂ ਵਿਚ ਨਿਵਾਸ ਬਣਾ ਕੇ ਜਿਉਂਦੇ ਜਾਗਦੇ ਲੋਕਾਂ ਤੋਂ ਸਦਾ ਲਈ ਦੂਰ ਹੀ ਬਣੇ ਰਹਿੰਦੇ ਹਨ ਅਤੇ ਆਪਣੀ ਹਉਮੈਂ ਵਿਚ ਗਲਤਾਨ ਹੋਏ ਰਹਿੰਦੇ ਹਨ। ਕੇਵਲ ਸੱਚੇ ਸ਼ਬਦ ਰਾਹੀਂ ਹੀ ਉਨ੍ਹਾਂ ਨੂੰ ਹਉਮੈਂ ਦੀ ਅਗਨ ਤੋਂ ਛੁਟਕਾਰਾ ਮਿਲ ਸਕਦਾ ਹੈ। ਏਸੇ ਤਰ੍ਹਾਂ ਹੀ ਵਾਰ ਆਸਾ ਵਿਚ ਦੁਬਿਧਾ ਗ੍ਰਸਤ ਉਨ੍ਹਾਂ ਸਮਾਜਾਂ ਨੂੰ ਵੀ ਚਿਤਾਰਿਆ ਗਿਆ ਹੈ ਜਿਹੜੇ ਮਨ ਅੰਦਰ ਤਾਂ ਰਾਮ-ਰਾਮ ਕਰਦੇ ਹਨ ਪਰ ਬਾਹਰੋਂ ਹੁਕਮਰਾਨਾਂ ਨੂੰ ਪ੍ਰਸੰਨ ਕਰਨ ਲਈ ਉਨ੍ਹਾਂ ਦੇ ਧਰਮ ਗ੍ਰੰਥਾਂ ਦਾ ਪਾਠ ਕਰੀ ਜਾਂਦੇ ਹਨ। ਅਜਿਹੇ ਸਮਾਜ ਨਾ ਇਸ ਦੁਨੀਆਂ ਦੇ ਯੋਗ ਹੁੰਦੇ ਹਨ ਅਤੇ ਨਾ ਹੀ ਪਰਲੋਕ ਸੁੱਖ ਦੇ ਅਧਿਕਾਰੀ ਹੁੰਦੇ ਹਨ।

ਅਜਿਹੇ ਠੀਕ ਜੀਵਨ ਪੰਧ ਤੋਂ ਥਿੜਕੇ ਹੋਏ ਲੋਕ ਆਪਣੇ ਮਤਾਂ-ਮਤਾਂਤਰਾਂ ਨੂੰ ਠੀਕ ਠਹਿਰਾਉਣ ਵਿਚ ਅਨੇਕਾਂ ਪ੍ਰਕਾਰ ਦੇ ਕਰਮਕਾਡਾਂ ਵਿਚ ਉਲਝਦੇ ਜਾਂਦੇ ਹਨ ਅਤੇ ਉਨ੍ਹਾਂ ਦੇ ਪਿੱਛੇ ਲੱਗੇ ਲੋਕ ਆਪਣੇ-ਆਪਣੇ ਮਾਰਗ ਦਰਸ਼ਕਾਂ ਨੂੰ ਸਹੀ ਦੱਸਣ ਹਿਤ ਆਪਸ ਵਿਚ ਉਲਝਦੇ ਰਹਿੰਦੇ ਹਨ ਅਤੇ ਕਈ ਤਰ੍ਹਾਂ ਦੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸਮੱਸਿਆਵਾਂ ਖੜ੍ਹੀਆਂ ਕਰ ਲੈਂਦੇ ਹਨ। ਭਾਈ ਗੁਰਦਾਸ ਜੀ ਨੇ ਅਜਿਹੀ ਸਥਿਤੀ ਦਾ ਵਰਨਣ ਆਪਣੀਆ ਰਚਨਾਵਾਂ ਵਿਚ ਬਿਉਰੇਵਾਰ ਕੀਤਾ ਹੈ:-

ਚਾਰ ਵਰਨ ਚਾਰ ਮਜਹਬਾਂ ਜਗ ਵਿਚ ਹਿੰਦੂ ਮੁਸਲਮਾਣੇ।
ਖੁਦ ਬਖੀਲੀ ਤਕਬਰੀ ਖਿਚੋਤਾਣ ਕਰੇਨ ਧਿਙਾਣੇ।
ਗੰਗ ਬਨਾਰਸ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
ਸੁੰਨਤ ਮੁਸਲਮਾਨ ਕੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕ ਨਾਮ ਦੁਇ ਰਾਮ ਭੁਲਾਣੇ।
ਬੇਦ ਕਤੇਬ ਭੁਲਾਇਕੇ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮਣ ਮਉਲਾਣੇ।।

ਗੁਰੂ ਨਾਨਕ ਦੇਵ ਜੀ ਨੇ ਅਨੁਭਵ ਕੀਤਾ ਕਿ ਬੇਸ਼ੱਕ ਸੈਂਕੜੇ ਸਾਲਾਂ ਤੋਂ ਭਾਰਤ ਵਿਚ ਰਿਸ਼ੀਆਂ-ਮੁੰਨੀਆਂ ਅਤੇ ਵਿਦਵਾਨਾਂ ਨੇ ਵੱਖਰੇ-ਵੱਖਰੇ ਢੰਗ ਨਾਲ ਗਿਆਨ ਦੀਆਂ ਪਰਿਭਾਸ਼ਾਵਾਂ ਵੀ ਦਿੱਤੀਆਂ ਹਨ ਅਤੇ ਗਿਆਨ ਦੀਆਂ ਵੱਖ-ਵੱਖ ਪਰਤਾਂ ਦੀਆ ਚਰਚਾਵਾਂ ਵੀ ਬਹੁਤ ਹੋਈਆਂ ਹਨ ਅਤੇ ਗਿਆਨ ਨੂੰ ਲੋਕਾਂ ਦੇ ਮਨਾਂ ਵਿਚ ਬਿਠਾਉਣ ਹਿਤ ਸ਼ਾਸਤਰਾਰਥਾਂ ਦੇ ਨਾਂ ਤੇ ਵਾਦ-ਵਿਵਾਦ ਤਾਂ ਬਹੁਤ ਕੀਤੇ ਗਏ ਹਨ ਪਰ ਸਿਧਾਂਤਾਂ ਨੂੰ ਲੋਕਾਂ ਦੇ ਮਨਾਂ ਵਿਚ ਬਿਠਾਉਣ ਲਈ ਸੰਸਥਾਵਾਂ ਦੀ ਸਥਾਪਨਾ ਹਿੱਤ ਕੁਝ ਵੀ ਨਹੀਂ ਕੀਤਾ ਗਿਆ। ਸਗੋਂ ਵਰਣ ਵਿਵਸਥਾ ਵਰਗੀ ਸੰਸਥਾ ਨੇ ਸਮਾਜ ਨੂੰ ਖੇਰੂੰ-ਖੇਰੂੰ ਕਰ ਦਿੱਤਾ ਅਤੇ ਮਨੁੱਖੀ ਹਿੱਤ ਜਾਤਾਂ ਦੇ ਹਿੱਤਾਂ ਵਿਚ ਤਬਦੀਲ ਹੋ ਗਏ ਅਤੇ ਲੋਕ ਦਿਨ ਪ੍ਰਤੀ ਦਿਨ ਇਕ ਦੂਜੇ ਤੋਂ ਦੂਰ ਹੁੰਦੇ ਚਲੇ ਗਏ। ਨਤੀਜਾ ਸਭ ਦੇ ਸਾਹਮਣੇ ਸੀ। ਮੁੱਠੀ ਭਰ ਹਮਲਾਵਰ ਭਾਰਤ 'ਤੇ ਚੜ੍ਹ ਕੇ ਆਏ ਅਤੇ ਏਥੋਂ ਦੀ ਛਿੰਨ-ਭਿੰਨਤਾ ਦਾ ਲਾਭ ਉਠਾ ਕੇ ਸੈਂਕੜੇ ਸਾਲਾਂ ਤਕ ਏਥੇ ਹਕੂਮਤ ਕਰਦੇ ਰਹੇ। ਸ਼ੱਕ, ਹੂਣਾਂ ਤੋਂ ਪਹਿਲਾਂ ਯੂਨਾਨੀਆਂ ਅਤੇ ਫ਼ਾਰਸ ਦੇ ਲੋਕਾਂ ਨੇ ਭਾਰਤ 'ਤੇ ਹਮਲੇ ਕਰਕੇ ਇਸ ਦੇ ਕਈ ਭਾਗਾਂ ਨੂੰ ਆਪਣੇ ਅਧੀਨ ਬਣਾਈ ਰੱਖਿਆ। ਇਨ੍ਹਾਂ ਤੋਂ ਬਾਅਦ ਗੌਰ, ਗਜ਼ਨੀ ਦੇ ਹਾਕਮਾਂ ਨੇ ਭਾਰਤ 'ਤੇ ਹਮਲੇ ਕੀਤੇ ਅਤੇ ਉਨ੍ਹਾਂ ਦੇ ਗੁਲਾਮਾਂ ਨੇ ਇਸ ਭਾਰਤ ਮਹਾਨ 'ਤੇ ਪੂਰੇ ਤਿੰਨ ਸੌ ਸਾਲ ਰਾਜ ਕੀਤਾ। ਸੰਨ 1526 ਤੋਂ ਬਾਅਦ ਪੂਰੀਆਂ ਸੱਤ ਪੁਸ਼ਤਾਂ ਤਕ ਮੁਗਲਾਂ ਨੇ ਇੱਥੇ ਹਕੂਮਤ ਕੀਤੀ ਜਿਨ੍ਹਾਂ ਤੋਂ ਅੰਗਰੇਜ਼ਾਂ ਨੇ ਰਾਜ ਖੋਹਿਆ ਅਤੇ ਦੋ ਸੌ ਸਾਲ ਦੇ ਲਗਪਗ ਏਥੇ ਰਾਜ ਕੀਤਾ ਅਤੇ ਭਾਰਤ ਦੀ ਸ਼੍ਰੇਣੀ ਅਤੇ ਜਾਤ ਵੰਡ ਨੂੰ ਆਪਣੇ ਹੱਕ ਵਿਚ ਵਰਤਣ ਲਈ ਇਨ੍ਹਾਂ ਵੰਡੀਆਂ ਨੂੰ ਹੋਰ ਮਜ਼ਬੂਤ ਕੀਤਾ। ਸਿੱਖ ਧਰਮ ਦਾ ਉਦਭਵ ਪੰਦਰਵੀਂ ਸਦੀ ਦੇ ਆਖਰੀ ਤਿੰਨ ਦਹਾਕਿਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਅਤੇ ਉਦਾਸੀਆਂ ਨਾਲ ਸ਼ੁਰੂ ਹੋਇਆ। ਉਨ੍ਹਾਂ ਨੇ ਜਿਵੇਂ ਕਿ ਉਪਰ ਦੱਸਿਆ ਜਾ ਚੁੱਕਿਆ ਹੈ ਭਾਰਤ ਦੀ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਹਾਲਤ ਨੂੰ ਬੜੀ ਨੀਝ ਨਾਲ ਘੋਖਿਆ, ਪੜਚੋਲਿਆ ਅਤੇ ਭਾਰਤ ਦੇ ਉੱਚ ਸ਼੍ਰੇਣੀ ਅਤੇ ਅਖੌਤੀ ਦੱਬੇ-ਕੁਚਲੇ ਲੋਕਾਂ ਨੂੰ ਬਰਾਬਰੀ ਦਾ ਅਹਿਸਾਸ ਕਰਾਉਣ ਲਈ ਆਪਣੀ ਅਗੰਮੀ ਬਾਣੀ ਰਾਹੀਂ ਸਿੱਖਿਆ ਦਿੱਤੀ ਅਤੇ ਨਾਲ ਹੀ ਨਾਲ 'ਸੰਗਤ' ਨਾਮਕ ਸੰਸਥਾ ਦੀ ਨੀਂਹ ਰੱਖੀ। ਉਹ ਜਿੱਧਰ ਵੀ ਗਏ ਉੱਥੇ 'ਸੰਗਤਾਂ' ਸਥਾਪਤ ਕੀਤੀਆਂ।



ਪਵਿੱਤਰ ਸੰਗਤ ਸ਼ਰਧਾਲੂਆਂ ਦਾ ਇਕ ਅਜਿਹਾ ਇਕੱਠ ਹੈ ਜਿੱਥੇ ਵਿਅਕਤੀ ਸਮਾਜ ਵਿਚ ਅਤੇ ਸਮਾਜ ਲਈ ਜੀਵਨ-ਜਾਚ ਸਿੱਖਦਾ ਹੈ। 'ਸੰਗਤ' ਦੇ ਤਿੰਨ ਪਹਿਲੂ ਧਿਆਨ ਦੇਣ ਯੋਗ ਹਨ। ਪਹਿਲਾ ਪੱਖ ਇਹ ਹੈ ਕਿ ਗੁਰੂ ਨਾਨਕ ਸਾਰੰਗ ਕੀ ਵਾਰ (ਪੰਨਾ 1244) ਵਿਚ ਫੁਰਮਾਉਂਦੇ ਹਨ ਕਿ ਸਤਿਸੰਗਤ ਨਾਮ ਦਾ ਉਹ ਅਮੁੱਕ ਖਜ਼ਾਨਾ ਹੈ ਜਿਸ ਰਾਹੀਂ ਪ੍ਰਮਾਤਮਾ ਨਾਲ ਸਾਖਿਆਤਕਾਰ ਹੁੰਦਾ ਹੈ। ਏਥੇ ਹੀ ਗੁਰੂ ਦੀ ਕ੍ਰਿਪਾ ਨਾਲ ਅੰਤਰਮਨ ਦਾ ਹਨੇਰਾ ਦੂਰ ਹੁੰਦਾ ਹੈ ਅਤੇ ਹਿਰਦੇ ਵਿਚ ਚਾਨਣ ਹੋ ਜਾਂਦਾ ਹੈ। ਸੰਗੀਤ ਵਿਚ ਹੀ ਊਚ-ਨੀਚ ਦੇ ਹਨੇਰੇ ਦਾ ਵਿਨਾਸ਼ ਹੁੰਦਾ ਹੈ ਅਤੇ ਸਾਰੇ ਆਪਣੇ ਵਰਗੇ ਹੀ ਲੱਗਦੇ ਹਨ। ਹਿਰਦੇ ਦੇ ਚਾਨਣ ਵਿਚ ਅਸੀਂ ਆਪਣੀਆਂ ਕਮਜ਼ੋਰੀਆਂ ਨੂੰ ਵੇਖਣ ਦੀ ਜਾਚ ਸਿੱਖ ਜਾਂਦੇ ਹਾਂ ਅਤੇ ਦੂਜਿਆਂ ਲਈ ਵੀ ਪ੍ਰੇਰਨਾਸ੍ਰੋਤ ਬਣ ਸਕਦੇ ਹਾਂ। ਸੰਗੀਤ ਰੂਪੀ ਪਾਰਸ ਨਾਲ ਲੱਗ ਕੇ ਲੋਹਾ ਰੂਪੀ ਮਨ ਕੰਚਨ ਹੋ ਕੇ ਸਾਰਿਆਂ ਲਈ ਸੁਖਦਾਇਕ ਹੋ ਨਿੱਬੜਦਾ ਹੈ—

ਸਤ ਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ।।
ਗੁਰਪ੍ਰਸਾਦੀ ਘਟ ਚਾਨਣਾ ਆਨ੍ਹੇਰ ਗਵਾਇਆ।
ਲੋਹਾ ਪਾਰਸ ਭੇਟੀਐ ਕੰਚਨੁ ਹੋਇ ਆਇਆ (ਪੰਨਾ 1244)।

ਸੰਗਤ ਦਾ ਦੂਜਾ ਪੱਖ ਇਹ ਵੀ ਧਿਆਨਯੋਗ ਹੈ ਕਿ ਪਿੱਛੇ ਦੱਸੀ ਪ੍ਰਾਪਤੀ ਲਈ ਵਿਅਕਤੀ ਨੂੰ ਕੈਵਲਯ (ਸਾਂਖ ਸ਼ਾਸਤਰ ਦੀ ਮੁਕਤੀ) ਪ੍ਰਾਪਤ ਕਰਨ ਦੇ ਬਹਾਨੇ ਘਰ-ਬਾਹਰ ਦੀਆਂ ਜ਼ਿੰਮੇਵਾਰੀਆਂ ਤੋਂ ਭੱਜ ਕੇ ਜੰਗਲਾਂ ਵਿਚ ਜਾਣ ਦੀ ਲੋੜ ਨਹੀਂ ਹੈ। ਅਧਿਆਤਮਿਕ ਉਚਾਣਾਂ ਪ੍ਰਾਪਤ ਕਰਨ ਦੇ ਬਹਾਨਿਆਂ ਥੱਲੇ ਨਾਥਾਂ ਯੋਗੀਆਂ ਦੇ 'ਭੈਰਵੀ ਚੱਕਰਾਂ' ਦਾ ਆਯੋਜਨ ਪਿਛਲੇ ਕਈ ਸਾਲਾਂ ਤੋਂ ਨਿਵੇਕਲੇ ਸਥਾਨਾਂ 'ਤੇ ਕੀਤਾ ਜਾ ਰਿਹਾ ਸੀ ਅਤੇ ਆਸਾਮ ਦੇ ਕਾਮਾਖਿਆ ਆਦਿ ਸਥਾਨਾਂ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੌਰਾਨ ਅਜਿਹੇ ਪ੍ਰਪੰਚਾਂ ਨੂੰ ਅਵੱਸ਼ ਵੇਖਿਆ ਹੋਵੇਗਾ। ਅਜਿਹੇ ਇਕੱਠਾਂ ਵਿਚ ਕਈ ਗੁਹਝ ਸਾਧਨਾਵਾਂ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਭੈਰਵੀ ਚੱਕਰ ਦਾ ਨਾਂ ਦਿੱਤਾ ਜਾਂਦਾ ਹੈ। ਇਨ੍ਹਾਂ ਇਕੱਠਾਂ ਵਿਚ ਮਾਸ, ਮਛਲੀ, ਮਦ (ਸ਼ਰਾਬ) ਮੈਥੁਨ ਅਤੇ ਮੁਦਰਾ ਅਰਥਾਤ 'ਪੰਚ ਮਕਾਰਾਂ' ਦਾ ਖੁੱਲ੍ਹ ਕੇ ਪ੍ਰਯੋਗ ਕੀਤਾ ਜਾਂਦਾ ਸੀ ਅਤੇ ਇਨ੍ਹਾਂ ਇਕੱਠਾਂ ਵਿਚ ਚੋਣਵੇਂ ਜੋਗੀਆਂ ਅਤੇ ਇਸਤਰੀਆਂ ਨੂੰ ਹੀ ਪ੍ਰਵੇਸ਼ ਦਿੱਤਾ ਜਾਂਦਾ ਸੀ। ਅਧਿਆਤਮਿਕਤਾ ਦੇ ਨਾਂ 'ਤੇ ਕਾਮੁਕਤਾ ਨੂੰ ਵਧਾਉਣ-ਅਪਣਾਉਣ ਦੀ ਖੁੱਲ੍ਹ ਕਾਰਨ ਪਾਖੰਡੀ ਜੋਗੀਆਂ ਦੀ ਗਿਣਤੀ ਵਿਚ ਵਾਧਾ ਹੋਣਾ ਵੀ ਗ਼ੈਰ-ਸੁਭਾਵਿਕ ਨਹੀਂ ਸੀ। ਗੁਰੂ ਨਾਨਕ ਦੇਵ ਜੀ ਨੇ ਪਵਿੱਤਰ ਸੰਗਤ ਸੰਸਥਾ ਦੀ ਸਥਾਪਨਾ ਕਰਕੇ ਬਿਨਾਂ ਕਿਸੇ ਜਾਤ ਜਾਂ ਧਰਮ ਭੇਦ ਦੇ ਇਸ ਵਿਚ ਸਭ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਅਤੇ ਕਿਸੇ ਵੀ ਗੁਝੇ ਸਾਧਨਾਂ ਦੀ ਵਕਾਲਤ ਨਹੀਂ ਕੀਤੀ, ਸਗੋਂ ਸੱਚਾ ਤੇ ਸੁੱਚਾ ਜੀਵਨ ਜੀਣ ਦਾ ਉਪਦੇਸ਼ ਦੇ ਕੇ ਇਕ-ਦੂਜੇ ਨਾਲ ਬਿਨਾਂ ਕਿਸੇ ਵਿਤਕਰੇ ਤੋਂ ਜੁੜਨ ਦੀ ਪ੍ਰੇਰਨਾ ਦਿੱਤੀ। ਸੰਗਤ ਸਬੰਧੀ ਤੀਜਾ ਪੱਖ ਇਹ ਵੀ ਹੈ ਜਿਹੜਾ ਘਰ-ਬਾਰ ਛੱਡ ਕੇ ਜੰਗਲਾਂ ਵਿਚ ਤਪੱਸਿਆ ਕਰਨ ਦਾ ਢੰਗ ਕਰਨ ਵਾਲਿਆਂ ਨਾਲ ਸਬੰਧਤ ਹੈ। ਮਨੋਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਵੇਖਿਆਂ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਕਿਸੇ ਗੁਫ਼ਾ ਜਾਂ ਜੰਗਲ ਵਿਚ ਇਕੱਲੇ ਰਹਿੰਦੇ ਹੋਏ ਕੋਈ ਆਸਾਨੀ ਨਾਲ ਹੀ ਠੀਕ ਰਾਹ ਤੋਂ ਭਟਕ ਸਕਦਾ ਹੈ ਕਿਉਂਕਿ ਉੱਥੇ ਦਿਲ ਅਤੇ ਮਨ ਦੀਆਂ ਮਾੜੀਆਂ ਗਿਣਤੀਆਂ-ਮਿਣਤੀਆ ਨੂੰ ਰੋਕਣ ਵਾਸਤੇ ਬਾਹਰੀ ਪ੍ਰਬੰਧ ਕੋਈ ਨਹੀਂ ਹੁੰਦਾ। ਪੁਰਾਣਾਂ ਦੀਆ ਪ੍ਰਾਚੀਨ ਕਥਾ-ਕਹਾਣੀਆਂ ਇਹ ਆਮ ਦੱਸਦੀਆਂ ਹਨ ਕਿ ਕਈ ਰਿਸ਼ੀ ਇੰਦਰ ਵੱਲੋਂ ਭੇਜੀਆਂ ਅਪਸਰਾਵਾਂ ਜਾਂ ਫਿਰ ਆਦਿ ਵਾਸੀ ਸੁੰਦਰ ਇਸਤਰੀ ਦੇ ਜਾਲ ਵਿਚ ਸਹਿਜੇ ਹੀ ਫਸ ਜਾਂਦੇ ਹਨ ਅਤੇ ਤਪੱਸਿਆ ਨੂੰ ਵਿਚੇ ਹੀ ਛੱਡ ਕੇ ਕਾਮ-ਵਾਸਨਾ ਦੀ ਪਕੜ ਵਿਚ ਆ ਜਾਂਦੇ ਹਨ। ਪ੍ਰੰਤੂ ਜੇਕਰ ਵਿਅਕਤੀ ਸਮਾਜ ਵਿਚ ਰਹਿੰਦਾ ਹੈ ਜਿਸ ਦਾ ਹੋਰ ਪਵਿੱਤਰ ਰੂਪ 'ਸੰਗਤ' ਹੈ ਤਾਂ ਉਹ ਵਿਸ਼ੇ-ਵਿਕਾਰਾਂ ਦੀ ਪਕੜ ਤੋਂ ਸੁਭਾਵਿਕ ਹੀ ਬਚਿਆ ਰਹਿੰਦਾ ਹੈ।

ਜਿਹੜੇ ਆਪਣੀਆਂ ਇੰਦਰੀਆਂ ਨੂੰ ਭੈੜੇ ਕਰਮ ਕਰਨ ਲਈ ਹੱਲਾਸ਼ੇਰੀ ਦੇਈ ਰੱਖਦੇ ਹਨ, ਸੰਗਤ ਉਨ੍ਹਾਂ ਲਈ ਇਕ ਅਜਿਹਾ ਸਥਾਨ ਹੈ ਜਿੱਥੇ ਲੰਗਰ ਅਤੇ ਜੋੜਿਆਂ ਆਦਿ ਦੀ ਸੇਵਾ ਕਰਦੇ ਹੋਏ ਵਿਅਕਤੀ ਸਮਾਜ ਨਾਲ ਜੁੜਿਆ ਰਹਿੰਦਾ ਹੈ ਉੱਥੇ ਨਾਲ ਹੀ ਨਾਲ ਉਸ ਦੀ ਹਉਮੈਂ ਨੂੰ ਵੀ ਠੱਲ੍ਹ ਪਈ ਰਹਿਣ ਦੀ ਵਧੇਰੇ ਗੁੰਜਾਇਸ਼ ਹੁੰਦੀ ਹੈ। ਦਰਅਸਲ ਸੰਗਤ ਦੀ ਸੰਸਥਾ ਨੂੰ ਹੋਰ ਪੱਕਾ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਲੰਗਰ ਅਥਵਾ ਪੰਗਤ ਦੀ ਸੰਸਥਾ ਵੀ ਆਰੰਭ ਕੀਤੀ। ਪੰਗਤ ਵਿਚ ਬਿਨਾਂ ਕਿਸੇ ਪੁੱਛ-ਪੜਤਾਲ ਦੇ ਪਰਸ਼ਾਦਾ ਛਕਣ ਅਤੇ ਛਕਾਉਣ ਵਾਲਾ ਸੇਵਾ ਵਿਚ ਲੀਨ ਬਣਿਆ ਰਹਿੰਦਾ ਹੈ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਹੋਰ ਗੁਰੂ ਸਾਹਿਬਾਨ ਨੇ ਵੀ ਇਨ੍ਹਾਂ ਸੰਸਥਾਵਾਂ ਨੂੰ ਅੱਗੇ ਵਧਾਇਆ ਅਤੇ ਗੁਰੂ ਘਰ ਦਾ ਇਕ ਨਿਯਮ ਹੀ ਬਣ ਗਿਆ ਕਿ 'ਪਹਿਲੇ ਪੰਗਤ ਪਾਛੇ ਸੰਗਤ।'

ਸੰਗਤ ਸੰਸਥਾ ਨੂੰ ਗੁਰੂ ਸਾਹਿਬਾਨ ਵੱਲੋਂ ਨਿਯੁਕਤ ਕੀਤੇ ਹੋਏ ਮੰਜੀਦਾਰਾਂ ਅਤੇ ਮਸੰਦਾਂ ਨੇ ਵੱਖਰੇ-ਵੱਖਰੇ ਇਲਾਕਿਆਂ ਵਿਚ ਹੋਰ ਮਜ਼ਬੂਤੀ ਪ੍ਰਦਾਨ ਕੀਤੀ ਅਤੇ ਹੁਣ ਸੰਗਤ ਹੀ ਮਸੰਦਾਂ ਰਾਹੀਂ ਕੌਮ ਅਤੇ ਗੁਰੂ ਘਰ ਦੀ ਸਾਂਭ-ਸੰਭਾਲ ਕਰਨ ਲੱਗ ਪਈ ਸੀ। ਸੰਗਤਾਂ ਹੀ ਹੁਣ ਰੁਪਈਏ ਪੈਸੇ ਦਾ ਚੜ੍ਹਾਵਾ ਇਕੱਠਾ ਕਰਦੀਆਂ ਅਤੇ ਮਸੰਦਾਂ ਰਾਹੀਂ ਗੁਰੂ ਘਰ ਨੂੰ ਭੇਜਦੀਆਂ ਸਨ। ਸਹਿਜੇ-ਸਹਿਜੇ ਸੰਗਤ ਇੰਨੀ ਮਜ਼ਬੂਤ ਸੰਸਥਾ ਬਣ ਗਈ ਕਿ ਅੱਜ ਤਕ ਵੀ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਵੀਹ ਵਿਸਵੇ ਤਾਂ ਸੰਗਤ ਇੱਕੀ ਵਿਸਵੇ ਹੈ। ਇਹ ਕੇਵਲ ਕਹਿਣ ਵਿੱਚ ਹੀ ਨਹੀਂ ਸੀ ਸਗੋਂ ਸਮੇਂ-ਸਮੇਂ ਇਸ ਕਥਨ ਦੀ ਸੱਚਾਈ ਦੀ ਪਰਖ ਵੀ ਹੁੰਦੀ ਰਹੀ। ਮੁਗਲ ਦਰਬਾਰ ਦੇ ਅਧਿਕਾਰੀ ਚੰਦੂ ਲਾਲ ਵੱਲੋਂ ਗੁਰੂ ਘਰ ਪ੍ਰਤੀ ਕਹੇ ਮਾੜੇ ਸ਼ਬਦਾਂ ਦਾ ਸਿੱਖ ਸੰਗਤ ਨੇ ਬੁਰਾ ਮਨਾਇਆ ਅਤੇ ਗੁਰੂ ਅਰਜਨ ਦੇਵ ਜੀ ਨੇ ਸੰਗਤ ਦੀਆਂ ਇੱਛਾਵਾਂ 'ਤੇ ਫੁੱਲ ਚੜ੍ਹਾਉਂਦੇ ਹੋਏ ਆਪਣੇ ਸਪੁੱਤਰ (ਗੁਰੂ) ਹਰਗੋਬਿੰਦ ਜੀ ਦਾ ਰਿਸ਼ਤਾ ਚੰਦੂ ਦੀ ਪੁੱਤਰੀ ਨਾਲ ਹੁੰਦਾ ਹੁੰਦਾ ਨਾਮਨਜ਼ੂਰ ਕਰ ਦਿੱਤਾ। ਏਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਨੂੰ ਸਰਕਾਰੀ ਸਹਾਇਤਾ ਦੇ ਬਾਵਜੂਦ ਸੰਗਤ ਨੇ ਗੁਰੂ ਨਹੀਂ ਮੰਨਿਆ ਅਤੇ ਰਾਮ ਰਾਇ ਨੂੰ ਵੀ ਬਾਣੀ ਵਿਚ ਤਬਦੀਲੀ ਕਰਕੇ ਗਲਤ ਅਰਥ ਕਰਨ ਕਾਰਨ ਸੰਗਤਾਂ ਨੇ ਤਿਆਗ ਦਿੱਤਾ। ਧੀਰਮੱਲ ਨੂੰ ਵੀ ਸਿੱਖੀ ਦੀ ਮੁੱਖ ਧਾਰਾ ਤੋਂ ਵੱਖਰਾ ਕਰਕੇ ਸੰਗਤ ਨੇ ਸਿੱਧ ਕਰ ਦਿੱਤਾ ਕਿ ਸਰਕਾਰੀ ਸਹਾਇਤਾ ਕੁਝ ਨਹੀਂ ਕਰ ਸਕਦੀ ਜੇਕਰ ਸੰਗਤ ਮਾਨਤਾ ਨਹੀਂ ਦਿੰਦੀ। ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਸਾਹਿਬਾਨ ਸਿੱਖਾਂ ਵਾਸਤੇ ਸਦਾ ਹੀ ਇਕ ਚਾਨਣਮੁਨਾਰਾ ਰਹੇ ਹਨ ਪ੍ਰੰਤੂ ਸਿੱਖ ਧਰਮ ਨੂੰ ਵਧਣ-ਫੁਲਣ ਵਿਚ ਸਿੱਖ ਸੰਗਤ ਵੱਲੋਂ ਦਿੱਤੀ ਸਹਾਇਤਾ ਮਹਾਨ ਅਤੇ ਪ੍ਰਸ਼ੰਸਾਯੋਗ ਹੈ। ਗੁਰੂ ਹਰਗੋਬਿੰਦ ਜੀ ਦੇ ਸਮੇਂ ਤਕ ਸਿੱਖ ਸੰਗੀਤ ਇਸ ਤੱਥ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਹੋ ਚੁੱਕੀ ਸੀ ਕਿ ਸ਼ਕਤੀ ਤੋਂ ਬਿਨਾਂ ਭਗਤੀ ਅਧੂਰੀ ਹੀ ਨਹੀਂ ਹੈ ਸਗੋਂ ਸਮਾਜ ਲਈ ਹਾਨੀਕਾਰਕ ਵੀ ਹੈ। ਆਰੰਭ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰੋਕਾਰਾਂ ਨੂੰ ਦ੍ਰਿੜ ਕੀਤਾ ਹੋਇਆ ਸੀ ਕਿ ਮਨੁੱਖਤਾ ਨੂੰ ਪ੍ਰੇਮ ਕਰਨ ਲਈ ਬਲੀਦਾਨ ਦੇ ਜਜ਼ਬੇ ਨੂੰ ਬਲਵਾਨ ਬਣਾਉਣਾ ਪਵੇਗਾ ਅਤੇ ਇਸ ਰਾਹ 'ਤੇ ਚੱਲਦਿਆਂ ਸਿਰ ਨੂੰ ਤਲੀ 'ਤੇ ਰੱਖ ਕੇ ਅੱਗੇ ਵਧਦੇ ਜਾਣਾ ਪਵੇਗਾ। ਸੰਗਤ ਦੇ ਸਿਧਾਂਤ ਦੀ ਹੋਰ ਵਿਆਖਿਆ ਕਰਦੇ ਹੋਏ ਗੁਰੂ ਅੰਗਦ ਦੇਵ ਜੀ ਨੇ ਹੋਰ ਵੀ ਸਪੱਸ਼ਟ ਕੀਤਾ ਕਿ ਬੇਸ਼ੱਕ ਅੱਜ ਤਕ ਇਸ ਸਿਧਾਂਤ ਨੂੰ ਮੰਨਿਆ ਜਾ ਰਿਹਾ ਹੈ ਕਿ ਜੋਗੀਆਂ ਦਾ ਮਾਰਗ ਗਿਆਨ ਦਾ ਮਾਰਗ ਹੈ, ਬ੍ਰਾਹਮਣਾਂ ਦਾ ਮਾਰਗ ਵੇਦਾਂ ਦਾ ਅਧਿਐਨ ਕਰਨਾ ਹੈ, ਖੱਤਰੀਆਂ ਦਾ ਮਾਰਗ ਸੂਰਮਤਾਈ ਲਈ ਤਿਆਰ ਬਰ ਤਿਆਰ ਰਹਿਣਾ ਹੈ ਅਤੇ ਅਖੌਤੀ ਸ਼ੂਦਰਾਂ ਦਾ ਮਾਰਗ ਪਰਾਈ ਕਿਰਤ ਅਰਥਾਤ ਸੇਵਾ ਕਰਨਾ ਹੀ ਹੈ ਪਰ ਸਿੱਖੀ ਇਸ ਤੱਥ ਤੋਂ ਉਲਟ ਇਹ ਪਰਵਾਨ ਕਰਦੀ ਹੈ ਕਿ ਸਾਰਿਆਂ ਦਾ ਮਾਰਗ ਸਾਂਝਾ ਇਕੋ ਹੀ ਹੈ ਅਰਥਾਤ ਸਾਰਿਆਂ ਨੇ ਸਾਰੇ ਕੰਮ ਕਰਨੇ ਹਨ; ਜਿਹੜਾ ਇਸ ਤੱਥ ਦੇ ਰਹੱਸ ਨੂੰ ਸਮਝਦਾ ਹੈ, ਨਾਨਕ (ਗੁਰੂ ਅੰਗਦ) ਤਾਂ ਉਸੇ ਦਾ ਸੇਵਕ ਹੈ ਅਤੇ ਉਹੀ ਸਾਡੇ ਲਈ ਪ੍ਰਮਾਤਮਾ ਹੈ:-

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ।।
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ।।
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ।।
ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ।। (ਪੰਨਾ 469)

ਇਨ੍ਹਾਂ ਸਾਰੇ ਸਿਧਾਂਤਾਂ ਨੂੰ ਪਰਪੱਕਤਾ ਦੇਣ ਲਈ ਸਿੱਖ ਸੰਗਤਾਂ ਨੇ ਪਹਿਲਾਂ ਸੰਗਤ ਰੂਪ ਵਿਚ ਇਕੱਠੇ ਹੋਣ ਲਈ ਧਰਮਸ਼ਾਲ ਬਣਾਈ ਜਿਹੜੀ ਕਾਲਾਂਤਰ ਵਿਚ ਗੁਰਦੁਆਰੇ ਦਾ ਰੂਪ ਧਾਰ ਕੇ ਅੱਜ ਸਿੱਖਾਂ ਦੀ ਇਕ ਕੇਂਦਰੀ ਸੰਸਥਾ ਹੈ ਜਿੱਥੇ ਮਿਲ-ਬੈਠ ਕੇ ਅਧਿਆਤਮਿਕਤਾ ਨੂੰ ਡੂੰਘਾ ਕਰਨ ਲਈ ਗੁਰਬਾਣੀ ਦਾ ਕੀਰਤਨ, ਕਥਾ ਵਖਿਆਨ ਹੁੰਦੇ ਹਨ ਅਤੇ ਸਮਾਜਿਕ ਪੰਥਕ ਮਸਲਿਆਂ ਨੂੰ ਵੀ ਵਿਚਾਰਿਆ ਜਾਂਦਾ ਹੈ ਅਤੇ ਪੰਥਕ ਫ਼ੈਸਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜਾਂ ਪਿਆਰਿਆਂ ਵੱਲੋਂ ਕੀਤੇ ਗੁਰਮਤੇ ਰਾਹੀਂ ਲਈ ਜਾਂਦੇ ਹਨ।

**ਪਵਿੱਤਰ ਸੰਗਤ ਸ਼ਰਧਾਲੂਆਂ ਦਾ ਇਕ ਅਜਿਹਾ ਇਕੱਠ ਹੈ ਜਿੱਥੇ ਵਿਅਕਤੀ ਸਮਾਜ ਵਿਚ ਅਤੇ ਸਮਾਜ ਲਈ ਜੀਵਨ-ਜਾਚ ਸਿੱਖਦਾ ਹੈ। ਗੁਰੂ ਨਾਨਕ ਸਾਰੰਗ ਕੀ ਵਾਰ (ਪੰਨਾ 1244) ਵਿਚ ਫੁਰਮਾਉਂਦੇ ਹਨ ਕਿ ਸਤਿਸੰਗਤ ਨਾਮ ਦਾ ਉਹ ਅਮੁੱਕ ਖਜ਼ਾਨਾ ਹੈ ਜਿਸ ਰਾਹੀਂ ਪ੍ਰਮਾਤਮਾ ਨਾਲ ਸਾਖਿਆਤਕਾਰ ਹੁੰਦਾ ਹੈ। ਏਥੇ ਹੀ ਗੁਰੂ ਦੀ ਕ੍ਰਿਪਾ ਨਾਲ ਅੰਤਰਮਨ ਦਾ ਹਨੇਰਾ ਦੂਰ ਹੁੰਦਾ ਹੈ ਅਤੇ ਹਿਰਦੇ ਵਿਚ ਚਾਨਣ ਹੋ ਜਾਂਦਾ ਹੈ।**

# ਗੁਰੂ ਨਾਨਕ ਦੇ ਮੁਸਲਮਾਨ ਉਪਾਸ਼ਕ

**ਡਾ. ਜਸਬੀਰ ਸਿੰਘ ਸਰਨਾ**

ਇਹ ਇਤਫ਼ਾਕ ਸੀ ਕਿ ਦਸ ਗੁਰੂ ਸਾਹਿਬਾਨ (1469-1708) ਅਤੇ ਮੁਗ਼ਲ ਸ਼ਹਿਨਸ਼ਾਹਾਂ (1526-1707) ਦਾ ਸਮਾਂ ਇਕੋ ਸੀ। ਸਿੱਖ ਧਰਮ ਦਾ ਮੁੱਖ ਮੰਤਵ ਮੁਸਲਮਾਨਾਂ ਅਤੇ ਹਿੰਦੂਆਂ ਨੂੰ ਇਕ ਪਲੇਟਫਾਰਮ 'ਤੇ ਇਕੱਠਾ ਕਰਨਾ ਸੀ। ਤਵਾਰੀਖ਼ ਵਿਚ ਜ਼ਿਕਰ ਆਉਂਦਾ ਹੈ ਕਿ ਸਿੱਖ ਤੇ ਮੁਸਲਿਮ ਸ਼ਖ਼ਸੀਅਤਾਂ ਦਾ ਆਪਸ ਵਿਚ ਬੜਾ ਪਿਆਰ ਸੀ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਹਿੰਦੂ ਤੇ ਮੁਸਲਮਾਨ ਬੜੀ ਇੱਜ਼ਤ ਕਰਦੇ ਸਨ। ਇਕ ਕਵੀ ਨੇ ਠੀਕ ਹੀ ਲਿਖਿਆ ਹੈ :

ਨਾਨਕ ਸ਼ਾਹ ਫਕੀਰ
ਹਿੰਦੂ ਕਾ ਗੁਰੂ ਮੁਸਲਿਮ ਕਾ ਪੀਰ।

ਗੁਰੂ ਨਾਨਕ ਦੇਵ ਨੂੰ ਸਭ ਤੋਂ ਪਹਿਲਾਂ ਹੱਥ ਇੱਕ ਮੁਸਲਮਾਨ ਔਰਤ 'ਦਾਈ' ਦਾ ਹੀ ਲੱਗਾ, ਜਦੋਂ ਆਪ ਨੇ ਅਵਤਾਰ ਧਾਰਨ ਕੀਤਾ। ਇੱਕ ਮੁਸਲਮਾਨ ਲਿਖਾਰੀ ਗ਼ੁਲਾਮ ਮੁਹੰਮਦ ਮਸਮੀਨ ਨੇ ਲਿਖਿਆ ਹੈ ਕਿ ਗੁਰੂ ਨਾਨਕ ਜੀ ਦੀ ਪਹਿਲੀ ਪੜ੍ਹਾਈ ਵੀ ਮਾਸਟਰ ਮੁਹੰਮਦ ਹਸਨ ਕੋਲੋਂ ਹੋਈ, ਜੋ ਗੁਰੂ ਸਾਹਿਬ ਦੇ ਘਰ ਕੋਲ ਰਹਿੰਦਾ ਸੀ। ਇਸ ਮਾਸਟਰ ਦੇ ਘਰ ਕੋਈ ਬੱਚਾ ਨਹੀਂ ਸੀ। ਇਸ ਲਈ ਉਹ ਬਾਲ ਨਾਨਕ ਨੂੰ ਬੇਹੱਦ ਪਿਆਰ ਕਰਦਾ ਸੀ। ਜਦੋਂ ਇੱਕ ਦਿਨ ਬਾਲ ਨਾਨਕ ਜੀ ਨੇ ਇਸ ਮਾਸਟਰ ਨੂੰ ਅਰਬੀ ਦੇ ਲਫ਼ਜ਼ਾਂ ਦੇ ਅਰਥ ਪੁੱਛੇ ਤਾਂ ਇਹ ਬੜਾ ਸ਼ਰਮਿੰਦਾ ਹੋਇਆ। ਫਿਰ ਗੁਰੂ ਨਾਨਕ ਜੀ ਨੇ ਸਿੱਧੇ-ਸਾਧੇ ਲਫ਼ਜ਼ਾਂ ਵਿਚ ਸਮਝਾਇਆ:

ਅੱਲ੍ਹਾ ਨੂੰ ਯਾਦ ਕਰ,
ਗ਼ਫ਼ਲਤ ਮਨੋਂ ਵਿਸਾਰ

ਅੱਜ ਵੀ ਪੂਰੇ ਸੰਸਾਰ ਵਿੱਚ ਮੁਸਲਮਾਨ ਗੁਰੂ ਨਾਨਕ ਨੂੰ ਅੱਲ੍ਹਾ ਦਾ ਪਿਆਰਾ ਅਤੇ ਬਜ਼ੁਰਗ ਸਮਝ ਕੇ ਸਤਿਕਾਰ ਕਰਦੇ ਹਨ, ਜਦੋਂਕਿ ਅਹਿਮਦੀ ਜਾਂ ਕਾਦਰਾਨੀ ਬਾਬਾ ਗੁਰੂ ਨਾਨਕ ਦੀ ਇੱਜ਼ਤ ਕਰਨਾ ਆਪਣੇ ਅਕੀਦੇ ਦਾ ਜ਼ਰੂਰੀ ਜੁਜ਼ ਸਮਝਦੇ ਹਨ। ਮਿਰਜ਼ਾ ਸਾਹਿਬ ਅਹਿਮਦੀ ਨੇ ਲਿਖਿਆ ਸੀ:

ਬੂਦ ਨਾਨਕ ਆਰਫ਼ ਮਰਦ ਖ਼ੁਦਾ
ਰਾਜ਼ ਹਾਏ ਮਜਰ-ਫ਼ਕਦਾ ਰਾਹ ਕੁਸ਼ਾ

ਇਕ ਮੁਸਲਮਾਨ ਲੇਖਕ ਆਪਣੀ ਪੁਸਤਕ 'ਪੈਗ਼ਾਮ' ਦੇ ਸਫ਼ਾ 7 'ਤੇ ਲਿਖਦਾ ਹੈ, ਇਸ ਵਿਚ ਕੁਝ ਸ਼ੱਕ ਨਹੀਂ ਹੋ ਸਕਦਾ ਕਿ ਬਾਬਾ ਨਾਨਕ ਏਕ ਨੇਕ ਔਰ ਬਜ਼ੁਰਗ ਇਨਸਾਨ ਥਾ ਔਰ ਉਨ ਲੋਗੋਂ ਮੇਂ ਸੇ ਥਾ ਜਿਨ ਕੁ ਖ਼ੁਦਾ ਅਜ਼ਲ ਆਪਨੀ ਮੁਹੱਬਤ ਕਾ ਸ਼ਰਬਤ ਪਿਲਾਤਾ ਥਾ।'

ਗੁਰੂ ਨਾਨਕ ਦੇ ਅਨੇਕਾਂ ਹੀ ਉਪਾਸ਼ਕ ਸਨ ਪਰ ਇੱਥੇ ਕੁਝ ਕੁ ਉਪਾਸ਼ਕਾਂ ਬਾਰੇ ਸੰਖੇਪ ਤੌਰ 'ਤੇ ਜ਼ਿਕਰ ਕਰ ਰਹੇ ਹਾਂ।

**ਰਾਇ ਬੁਲਾਰ** : 15ਵੀਂ ਸਦੀ ਦੇ ਮੱਧ ਵਿੱਚ ਤਲਵੰਡੀ ਰਾਇ ਭੋਇ ਦਾ ਮੁਖੀ ਮੁਸਲਮਾਨ ਭੱਟੀ ਰਾਜਪੂਤ ਰਾਇ ਬੁਲਾਰ ਸੀ। ਗੁਰੂ ਨਾਨਕ ਸਾਹਿਬ ਸੰਨ 1469 ਵਿਚ ਇੱਥੇ ਹੀ ਪੈਦਾ ਹੋਏ ਸਨ। ਰਾਇ ਬੁਲਾਰ ਜਵਾਨ ਗੁਰੂ ਨਾਨਕ ਦਾ ਦਿਲੀ ਸਤਿਕਾਰ ਕਰਦਾ ਸੀ। ਸਾਖੀਆਂ ਮੁਤਾਬਕ ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਕਿਹਾ, ਤੇਰਾ ਬੇਟਾ ਇੱਕ ਵੱਡਾ ਆਦਮੀ ਹੈ। ਇਹ ਮੇਰੇ ਸ਼ਹਿਰ ਦੀ ਖ਼ੁਸ਼ਕਿਸਮਤੀ ਹੈ। ਇਕ ਹੋਰ ਸਾਖੀ ਹੈ ਕਿ ਇੱਕ ਵਾਰ ਰਾਇ ਬੁਲਾਰ ਨੇ ਜੁੱਤੀ ਉਤਾਰ ਕੇ ਨੰਗੇ ਪੈਰੀਂ ਗੁਰੂ ਸਾਹਿਬ ਕੋਲ ਜਾ ਕੇ ਹੱਥ ਜੋੜ ਕੇ ਬੱਚੇ ਦੀ ਮੁਰਾਦ ਮੰਗੀ। ਬਾਬਾ ਜੀ ਨੇ ਕੁਝ ਦੇਰ ਸੋਚ ਕੇ ਆਖਿਆ, ਜਾਹ ਤੇਰੀ ਮੁਰਾਦ ਪੂਰੀ ਹੋਈ।' ਸਾਲ ਬਾਅਦ ਰਾਇ ਬੁਲਾਰ ਦੇ ਘਰ ਬੇਟਾ ਹੋਇਆ। ਰਾਇ ਬੁਲਾਰ ਏਨਾ ਖ਼ੁਸ਼ ਹੋਏ ਕਿ ਉਨ੍ਹਾਂ ਵੱਡੀ ਦਾਅਵਤ ਕੀਤੀ। ਇਸ ਵੱਡੇ ਇਕੱਠ ਵਿੱਚ ਸ਼ੁਕਰਾਨੇ ਵਜੋਂ ਰਾਇ ਬੁਲਾਰ ਨੇ ਆਪਣੀ ਅੱਧੀ ਜ਼ਮੀਨ ਬਾਬਾ ਨਾਨਕ ਜੀ ਦੇ ਨਾਮ ਇੰਤਕਾਲ ਕਰਵਾ ਕੇ ਐਲਾਨਨਾਮਾ ਜਾਰੀ ਕੀਤਾ। ਇਹ ਹਕੀਕਤ ਹੈ ਕਿ ਇਸ ਜ਼ਮੀਨ ਦੇ ਮਾਲਕ ਕਾਸ਼ਤਕਾਰ ਸਭ ਭੱਟੀ ਸਰਦਾਰ ਹਨ ਪਰ ਕਾਗਜ਼ਾਂ ਵਿੱਚ ਨਾਨਕ ਜੀ ਦਾ ਨਾਮ ਹੀ ਹੈ। ਇਹ ਸਾਰੀ ਜ਼ਮੀਨ ਤਕਰੀਬਨ 18,750 ਏਕੜ ਹੈ। ਜਦੋਂ ਰਾਇ ਬੁਲਾਰ ਸੰਨ 1515 ਈਸਵੀ ਵਿਚ ਅਕਾਲ ਚਲਾਣਾ ਕਰ ਗਿਆ ਤਾਂ ਗੁਰੂ ਜੀ ਉਸ ਦੇ ਬਿਸਤਰ ਕੋਲ ਖੜ੍ਹੇ ਸਨ।

ਇਕ ਵਾਰ ਮਹਿਤਾ ਕਾਲੂ ਨੇ 20 ਰੁਪਏ ਗੁਰੂ ਨਾਨਕ ਨੂੰ ਵਪਾਰ ਦੇ ਪੱਖੋਂ ਦਿੱਤੇ ਤਾਂ ਜੋ ਨਫ਼ਾ ਹੋ ਸਕੇ ਪਰ ਗੁਰੂ ਜੀ ਨੇ ਭੁੱਖੇ ਸਾਧਾਂ ਅਤੇ ਫ਼ਕੀਰਾਂ ਵਿੱਚ ਵੰਡ ਦਿੱਤੇ। ਜਦੋਂ ਮਹਿਤਾ ਕਾਲੂ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਹ ਬਹੁਤ ਗੁੱਸੇ ਹੋਇਆ ਅਤੇ ਨਾਨਕ ਨੂੰ ਖ਼ੂਬ ਝਿੜਕਿਆ। ਜਦੋਂ ਰਾਇ ਬੁਲਾਰ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਸ ਨੇ ਮਹਿਤਾ ਕਾਲੂ ਨੂੰ ਆਖਿਆ ਕਿ ਬਾਲਕ ਨਾਨਕ ਨਾਲ ਨਾਰਾਜ਼ ਨਾ ਹੋਵੇ। ਰਾਇ ਬੁਲਾਰ ਨੇ ਆਪਣੇ ਨੌਕਰ ਨੂੰ ਕਿਹਾ ਕਿ ਘਰੋਂ 20 ਰੁਪਏ ਲਿਆ ਕੇ ਮਹਿਤਾ ਕਾਲੂ ਨੂੰ ਦੇ ਜਾਵੀਂ। ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਇੱਥੋਂ ਤਕ ਕਿਹਾ ਕਿ ਬਾਲਕ ਨਾਨਕ ਨੂੰ ਪੁਸ਼ਾਕਾਂ, ਸਾਰਾ ਖਰਚਾ ਅਤੇ ਖ਼ਿਦਮਤ ਅਸੀਂ ਕਰਾਂਗੇ। ਇੰਜ ਰਾਇ ਬੁਲਾਰ ਨੂੰ ਗੁਰੂ ਸਾਹਿਬ ਨਾਲ ਅੰਤਾਂ ਦਾ ਪਿਆਰ ਸੀ। ਜਦੋਂ ਗੁਰੂ ਜੀ ਦੂਰ-ਦੁਰਾਡੇ ਉਦਾਸੀਆਂ ਤੋਂ ਬਾਅਦ ਘਰ ਆਉਂਦੇ ਤਾਂ ਰਾਇ ਬੁਲਾਰ ਉਨ੍ਹਾਂ ਦੀ ਖ਼ੂਬ ਸੇਵਾ ਕਰਦੇ। ਇੱਕ ਵਾਰ ਗੁਰੂ ਸਾਹਿਬ ਨੇ ਰਾਇ ਬੁਲਾਰ ਕੋਲ ਪਾਣੀ ਦੀ ਘਾਟ ਦਾ ਜ਼ਿਕਰ ਕੀਤਾ ਤਾਂ ਰਾਇ ਸਾਹਿਬ ਨੇ ਨਾਨਕਸਰ ਇੱਕ ਤਾਲਾਬ ਤਾਮੀਰ ਕਰਾ ਦਿੱਤਾ। ਇਹ ਤਲਾਬ ਅੱਜ ਵੀ ਨਨਕਾਣਾ ਸਾਹਿਬ ਵਿੱਚ ਮੌਜੂਦ ਹੈ। ਇਹ ਗੁਰਦੁਆਰਾ ਬਾਲ ਲੀਲਾ ਦੇ ਨੇੜੇ ਹੈ। ਰਾਇ ਬੁਲਾਰ ਨੇ ਜ਼ਮੀਨ ਤੋਂ ਇਲਾਵਾ 31 ਰੁਪਏ ਸਾਲਾਨਾ ਜਾਗੀਰ ਵੀ ਲਗਵਾਈ ਸੀ।

**ਨਵਾਬ ਦੌਲਤ ਖਾਂ ਲੋਧੀ** : ਦੌਲਤ ਖਾਂ ਲੋਧੀ, ਇਬਰਾਹਿਮ ਲੋਧੀ ਵੱਲੋਂ ਥਾਪਿਆ ਹੋਇਆ ਪੰਜਾਬ ਦਾ ਗਵਰਨਰ ਸੀ। ਸੁਲਤਾਨਪੁਰ ਦਾ ਇਲਾਕਾ ਦੌਲਤ ਖਾਂ ਨੂੰ ਜਗੀਰ ਵਜੋਂ ਮਿਲਿਆ ਸੀ। ਬਾਬਰ ਨੇ ਇਸ ਨੂੰ ਮਦਦ ਦਾ ਭਰੋਸਾ ਦੇ ਕੇ ਹਿੰਦੁਸਤਾਨ 'ਤੇ ਚੜ੍ਹਾਈ ਕਰਨ ਦਾ ਭਰੋਸਾ ਦਿੱਤਾ ਸੀ। ਆਖਰ ਉਸ ਦੀ ਬਾਬਰ ਨਾਲ ਅਣਬਣ ਹੋ ਗਈ। ਦੌਲਤ ਖਾਂ ਦਾ ਦੇਹਾਂਤ ਸੰਨ 1526 ਨੂੰ ਹੋਇਆ। ਉਸ ਦੇ ਦੋ ਬੇਟੇ ਗਾਜ਼ੀ ਖਾਂ ਤੇ ਦਿਲਾਵਰ ਖਾਂ ਬਾਬਰ ਦੇ ਨਾਲ ਰਹੇ। ਦੌਲਤ ਖਾਂ ਦੇ ਕਿਲ੍ਹੇ ਦੇ ਨਿਸ਼ਾਨ ਇਸ ਸਮੇਂ ਸੁਲਤਾਨਪੁਰ ਵਿੱਚ ਦਿਸਦੇ ਹਨ। ਨਵਾਬ ਦੌਲਤ ਖਾਂ ਲੋਧੀ ਇੱਕ ਪ੍ਰਭਾਵਸ਼ਾਲੀ ਤੇ ਖਾਨਦਾਨੀ ਅਫ਼ਗਾਨ ਸੀ। ਇਸ ਦੇ ਇੱਕ ਮੁਲਾਜ਼ਮ ਜੈਰਾਮ ਨਾਲ ਗੁਰੂ ਨਾਨਕ ਦੀ ਭੈਣ ਨਾਨਕੀ ਵਿਆਹੀ ਹੋਈ ਸੀ। ਜੈਰਾਮ ਨੇ ਨੌਜਵਾਨ ਨਾਨਕ ਨੂੰ ਨਵਾਬ ਦੇ ਰਾਸ਼ਨ ਅਤੇ ਸਟੋਰ ਦਾ ਕੀਪਰ ਸੁਲਤਾਨਪੁਰ ਰੱਖ ਲਿਆ। ਗੁਰੂ ਸਾਹਿਬ ਨੇ ਨੌਕਰੀ ਪੂਰੀ ਤਨਦੇਹੀ ਨਾਲ ਕੀਤੀ। ਸਾਰੇ ਪਾਸੇ ਗੁਰੂ ਜੀ ਦੇ ਚੰਗੇ ਸੁਭਾਅ ਤੇ ਇਖ਼ਲਾਕ ਦੀ ਚਰਚਾ ਹੋਣ ਲੱਗੀ। ਇਸ ਵਡਿਆਈ ਦੇ ਚਰਚੇ ਕਈਆਂ ਨੂੰ ਰਾਸ ਨਾ ਆਏ ਅਤੇ ਕ੍ਰੋਧਿਤ ਹੋ ਕੇ ਨਵਾਬ ਨੂੰ ਜਾ ਕਿਹਾ, ਨਾਨਕ ਨੇ ਸਟੋਰਾਂ ਵਿੱਚੋਂ ਦਾਣਾ ਖਤਮ ਕਰ ਦਿੱਤਾ ਹੈ।' ਜਦੋਂ ਦੋ ਵੇਰਾਂ ਸਟੋਰਾਂ ਅਤੇ ਰਿਕਾਰਡ ਦੀ ਪੜਤਾਲ ਕੀਤੀ ਤਾਂ ਉਹ ਬਿਲਕੁਲ ਦਰੁਸਤ ਨਿਕਲੇ। ਗੁਰੂ ਜੀ ਨੇ ਨਵਾਬ ਨੂੰ ਕਿਹਾ, ਇੱਥੇ ਨਾ ਕੋਈ ਹਿੰਦੂ ਹੈ ਤੇ ਨਾ ਮੁਸਲਮਾਨ।' ਨਵਾਬ ਦੌਲਤ ਖਾਂ ਗੁਰੂ ਨਾਨਕ ਦੇਵ ਨਾਲ ਬੇਹੱਦ ਪਿਆਰ ਕਰਦਾ ਸੀ। ਆਖਰ ਗੁਰੂ ਸਾਹਿਬ ਨੇ ਮੋਦੀਖਾਨੇ ਦਾ ਕੰਮ ਛੱਡ ਕੇ 'ਪੈਗ਼ਾਮ ਇਲਾਹੀ' ਨੂੰ ਲੋਕਾਂ ਤਕ ਪਹੁੰਚਾਉਣ ਦਾ ਅਹਿਦ ਕਰ ਲਿਆ। ਜਦੋਂ ਦੌਲਤ ਖਾਂ ਨੂੰ ਪਤਾ ਚੱਲਿਆ ਤਾਂ ਉਸ ਨੇ ਗੁਰੂ ਨਾਨਕ ਜੀ ਨੂੰ ਆਖਿਆ, ਨਾਨਕ ਇਹ ਮੇਰੀ ਬਦਕਿਸਮਤੀ ਹੈ ਕਿ ਤੇਰੇ ਜਿਹਾ ਮੇਰਾ ਅਹਿਲਕਾਰ ਫ਼ਕੀਰ ਹੋ ਗਿਆ ਹੈ।' ਤਵਾਰੀਖ਼ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੀ ਸਿਫ਼ਾਰਸ਼ 'ਤੇ ਕਈ ਨੌਕਰ ਰੱਖੇ। ਗੁਰੂ ਨਾਨਕ ਦੇਵ ਜੀ ਦੇ ਵਿਆਹ ਸਮੇਂ ਦੌਲਤ ਖਾਂ ਨੇ ਕਾਫ਼ੀ ਨਕਦੀ ਅਤੇ ਸਮਾਨ ਦਿੱਤਾ ਸੀ। ਇੱਕ ਵਾਰੀ ਦੌਲਤ ਖਾਂ ਨਮਾਜ਼ ਪੜ੍ਹਦੇ-ਪੜ੍ਹਦੇ ਸੋਚਦੇ ਸਨ ਕਿ ਘੋੜੀ ਦਾ ਛੋਟਾ ਬੱਚਾ ਖੂਹ ਵਿੱਚ ਨਾ ਡਿੱਗ ਪਵੇ। ਇਸ 'ਤੇ ਗੁਰੂ ਨਾਨਕ ਨੇ ਆਖਿਆ, ਨਮਾਜ਼ ਅਦਾ ਕਰਦੇ ਸਮੇਂ ਵਛੇਰੇ ਬਾਰੇ ਸੋਚਦੇ ਰਹੇ।' ਇਸ ਗੱਲ ਨੇ ਨਵਾਬ ਨੂੰ ਏਨਾ ਝੰਜੋੜਿਆ ਕਿ ਉਹ ਹਮੇਸ਼ਾ ਲਈ ਗੁਰੂ ਜੀ ਦਾ ਮੁਰੀਦ ਬਣ ਗਿਆ। ਨਵਾਬ ਦੌਲਤ ਖਾਂ ਬਾਅਦ ਵਿਚ ਪੂਰੇ ਪੰਜਾਬ ਦਾ ਗਵਰਨਰ ਬਣਿਆ, ਜਿਸ ਦੀ ਰਾਜਧਾਨੀ ਲਾਹੌਰ ਸੀ।

**ਅਫ਼ਗਾਨਿਸਤਾਨ ਦਾ ਹਾਕਮ** : ਜਦੋਂ ਗੁਰੂ ਜੀ ਆਪਣੀ ਇੱਕ ਉਦਾਸੀ ਸਮੇਂ ਅਫ਼ਗਾਨਿਸਤਾਨ ਗਏ ਤਾਂ ਉੱਥੋਂ ਦਾ ਹਾਕਮ ਆਪ ਜੀ ਦੀ ਖ਼ਿਦਮਤ ਵਿੱਚ ਹਾਜ਼ਰ ਹੋਇਆ। ਉਸ ਨੇ ਆਪਣਾ ਤਾਜ ਗੁਰੂ ਸਾਹਿਬ ਦੀ ਨਜ਼ਰ ਕੀਤਾ। ਤਵਾਰੀਖ਼ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਜੀ ਨੇ ਤਾਜ ਮੋੜ ਦਿੱਤਾ। ਇਸ ਤੋਂ ਸਪਸ਼ਟ ਹੈ ਕਿ ਹਾਕਮ ਗੁਰੂ ਜੀ ਲਈ ਕਿੰਨੀ ਸ਼ਰਧਾ ਰੱਖਦਾ ਸੀ।

**ਨਵਾਬ ਫੈਜ਼ ਤਾਲਬ ਖਾਂ**: ਨਵਾਬ ਫੈਜ਼ ਤਾਲਬ ਖਾਂ ਜੂਨਾਗੜ੍ਹ ਦਾ ਨਵਾਬ ਸੀ। ਇਹ ਗੁਰੂ ਜੀ ਨਾਲ ਮੁਹੱਬਤ ਤੇ ਅਕੀਦਤ ਰੱਖਣ ਵਾਲਿਆਂ ਵਿੱਚੋਂ ਇੱਕ ਸੀ। ਚੇਤ 1470 ਬਿਕਰਮੀ ਵਿੱਚ ਗੁਰੂ ਜੀ ਜੂਨਾਗੜ੍ਹ ਗਏ। ਨਵਾਬ ਉਨ੍ਹਾਂ ਦਾ ਕਲਾਮ ਸੁਣ ਕੇ ਖ਼ੁਸ਼ ਹੋਇਆ ਅਤੇ ਇੱਜ਼ਤ ਬਖ਼ਸ਼ੀ। ਨਵਾਬ ਨੇ ਗੁਰੂ ਜੀ ਦੀਆਂ ਖੜਾਵਾਂ ਯਾਦਗਾਰੀ ਨਿਸ਼ਾਨੀ ਵਜੋਂ ਰੱਖ ਲਈਆਂ, ਜੋ ਅਜੇ ਤਕ ਕਿਲ੍ਹੇ ਕੋਲ ਇੱਕ ਧਰਮਸ਼ਾਲਾ ਵਿੱਚ



ਪਈਆਂ ਹਨ। ਇਸ ਦੀ ਪੂਜਾ 'ਨਾਨਕ ਸ਼ਾਹੀ ਫਕੀਰ' ਕਰਦੇ ਹਨ। ਨਵਾਬ ਨੇ ਗੁਰੂ ਨਾਨਕ ਦੇ ਕਹਿਣ 'ਤੇ ਸ਼ਹਿਰਾਂ-ਪਿੰਡਾਂ ਵਿੱਚ ਲੰਗਰ ਸ਼ੁਰੂ ਕਰ ਦਿੱਤੇ ਸਨ।

ਜ਼ਹੀਰ-ਉਦ-ਦੀਨ ਮੁਹੰਮਦ ਬਾਬਰ: ਬਾਬਰ (1483-1530) ਹਿੰਦੁਸਤਾਨ ਵਿੱਚ ਮੁਗ਼ਲ ਹਕੂਮਤ ਦਾ ਬਾਨੀ ਸੀ। ਉਹ ਇੱਕ ਸ਼ਾਇਰ ਵੀ ਸੀ। ਸਰੋਤਾਂ ਮੁਤਾਬਕ ਗੁਰੂ ਨਾਨਕ ਅਤੇ ਬਾਬਰ ਦੀ ਮੁਲਾਕਾਤ ਸੰਨ 1520 ਵਿੱਚ ਹੋਈ ਜਦੋਂ ਬਾਬਰ ਨੇ ਸੈਦਪੁਰ (ਏਮਨਾਬਾਦ, ਗੁੱਜਰਾਂਵਾਲਾ) 'ਤੇ ਹਮਲਾ ਕੀਤਾ ਸੀ। ਬਾਬਰ ਦੇ ਸਿਪਾਹੀਆਂ ਨੇ ਬੜੇ ਜ਼ੁਲਮ ਕਰਕੇ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਪੁਰਾਤਨ ਜਨਮ ਸਾਖੀ ਮੁਤਾਬਕ ਗੁਰੂ ਨਾਨਕ ਦੇਵ ਅਤੇ ਭਾਈ ਮਰਦਾਨਾ ਵੀ ਕੈਦ ਵਿੱਚ ਪਾ ਦਿੱਤੇ ਗਏ ਸਨ। ਜਦੋਂ ਫ਼ੌਜੀਆਂ ਨੇ ਬਾਬਰ ਨੂੰ ਗੁਰੂ ਨਾਨਕ ਬਾਰੇ ਦੱਸਿਆ ਤਾਂ ਉਸ ਕਿਹਾ, ਜੇਕਰ ਅਜਿਹੇ ਪਵਿੱਤਰ ਪੁਰਖ ਹਨ ਤਾਂ ਸ਼ਹਿਰ ਨੂੰ ਤਬਾਹ ਨਹੀਂ ਕਰਨਾ ਚਾਹੀਦਾ ਸੀ।' ਕਹਿੰਦੇ ਹਨ ਕਿ ਬਾਬਰ ਨੇ ਗੁਰੂ ਜੀ ਦੇ ਪੈਰਾਂ ਨੂੰ ਚੁੰਮਿਆ ਅਤੇ ਕਿਹਾ ਕਿ ਇਸ ਫ਼ਕੀਰ ਦੇ ਮੁਖੜੇ ਤੋਂ ਅੱਲ੍ਹਾ ਦੇ ਦੀਦਾਰ ਹੁੰਦੇ ਹਨ। ਸਾਰੇ ਮੁਸਲਮਾਨ ਅਤੇ ਹਿੰਦੂ ਗੁਰੂ ਨਾਨਕ ਦੇਵ ਅੱਗੇ ਨਤਮਸਤਕ ਹੋਏ। ਬਾਬਰ ਨੇ ਗੁਰੂ ਸਾਹਿਬ ਨੂੰ ਕੁਝ ਮੰਗਣ ਲਈ ਆਖਿਆ। ਗੁਰੂ ਸਾਹਿਬ ਨੇ ਬਾਬਰ ਨੂੰ ਕਿਹਾ ਕਿ ਸੈਦਪੁਰ ਦੇ ਸਾਰੇ ਕੈਦੀ ਛੱਡ ਦੇਵੇ ਅਤੇ ਉਨ੍ਹਾਂ ਦਾ ਸਮਾਨ ਵਾਪਸ ਕਰ ਦੇਵੇ। ਸਾਰੇ ਕੈਦੀ ਰਿਹਾਅ ਕੀਤੇ ਗਏ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬ ਨੇ ਬਾਬਰ ਦੇ ਹਮਲੇ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਚਾਰ ਤੁਕਾਂ ਨੂੰ 'ਬਾਬਰਬਾਣੀ' ਆਖਿਆ ਜਾਂਦਾ ਹੈ। ਕਈ ਲੇਖਕ ਇਹ ਵੀ ਲਿਖਦੇ ਹਨ ਕਿ ਬਾਬਰ ਨੇ ਗੁਰੂ ਸਾਹਿਬ ਨਾਲ ਅਹਿਦ ਕੀਤਾ ਸੀ ਕਿ ਗੁਰੂ ਦੇ ਸਿੱਖਾਂ ਤੋਂ ਜਜ਼ੀਆ ਨਹੀਂ ਲਿਆ ਜਾਵੇਗਾ। ਇਸ ਦਾ ਸੰਕੇਤ ਆਸਾ ਮਹਲਾ ਅੰਗ 430 'ਤੇ ਵੀ ਆਇਆ ਹੈ। ਬਾਬਰ ਦੀ 26 ਦਸੰਬਰ 1530 ਨੂੰ ਆਗਰੇ ਵਿੱਚ ਮੌਤ ਹੋਈ ਪਰ ਉਸ ਦੀ ਕਬਰ ਕਾਬਲ ਦੇ ਇੱਕ ਬਾਗ਼ ਵਿੱਚ ਹੈ।

**ਸ਼ੇਖ਼ ਫ਼ਰੀਦ** : ਸ਼ੇਖ਼ ਫ਼ਰੀਦ ਨੂੰ ਸਿੱਖ ਤਵਾਰੀਖ਼ ਵਿੱਚ ਸ਼ੇਖ਼ ਬ੍ਰਹਮ, ਸ਼ੇਖ਼ ਅਬਰਾਹੀਮ, ਫ਼ਰੀਦ ਸਾਨੀ, ਹਲਮਜਾ, ਸ਼ਾਲਸ਼ ਫ਼ਰੀਦ ਆਦਿ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਪੁਰਾਣੀਆਂ ਸਾਖੀਆਂ ਤੇ ਨਾਨਕ ਪ੍ਰਕਾਸ਼ ਵਿੱਚ ਵੀ ਸ਼ੇਖ਼ ਬ੍ਰਹਮ ਨਾਂ ਹੀ ਆਇਆ ਹੈ। ਸ਼ੇਖ਼ ਫ਼ਰੀਦ ਜੀ ਨੂੰ ਗੁਰੂ ਨਾਨਕ ਦੇਵ ਜੀ ਨਾਲ ਬੜਾ ਪਿਆਰ ਤੇ ਖਲੂਸ ਸੀ। ਉਨ੍ਹਾਂ ਦੀ ਮੁਲਾਕਾਤ ਗੁਰੂ ਸਾਹਿਬ ਨਾਲ ਕਈ ਵਾਰ ਹੋਈ। ਇਕ ਜਨਮ ਸਾਖੀ ਮੁਤਾਬਕ ਇੱਕ ਵਾਰ ਜਦੋਂ ਫ਼ਰੀਦ ਜੀ ਗੁਰੂ ਸਾਹਿਬ ਨੂੰ ਮਿਲੇ ਤੇ ਖ਼ੁਸ਼ੀ ਵਿੱਚ ਆਖਿਆ, ਉਹ ਭਾਈ ਸਾਹਿਬ ਅੱਜ ਖ਼ੁਦਾ ਸਾਡੇ 'ਤੇ ਮਿਹਰਬਾਨ ਹੋਇਆ ਏ, ਜੋ ਆਪ ਦਾ ਦੀਦਾਰ ਹੋਇਆ ਏ।' ਤੇ ਦੋਵੇਂ ਉੱਠ ਕੇ ਆਪਸ ਵਿਚ ਮਿਲੇ ਤੇ ਬੈਠ ਗਏ। ਇਕ ਵਾਰੀ ਗੁਰੂ ਸਾਹਿਬ ਨੇ ਫ਼ਰੀਦ ਸਾਹਿਬ ਦੇ ਗਲੇ ਮਿਲ ਕੇ ਇੱਕ ਸ਼ਬਦ ਦਾ ਉਚਾਰਨ ਵੀ ਕੀਤਾ।

ਗੁਰੂ ਸਾਹਿਬ ਦਾ ਧਰਮ ਇਕੱਤਰਤਾ ਤੇ ਮਿਲਾਪ ਦਾ ਧਰਮ ਸੀ। ਬਾਬਾ ਫ਼ਰੀਦ ਜੀ ਗੁਰੂ ਸਾਹਿਬ ਨਾਲ ਦਸ ਸਾਲ ਮਿਲ ਕੇ ਲੋਕਾਂ ਨੂੰ ਅੱਲ੍ਹਾ ਦਾ ਰਸਤਾ ਦੱਸਦੇ ਰਹੇ। ਬਾਬਾ ਫ਼ਰੀਦ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹੈ।

**ਪੀਰ ਜਲਾਲ** : ਤਵਾਰੀਖ਼ ਵਿਚ ਅੰਕਿਤ ਹੈ ਕਿ ਪੀਰ ਜਲਾਲ ਨੂੰ ਗੁਰੂ ਸਾਹਿਬ ਨਾਲ ਜਿਥੇ ਪਿਆਰ ਸੀ ਉੱਥੇ ਉਹ ਗੁਰੂ ਸਾਹਿਬ ਦੀ ਬੜੀ ਇੱਜ਼ਤ ਕਰਦਾ ਸੀ। ਪੀਰ ਜਲਾਲ ਨੇ ਆਖਿਆ, "ਫ਼ਕੀਰਾਂ ਦਾ ਦੀਦਾਰ ਖ਼ੁਦਾ ਦਾ ਦੀਦਾਰ ਏ।" ਉਹ ਗੁਰੂ ਸਾਹਿਬ ਨਾਲ ਬਚਨ ਬਿਲਾਸ ਕਰਕੇ ਆਨੰਦਤ ਹੁੰਦਾ। ਜਦੋਂ ਪੀਰ ਜਲਾਲ ਗੁਰੂ ਸਾਹਿਬ ਨੂੰ ਮਿਲਿਆ ਤਾਂ ਗੁਰੂ ਜੀ ਨੇ ਉਸ ਨੂੰ ਨੇਕ ਤੇ ਪਵਿੱਤਰ ਸਮਝ ਕੇ ਉਠ ਕੇ ਉਸ ਨਾਲ ਦਸਤਪੰਜਾ ਕੀਤਾ।

**ਮੀਆਂ ਮਿੱਠਾ** : ਮੀਆਂ ਮਿੱਠਾ ਇੱਕ ਪਵਿੱਤਰ ਰੂਹ ਸੀ, ਜੋ ਪਿੰਡ ਕੋਟਲਾ ਮੀਆਂ ਮਿੱਠਾ (ਸਿਆਲਕੋਟ ਪਾਕਿਸਤਾਨ) ਰਹਿੰਦਾ ਸੀ। ਉਹ ਗੁਰੂ ਸਾਹਿਬ ਨੂੰ ਉਸ ਸਮੇਂ ਮਿਲਿਆ ਜਦੋਂ ਗੁਰੂ ਸਾਹਿਬ ਉਸ ਦੇ ਪਿੰਡ ਵਿੱਚੋਂ ਗੁਜ਼ਰ ਰਹੇ ਸਨ ਅਤੇ ਦੋਵਾਂ ਨੇ ਬਹਿ ਕੇ ਮੁਲਾਕਾਤ ਕੀਤੀ। ਪੁਰਾਤਨ ਜਨਮ ਸਾਖੀ ਮੁਤਾਬਕ ਮੀਆਂ ਮਿੱਠਾ ਨੇ ਕਿਹਾ ਦੋ ਨਾਂ ਉੱਤਮ ਹਨ, ਪਹਿਲਾ ਖ਼ੁਦਾ ਅਤੇ ਦੂਜਾ ਪੈਗੰਬਰ। ਪਹਿਲਾਂ ਨਾਂ ਖ਼ੁਦਾ ਦਾ ਹੈ ਜਿਸ ਦੀ ਸਰਦਲ ਅੱਗੇ ਅਨੇਕਾਂ ਪੈਗੰਬਰ (ਨਬੀ) ਬੈਠੇ ਹਨ। ਗੁਰੂ ਜੀ ਨੇ ਉਸ ਨੂੰ ਜਵਾਬ ਦੇ ਕੇ ਤਸੱਲੀ ਕਰਾ ਦਿੱਤੀ। ਉਹ ਆਮ ਤੌਰ 'ਤੇ ਗੁਰੂ ਸਾਹਿਬ ਨੂੰ ਆਖਦਾ, "ਨਾਨਕ ਜੀ ਆਪ ਬਜ਼ੁਰਗ ਹੋ ਖ਼ੁਦਾ ਨੇ ਤੁਹਾਨੂੰ ਬਜ਼ੁਰਗੀ ਬਖ਼ਸ਼ੀ ਏ।"

**ਪੀਰ ਅਬਦੁਲ ਰਹਿਮਾਨ** : ਇਕ ਵਾਰ ਗੁਰੂ ਸਾਹਿਬ ਦੀ ਮੁਲਾਕਾਤ ਪੀਰ ਅਬਦੁਲ ਰਹਿਮਾਨ ਨਾਲ ਹੋਈ ਜਿਹੜਾ ਬੜੀ ਇੱਜ਼ਤ ਤੇ ਖਲੂਸ ਨਾਲ ਪੇਸ਼ ਆਇਆ। ਉਹ ਗੁਰੂ ਸਾਹਿਬ ਨੂੰ ਆਪਣੇ ਹੁਜਰੇ ਵਿਚ ਲੈ ਗਿਆ। ਉੱਥੇ ਗੁਰੂ ਸਾਹਿਬ ਨਾਲ ਵਿਚਾਰਾਂ ਕੀਤੀਆਂ ਅਤੇ ਬੜੀ ਖ਼ਿਦਮਤ ਕੀਤੀ। ਮੁਲਾਕਾਤ ਦਾ ਜ਼ਿਕਰ ਵੀ ਜਨਮਸਾਖੀ ਵਿਚ ਆਇਆ ਹੈ।

**ਸ਼ਾਹ ਸ਼ਰਫ** : ਸ਼ਾਹ ਸ਼ਰਫ ਇਕ ਮੁਸਲਮਾਨ ਫ਼ਕੀਰ ਸੀ। ਉਹ ਗੁਰੂ ਜੀ ਨਾਲ ਬੜਾ ਪਿਆਰ ਕਰਦਾ ਸੀ। ਗੁਰਬੰਸਾਵਲੀ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬ ਨੇ ਉਸ ਨੂੰ ਆਪਣੇ ਮਿਸ਼ਨ ਦਾ ਪ੍ਰਚਾਰਕ ਮੁਕੱਰਰ ਕੀਤਾ ਸੀ।

**ਉਬਾਰੇ ਖ਼ਾਨ** : ਜਨਮਸਾਖੀ ਵਿਚ ਜ਼ਿਕਰ ਆਉਂਦਾ ਹੈ ਕਿ ਉਬਾਰੇ ਖ਼ਾਨ ਨੇ ਗੁਰੂ ਨਾਨਕ ਨੂੰ ਬੜੇ ਸਤਿਕਾਰ ਤੇ ਪ੍ਰੇਮ ਨਾਲ ਇਕ ਕੱਪੜਾ ਭੇਟ ਕੀਤਾ ਸੀ। ਗੁਰੂ ਸਾਹਿਬ ਨੇ ਉਸ ਦੀਆਂ ਦੋ ਚਾਦਰਾਂ ਬਣਵਾਈਆਂ। ਇੱਕ ਆਪਣੇ ਪਿਆਰੇ ਸਾਥੀ ਭਾਈ ਮਰਦਾਨੇ ਨੂੰ ਦਿੱਤੀ ਤੇ ਇੱਕ ਆਪਣੇ ਕੋਲ ਰੱਖੀ।

**ਬਾਬਾ ਬੁੱਢਣ ਸ਼ਾਹ** : ਇਹ ਮੁਸਲਮਾਨ ਫ਼ਕੀਰ ਗੁਰੂ ਨਾਨਕ ਦਾ ਬੜਾ ਉਪਾਸ਼ਕ ਸੀ। ਇੱਕ ਵਾਰ ਉਸ ਨੇ ਗੁਰੂ ਸਾਹਿਬ ਨੂੰ ਪਿਆਰ ਨਾਲ ਬੱਕਰੀ ਦਾ ਦੁੱਧ ਨਜ਼ਰ ਕੀਤਾ ਤਾਂ ਗੁਰੂ ਸਾਹਿਬ ਨੇ ਕਬੂਲ ਕੀਤਾ। ਇਸ ਦਾ ਜ਼ਿਕਰ ਵੀ 'ਗੁਰਬੰਸਾਵਲੀ' ਅਤੇ 'ਗੁਰਧਾਮ ਦੀਦਾਰ' ਪੁਸਤਕਾਂ ਵਿੱਚ ਮਿਲਦਾ ਹੈ।

**ਮੀਰ ਸਈਦ ਹਸਨ** : ਇਹ ਤਲਵੰਡੀ ਦਾ ਰਹਿਣ ਵਾਲਾ ਬਜ਼ੁਰਗ ਮੁਸਲਮਾਨ ਸੀ। ਉਸ ਦੇ ਦਿਲ ਵਿਚ ਗੁਰੂ ਨਾਨਕ ਸਾਹਿਬ ਲਈ ਬੜੀ ਇੱਜ਼ਤ ਤੇ ਮੁਹੱਬਤ ਸੀ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਮੀਰ ਸਈਦ ਹਸਨ ਆਪਣੇ ਇਲਾਕੇ ਦਾ ਵਲੀ ਸੀ। ਕਰਾਮਾਤੀ ਬੇਲਾਗ ਪੀਰ ਮੰਨਿਆ ਜਾਂਦਾ ਸੀ। ਇਹ ਗੁਰੂ ਸਾਹਿਬ ਦੇ ਪਿਤਾ ਮਹਿਤਾ ਕਾਲੂ ਜੀ ਦੇ ਘਰ ਦੇ ਲਾਗੇ ਹੀ ਰਹਿੰਦਾ ਸੀ। ਉਸ ਨੇ ਗੁਰੂ ਸਾਹਿਬ ਨੂੰ ਦੀਨੀ ਤੇ ਦੁਨਿਆਈ ਇਲਮ ਪੜ੍ਹਾਇਆ। ਇਸ ਦਾ ਜ਼ਿਕਰ 'ਤਵਾਰੀਖ ਗੁਰੂ ਖ਼ਾਲਸਾ' ਅਤੇ 'ਗੁਰੂ ਨਾਨਕ ਚਮਤਕਾਰ' ਵਿਚ ਆਇਆ ਹੈ।

**ਵਲੀ ਕੰਧਾਰੀ** : ਵਲੀ ਕੰਧਾਰੀ ਹਸਨ ਅਬਦਾਲ (ਪੰਜਾ ਸਾਹਿਬ) ਦਾ ਰਹਿਣ ਵਾਲਾ ਸੀ। ਇਹ ਫ਼ਕੀਰ ਅਸਲੋਂ ਸਈਦ ਸਬਵਾਰ (ਇਲਾਕਾ ਖ਼ੁਰਾਸਾਨ) ਦਾ ਰਹਿਣ ਵਾਲਾ ਸੀ ਅਤੇ ਤਜ਼ਾਰਤ ਵਿਚ ਮਿਰਜ਼ਾ ਸ਼ਾਹਰੁਖ ਨਾਲ ਆਇਆ ਸੀ।

**ਮੁਲਤਾਨ ਦੇ ਫ਼ਕੀਰ** : ਜਦੋਂ ਗੁਰੂ ਨਾਨਕ ਸਾਹਿਬ ਮੱਕੇ-ਮਦੀਨੇ ਤੋਂ ਵਾਪਸ ਆਏ ਤਾਂ ਮੁਲਤਾਨ ਅੱਪੜੇ। ਉੱਥੋਂ ਦੇ ਫ਼ਕੀਰਾਂ ਨੇ ਗੁਰੂ ਜੀ ਕੋਲ ਇੱਕ ਦੁੱਧ ਦਾ ਪਿਆਲਾ ਲਿਆਂਦਾ ਅਤੇ ਉਨ੍ਹਾਂ ਕੋਲ ਅਜ਼ਮਾਇਸ਼ ਲਈ ਰੱਖ ਦਿੱਤਾ। ਇਹ ਦਾ ਮਤਲਬ ਸੀ ਕਿ ਮੁਲਤਾਨ ਤਾਂ ਇਸ ਦੁੱਧ ਭਰੇ ਪਿਆਲੇ ਵਾਂਗ ਪਹਿਲਾਂ ਹੀ ਪੀਰਾਂ-ਫ਼ਕੀਰਾਂ ਨਾਲ ਭਰਿਆ ਹੋਇਆ ਹੈ। ਆਪ ਦੀ ਇਸ ਥਾਂ ਗੁੰਜਾਇਸ਼ ਨਹੀਂ। ਗੁਰੂ ਸਾਹਿਬ ਨੇ ਇਸ ਵਿਚ ਪਤਾਸੇ ਅਤੇ ਫੁੱਲ ਪਾ ਕੇ ਜਵਾਬ ਦਿੱਤਾ ਕਿ ਅਸੀਂ ਕਿਸੇ ਦੇ ਰਸਤੇ ਵਿਚ ਰੁਕਾਵਟ ਨਹੀਂ ਬਣਾਂਗੇ ਸਗੋਂ ਦੁੱਧ ਵਿਚ ਖੰਡ ਤੇ ਫੁੱਲ ਦੀ ਤਰ੍ਹਾਂ ਰਹਾਂਗੇ। ਇਸ ਜਵਾਬ ਨਾਲ ਮੁਲਤਾਨ ਦੇ ਫ਼ਕੀਰ ਬੜੇ ਖ਼ੁਸ਼ ਹੋਏ ਅਤੇ ਦਿਲ-ਜਾਨ ਨਾਲ ਆਪ ਦੀ ਇੱਜ਼ਤ ਕੀਤੀ। ਮੁਲਤਾਨ ਦੇ ਮੁਸਲਮਾਨਾਂ ਨੇ ਗੁਰੂ ਨਾਨਕ ਦੀ ਇੱਕ ਯਾਦਗਾਰ ਕਾਇਮ ਕੀਤੀ ਹੋਈ ਹੈ ਜੋ ਉਨ੍ਹਾਂ ਦੇ ਦਿਲੀ ਜਜ਼ਬਾਤ ਦੀ ਆਰਸੀ ਹੈ।

**ਭਾਈ ਮਰਦਾਨਾ** : ਭਾਈ ਮਰਦਾਨਾ (1459-1534) ਗੁਰੂ ਨਾਨਕ ਸਾਹਿਬ ਦਾ ਲੰਮੀ ਦੇਰ ਤਕ ਮੁਸਲਮਾਨ ਸਾਥੀ ਰਿਹਾ ਜੋ ਦੇਸ਼-ਵਿਦੇਸ਼ਾਂ ਦੀਆਂ ਉਦਾਸੀਆਂ ਵਿਚ ਹਮਸਫ਼ਰ ਰਿਹਾ। ਇਸ ਦਾ ਜਨਮ ਤਲਵੰਡੀ ਵਿਚ ਲਖੋ ਦੇ ਘਰ ਹੋਇਆ। ਇਸ ਨੇ ਗੁਰੂ ਨਾਨਕ ਦਾ ਸਿੱਖ ਬਣ ਕੇ 'ਭਾਈ' ਪਦ ਪ੍ਰਾਪਤ ਕੀਤਾ। ਇਹ ਰਬਾਬ ਵਜਾ ਕੇ ਗੁਰੂ ਸਾਹਿਬ ਨਾਲ ਕੀਰਤਨ ਕਰਦਾ ਸੀ। ਜਨਮਸਾਖੀਆਂ ਵਿਚ ਇਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਆਈ ਹੈ। ਗੁਰੂ ਸਾਹਿਬ ਨੇ ਇਸ ਨੂੰ ਇਕ ਰਬਾਬ ਖਰੀਦ ਕੇ ਦਿੱਤੀ ਜਿਸ 'ਤੇ ਇਹ ਭਗਤ ਕਬੀਰ, ਤਰਲੋਚਨ, ਰਵਿਦਾਸ, ਧੰਨਾ ਤੇ ਬੇਨੀ ਦੇ ਸ਼ਬਦ ਗਾਉਂਦਾ ਸੀ। ਇਹ ਗੁਰੂ ਸਾਹਿਬ ਦਾ ਬਚਪਨ ਦਾ ਸਾਥੀ ਸੀ ਅਤੇ ਗੁਰੂ ਜੀ ਤੋਂ ਦਸ ਸਾਲ ਵੱਡਾ ਸੀ। ਉਹ ਗੁਰੂ ਨਾਨਕ ਸਾਹਿਬ ਦੀ 'ਧੁਰ ਕੀ ਬਾਣੀ' ਨੂੰ ਰਬਾਬ ਨਾਲ ਉਚਾਰਦਾ ਸੀ। 'ਵਾਰਾਂ ਭਾਈ ਗੁਰਦਾਸ' ਵਿਚ ਜ਼ਿਕਰ ਆਉਂਦਾ ਹੈ :

"ਬਾਬਾ ਗਿਆ ਬਗਦਾਦ ਨੂੰ ਬਾਹਰ ਜਾਏ ਕੀਆ ਅਸਥਾਨਾ
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।"
(ਵਾਰ 1, ਪਾਉੜੀ 35)।

ਮਰਦਾਨਾ ਸੰਨ 1534 ਵਿਚ ਕਰਤਾਰਪੁਰ ਵਿਖੇ ਬੀਮਾਰ ਹੋ ਗਿਆ। ਉਸ ਦੀ ਇੱਛਾ ਮੁਤਾਬਕ

ਬਾਕੀ ਸਫ਼ਾ 32 'ਤੇ

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਦਾ ਧਰਮ ਯੁੱਧ : ਵਿਸ਼ਵ ਦਾ ਮਾਰਗ

**ਬੇਅੰਤ ਕੌਰ ਗਿੱਲ (ਮੋਗਾ)**



ਗੁਰੂ ਨਾਨਕ ਸਾਹਿਬ ਦਾ ਸੁਨੇਹਾ ਮੱਧ-ਕਾਲੀਨ ਭਾਰਤੀ ਇਤਿਹਾਸ ਵਿਚ ਇਕ ਮਹਾਨ ਘਟਨਾ ਹੈ, ਜੋ ਵਿਸ਼ਵ ਦੀ ਅਗਵਾਈ ਕਰਦੀ ਰਹੇਗੀ। ਇਹ 'ਸਰਬੱਤ ਦੇ ਭਲੇ' ਤੇ 'ਸਾਂਝੀਵਾਲਤਾ' ਦਾ ਸੁਨੇਹਾ ਗੁਰੂ ਜੀ ਸਾਨੂੰ ਸੰਨ 1498 ਤੋਂ 1521 ਤੀਕ ਦੇਸ ਪ੍ਰਦੇਸਾਂ ਵਿਚ ਯਾਤਰਾ ਕਰਕੇ ਵੰਡਦੇ ਰਹੇ ਤੇ ਭਾਰਤ ਵਿਚ ਚਲ ਰਹੇ ਹਰ ਫਿਰਕੇ ਤੇ ਧਰਮ ਨੇ ਆਪ ਦੇ ਸੁਨੇਹੇ ਨੂੰ ਬੜੀ ਗੰਭੀਰਤਾ ਨਾਲ ਸੁਣਿਆ, ਜਿਸ ਦਾ ਸਮਾਜ ਤੇ ਰਾਜਨੀਤੀ ਉਪਰ ਡੂੰਘਾ ਪ੍ਰਭਾਵ ਵੀ ਪਿਆ। ਇਸ ਦਾ ਪ੍ਰਮਾਣ ਇਕ ਇਹ ਵੀ ਹੈ ਕਿ ਸੰਨ 1521 ਤੀਕ ਗੁਰੂ ਨਾਨਕ ਸਾਹਿਬ ਜੀ ਨੂੰ ਮੁਸਲਮਾਨਾਂ ਨੇ 'ਹਜ਼ਰਤ ਬਾਬਾ ਨਾਨਕ' ਕਹਿਣਾ ਸ਼ੁਰੂ ਕਰ ਦਿੱਤਾ ਸੀ, ਹਿੰਦੂ ਭਾਈਚਾਰੇ ਨੇ ਆਪ ਨੂੰ 'ਨਾਨਕ ਦੇਵ' ਕਹਿ ਕੇ ਪਿਆਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਨਾਥਾਂ ਜੋਗੀਆਂ ਨੇ ਆਪ ਨੂੰ 'ਨਾਨਕ ਨਾਥ' ਮੰਨ ਲਿਆ ਸੀ। ਆਪ ਦੇ ਨਾਂ ਨਾਲ ਪੀਰ, ਫਕੀਰ ਆਦਿ ਦੇ ਸ਼ਬਦ ਵੀ ਵਰਤੇ ਜਾਣ ਲੱਗ ਪਏ ਸਨ। ਸਿੱਖ ਪੰਥ ਵਿਚ ਆਪ 'ਗੁਰੂ ਨਾਨਕ ਸਾਹਿਬ' ਸਨ।

ਉਰਦੂ ਦਾ ਮਹਾਨ ਸ਼ਾਇਰ ਮੁਹੰਮਦ ਇਕਬਾਲ ਜੋ ਕਿ ਕਸ਼ਮੀਰੀ ਪੰਡਤ ਤੋਂ ਇਸਲਾਮ ਧਾਰਨ ਕਰਕੇ ਮੁਸਲਮਾਨ ਬਣਿਆ ਸੀ, ਉਸ ਨੇ ਗੁਰੂ ਨਾਨਕ ਸਾਹਿਬ ਬਾਰੇ ਬਹੁਤ ਖ਼ੂਬਸੂਰਤ ਨਜ਼ਮ ਲਿਖੀ ਹੈ :

ਕੌਮ ਨੇ ਪੈਗਾਮਿ ਗੌਤਮ ਕੀ
ਜ਼ਰਾ ਪਰਵਾਹ ਨ ਕੀ
ਕਦਰ ਪਹਿਚਾਨੀ ਨ
ਆਪਣੇ ਗੌਹਰਿ ਯਕਦਾਨਾ ਕੀ
ਆਹ ਬਦਕਿਸਮਤ ਰਹੇ
ਆਵਾਜ਼ਿ ਹੱਕ ਸੇ ਬੇਖਬਰ
ਗਾਫ਼ਿਲ ਅਪਣੇ ਫਲ ਕੀ
ਸ਼ੀਰੀਨੀ ਸੇ ਹੋਤਾ ਹੈ ਸ਼ਜਰ
ਆਸ਼ਕਾਰ ਉਸ ਨੇ ਕੀਆ
ਜੋ ਜ਼ਿੰਦਗੀ ਕਾ ਰਾਜ਼ ਥਾ
ਹਿੰਦ ਕੋ ਲੇਕਿਨ ਖਯਾਲੀ
ਫਲਸਫਾ ਪਰ ਨਾਜ਼ ਥਾ
ਸ਼ਮ੍ਹਾ-ਏ-ਹੱਕ ਸੇ
ਜੋ ਮੁਨੱਵਰ ਹੋ ਯਿਹ ਵੋਹ ਮਹਿਫਲ ਨ ਥੀ
ਬਾਰਿਸ਼-ਏ-ਰਹਿਮਤ ਹੁਈ
ਲੇਕਿਨ ਜ਼ਮੀਂ ਕਾਬਿਲ ਨ ਥੀ
ਆਹ ਸ਼ੂਦਰ ਕੀ ਲੀਏ
ਹਿੰਦੁਸਤਾਨ ਗਮਖਾਨਾ ਹੈ
ਦਰਦ-ਏ-ਇਨਸਾਨੀ ਸੇ
ਉਸ ਦਾ ਦਿਲ ਬੇਗਾਨਾ ਹੈ
ਬ੍ਰਹਿਮਨ ਸ਼ਰਸ਼ਾਰ ਹੈ
ਅਬ ਤਕ ਮਏ-ਪਿੰਦਾਰ ਮੇਂ
ਸ਼ਮ੍ਹਾ-ਏ-ਗੌਤਮ ਜਲ ਰਹੀ ਹੈ
ਮਹਫਿਲੇ ਅਗਯਾਰ ਮੇਂ
ਬੁਤਕਦਾ ਫਿਰ ਬਾਅਦ
ਮੁੱਦਤ ਕੇ ਮਗਰ ਰੌਸ਼ਨ ਹੁਆ
ਨੂਰਿ-ਇਬਰਾਹੀਮ ਸੇ
ਆਜ਼ਰ ਕਾ ਘਰ ਰੌਸ਼ਨ ਹੁਆ
ਫਿਰ ਉਠੀ ਆਖਿਰ
ਸਦਾ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦਿ
ਕਾਮਲ ਨੇ ਜਗਾਇਆ ਖ਼ਾਬ ਸੇ

ਇਕਬਾਲ ਸਨਾਤਨੀ ਰਿਸ਼ੀ ਪਰੰਪਰਾ ਨੂੰ ਖਿਆਲੀ ਫਲਸਫਾ ਆਖਦੇ ਹਨ, ਜੋ ਕਿ ਭਾਰਤ ਦੀ ਬੰਜਰ ਵਿਚਾਰਧਾਰਾ ਵਾਲੀ ਜ਼ਮੀਨ ਨੂੰ 'ਬਾਰਿਸ਼-ਏ-ਰਹਿਮਤ' ਨਹੀਂ ਬਣਾ ਸਕੀ। ਸਨਾਤਨੀ ਭਾਰਤੀ ਚੇਤਨਾ ਨੇ ਆਪਣੇ ਮਹਾਤਮਾ ਬੁੱਧ ਵਰਗੇ ਮਹਾਂਪੁਰਖ ਨੂੰ ਸੰਭਾਲਣ ਦੀ ਥਾਂ ਉਸ ਦਾ ਫਲਸਫਾ ਖਤਮ ਕਰ ਦਿੱਤਾ। ਇਕਬਾਲ ਵਾਸਤੇ ਹਿੰਦੋਸਤਾਨ ਉਸ ਟਹਿਣੀ ਵਰਗਾ ਹੈ, ਜਿਸ ਨੂੰ ਆਪਣੇ ਨਾਲ ਲੱਗੇ ਫ਼ਲ ਦੀ ਮਿਠਾਸ ਤੋਂ 'ਗਾਫ਼ਿਲ' (ਸੱਖਣੇ) ਰਹਿਣ ਦੀ ਮਜ਼ਬੂਰੀ ਹੰਢਾਉਣੀ ਪੈਂਦੀ ਹੈ। ਇਸ ਸਥਿਤੀ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਯੋਗਦਾਨ ਦੀ ਅਹਿਮੀਅਤ ਇਸ ਲਈ ਵਧ ਜਾਂਦੀ ਹੈ, ਕਿਉਂਕਿ ਉਹਨਾਂ ਨੇ ਆਪਣੇ ਵਿਵੇਕ ਨਾਲ ਸਨਾਤਨੀਆਂ ਨੂੰ ਹਰਾ ਕੇ ਆਪਣਾ ਗੁਰਮਤਿ ਮਿਸ਼ਨ ਬੁਲੰਦ ਕੀਤਾ। ਇਕਬਾਲ ਨੇ ਇਸ ਨਜ਼ਮ ਵਿਚ ਸਦੀਆਂ ਦੇ ਇਤਿਹਾਸ ਨੂੰ ਇਸ ਤਰ੍ਹਾਂ ਕਲਮਬੰਦ ਕਰ ਦਿੱਤਾ ਜਿਵੇਂ ਕੁੱਜੇ ਵਿਚ ਸਮੁੰਦਰ ਹੁੰਦਾ ਹੈ। ਉਸ ਦਾ ਕਹਿਣਾ 'ਸ਼ੂਦਰ ਕੇ ਲੀਏ ਗਮਖਾਨਾ' ਕਹਿ ਕੇ ਭਾਰਤ ਦੀ ਗੁਲਾਮੀ ਦਾ ਇਤਿਹਾਸ ਚਿਤਰਿਆ ਜਿਸ ਨੂੰ ਦਲਿਤ ਸਮਾਜ ਤੇ ਭਾਰਤ ਵਿਚ ਰਹਿ ਰਹੇ ਕਬੀਲੇ ਅੱਜ ਤੱਕ ਹੰਢਾ ਰਹੇ ਹਨ। 'ਦਰਦ ਇਨਸਾਨੀ' ਤੋਂ ਖਾਲੀ ਭਾਰਤੀ ਸਨਾਤਨੀ ਚਿੰਤਨ ਦੇ ਖਾਰੇ ਸਮੁੰਦਰ ਵਿਚ ਬੁੱਧ ਧਰਮ ਨੇ ਤੂਫਾਨ ਲੈ ਆਉਂਦਾ ਸੀ, ਇਸ ਲਈ ਇਕਬਾਲ ਨੇ ਮਹਾਤਮਾ ਬੁੱਧ ਨੂੰ ਗੌਹਰ-ਏ-ਯਕਦਾਨਾ' ਕਿਹਾ ਹੈ। ਇਕਬਾਲ ਦਾ ਕਹਿਣਾ ਹੈ ਕਿ ਮਹਾਤਮਾ ਬੁੱਧ ਇਨਸਾਨੀਅਤ ਦਾ ਪਾਠ ਪੜ੍ਹਾਉਣ ਲਈ ਜੀਵਿਆ, ਪਰ ਭਾਰਤ ਦੇ ਸਨਾਤਨੀਆਂ ਨੇ ਉਸ ਦੇ ਧਰਮ ਤੇ ਚਿੰਤਨ ਨੂੰ ਭਾਰਤ ਵਿਚੋਂ ਜਲਾਵਤਨ ਕਰ ਦਿੱਤਾ। ਪਰ ਉਹ ਬੇਗਾਨੀਆਂ ਧਰਤੀਆਂ 'ਤੇ ਵਧਿਆ ਫੁਲਿਆ। ਇਕਬਾਲ ਦਾ ਮੰਨਣਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਭਾਰਤ ਵਿਚ ਆਪਣੇ ਚਿੰਤਨ ਨੂੰ ਪ੍ਰਗਟਾ ਕੇ ਭਾਰਤੀ ਲੋਕਾਂ ਦਾ ਭਲਾ ਕੀਤਾ। ਉਹ ਇਸ ਇਲਾਹੀ ਰਹਿਮਤ ਨੂੰ 'ਨੂਰਿ-ਇਬਰਾਹਿਮ' ਦੇ ਬਿੰਬ ਰਾਹੀਂ ਪੇਸ਼ ਕਰਦਾ ਹੈ। ਉਸ ਦਾ ਮੰਨਣਾ ਹੈ ਕਿ ਭਾਰਤ ਦੀ ਬੰਜਰ ਧਰਤੀ ਉੱਤੇ ਮਹਾਤਮਾ ਬੁੱਧ ਨੇ ਉਪਕਾਰ ਕੀਤਾ, ਉਸੇ ਨੂੰ ਗੁਰੂ ਨਾਨਕ ਸਾਹਿਬ ਨੇ ਸੰਪੂਰਨ ਹੋ ਸਕਣ ਵਾਲੇ ਰਾਹੇ ਪਾ ਦਿੱਤਾ। ਇਸ ਕਵਿਤਾ ਰਾਹੀਂ ਇਕਬਾਲ ਨੇ ਗੁਰੂ ਨਾਨਕ ਸਾਹਿਬ ਮਨੁੱਖਤਾ ਦਾ ਸੋਮਾ ਮੰਨ ਕੇ ਖਾਸੀ ਵਡਿਆਈ ਕੀਤੀ ਹੈ। ਗੁਰੂ ਸਾਹਿਬ ਨੇ ਬਚਪਨ ਵਿਚ ਜਨੇਊ ਦੀ ਰਸਮ ਦਾ ਵਿਰੋਧ ਕੀਤਾ ਅਤੇ ਅਜਿਹਾ ਜਨੇਊ ਪਹਿਨਣ ਲਈ ਕਿਹਾ ਜਿਸ ਦਾ ਮਨੁੱਖ ਦੀ ਆਤਮਾ ਨੂੰ ਵੀ ਲਾਭ ਹੋਵੇ :

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ
ਹਈ ਤ ਪਾਡੇ ਘਤੁ ॥
(ਗੁਰੂ ਗ੍ਰੰਥ ਸਾਹਿਬ, ਅੰਗ 471)

ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਭਾਰਤ ਵਿਚ ਅਖੌਤੀ ਧਰਮੀ ਬੰਦਿਆਂ ਦੀ ਭਰਮਾਰ ਸੀ, ਆਪੇ ਬਣੇ ਧਾਰਮਿਕ ਆਗੂਆਂ ਬ੍ਰਾਹਮਣ, ਕਾਜ਼ੀ ਅਤੇ ਜੋਗੀ ਧਰਮ ਦੇ ਨਾਂ 'ਤੇ ਮਨ ਆਈਆਂ ਕਰਦੇ ਸਨ ਅਤੇ ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਫਸਾ ਕੇ ਮਾਨਸਿਕ, ਸਰੀਰਕ ਤੇ ਆਰਥਿਕ ਲੁੱਟ ਕਰਦੇ ਸਨ। ਪੰਡਤਾਂ ਬਾਰੇ ਗੁਰੂ ਸਾਹਿਬ ਨੇ ਕਿਹਾ ਕਿ ਪੰਡਤ ਲੋਕ ਧਾਰਮਿਕ ਪੁਸਤਕਾਂ ਤਾਂ ਜ਼ਰੂਰ ਪੜ੍ਹਦੇ ਸਨ ਪਰ ਉਹਨਾਂ ਵਿਚ ਕੀ ਲਿਖਿਆ ਉਸ ਉੱਪਰ ਵਿਚਾਰ ਨਹੀਂ ਕਰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਗ੍ਰਹਿਸਥੀ ਜੀਵਨ ਨੂੰ ਖਿੜੇ ਮੱਥੇ ਪ੍ਰਵਾਨ ਕਰਦਿਆਂ ਸਾਨੂੰ ਸਭ ਨੂੰ ਗ੍ਰਹਿਸਥੀ ਜੀਵਨ ਵਿਚ ਰਹਿੰਦਿਆਂ ਜੀਵਨ ਜੀਉਣ ਦੀ ਸੋਝੀ ਦਿੱਤੀ। ਆਪ ਜੀ ਦਾ ਵਿਆਹ ਬਟਾਲੇ ਦੇ ਬਾਬਾ ਮੂਲ ਚੰਦ ਜੀ ਦੀ ਬੇਟੀ ਮਾਤਾ ਸੁਲੱਖਣੀ ਜੀ ਨਾਲ ਹੋਇਆ। ਆਪ ਜੀ ਦੇ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲੱਖਮੀ ਦਾਸ ਜੀ ਪੈਦਾ ਹੋਏ। ਗੁਰੂ ਸਾਹਿਬ ਜੀ ਜਿੱਥੇ ਪ੍ਰਭੂ ਪ੍ਰੇਮ ਵਿਚ ਰੰਗੇ ਰਹਿੰਦੇ ਸਨ, ਉੱਥੇ ਉਪਜੀਵਕਾ ਲਈ ਹੱਥੀਂ ਕਾਰ ਵੀ ਕਰਦੇ ਸਨ। ਗੁਰੂ ਸਾਹਿਬ ਨੇ ਖੁਦ ਖੇਤਾਂ ਵਿਚ ਹਲ ਚਲਾ ਕੇ ਦਸਾਂ ਨਹੁੰਆਂ ਦੀ ਕਿਰਤ ਕਰਦਿਆਂ ਖੇਤੀ ਨੂੰ ਉੱਤਮ ਕਰਮ ਦੱਸਿਆ। ਗੁਰੂ ਸਾਹਿਬ ਨੂੰ ਕੀਰਤਨ ਨਾਲ ਬਹੁਤ ਪਿਆਰ ਸੀ, ਕੀਰਤਨ ਨੂੰ ਗੁਰੂ ਸਾਹਿਬ ਪ੍ਰਭੂ ਨਾਲ ਜੁੜਨ ਦਾ ਸਭ ਤੋਂ ਚੰਗਾ ਵਸੀਲਾ ਸਮਝਦੇ ਸਨ। ਪ੍ਰਭੂ-ਪਿਆਰ ਆਪ ਦੇ ਹਿਰਦੇ ਵਿੱਚੋਂ ਝਰਨੇ ਦੀ ਤਰ੍ਹਾਂ ਆਪ ਮੁਹਾਰੇ ਫੁੱਟਦਾ ਸੀ ਜਦ ਅੰਦਰੋਂ ਗੁਰਬਾਣੀ ਦਾ ਪ੍ਰਵਾਹ ਚਲਦਾ ਤਾਂ ਭਾਈ ਮਰਦਾਨੇ ਨੂੰ ਰਬਾਬ ਛੇੜਨ ਲਈ ਆਖਦੇ ਕਿ ਮਰਦਾਨਿਆ ਰਬਾਬ ਵਜਾ, ਗੁਰਬਾਣੀ ਆਈ ਹੈ। ਆਪ ਜੀ ਉਹਨਾਂ ਨੂੰ ਸ਼ਬਦਾਂ ਨੂੰ ਰਾਗਾਂ ਵਿਚ ਬੰਨ੍ਹ ਭਾਈ ਮਰਦਾਨਾ ਜੀ ਨਾਲ ਰਲ ਕੇ ਧੁਰੋਂ ਆਈ ਬਾਣੀ ਦਾ ਕੀਰਤਨ ਕਰਦੇ ਸਨ। ਭਾਈ ਮਰਦਾਨਾ ਜੀ ਤਲਵੰਡੀ ਦੇ ਮਿਰਾਸੀ ਪਰਿਵਾਰ ਦੇ ਬਾਦਰੇ ਦੇ ਸਪੁੱਤਰ ਸਨ। ਉਮਰ ਵਿਚ ਗੁਰੂ ਜੀ ਨਾਲੋਂ ਲਗਪਗ 9 ਸਾਲ ਦੋ ਮਹੀਨੇ ਵੱਡੇ ਸਨ। ਮਰਦਾਨਾ ਜੀ ਨੂੰ ਰਾਗ ਦਾ ਬਹੁਤ ਸ਼ੌਕ ਸੀ ਅਤੇ ਰਬਾਬ ਉਹਨਾਂ ਦਾ ਮਨ ਭਾਉਂਦਾ ਸਾਜ਼ ਸੀ। ਲੱਗਭੱਗ 50 ਸਾਲ ਭਾਈ ਮਰਦਾਨਾ ਜੀ ਗੁਰੂ ਜੀ ਦੀ ਸੰਗਤ ਵਿਚ ਰਹੇ ਅਤੇ ਉਹਨਾਂ ਦਾ ਦੇਹਾਂਤ ਵੀ ਕਰਤਾਰਪੁਰ ਵਿਚ ਸਤਿਗੁਰਾਂ ਦੀ ਸੰਗਤ ਕਰਦਿਆਂ ਹੀ ਹੋਇਆ। ਇਹ ਵੀ ਇਕ ਬਹੁਤ ਵੱਡੀ ਮਿਸਾਲ ਜਾਤਾਂ-ਪਾਤਾਂ ਦਾ ਖੰਡਨ ਕਰਕੇ ਗੁਰੂ ਸਾਹਿਬ ਜੀ ਨੇ ਸੰਗਤ ਕਾਇਮ ਕੀਤੀ।

ਗੁਰੂ ਨਾਨਕ ਸਾਹਿਬ ਜੀ ਦੀ ਵੱਡੀ ਭੈਣ ਬੀਬੀ ਨਾਨਕੀ ਜੀ ਦੇ ਪਤੀ ਭਾਈ ਜੈ ਰਾਮ ਜੀ ਸੁਲਤਾਨਪੁਰ ਦੇ ਨਵਾਬ ਦੌਲਤ ਖਾਨ ਲੋਧੀ ਪਾਸ ਮੁਲਾਜ਼ਮ ਸਨ। ਉਹ ਗੁਰੂ ਨਾਨਕ ਜੀ ਨੂੰ ਤਲਵੰਡੀ ਤੋਂ ਸੁਲਤਾਨਪੁਰ ਲੈ ਆਏ ਅਤੇ ਮੋਦੀਖਾਨੇ ਦਾ ਇੰਚਾਰਜ ਲਵਾ ਦਿੱਤਾ ਉਸ ਸਮੇਂ ਕਿਸਾਨ ਲੋਕ ਆਮ ਤੌਰ 'ਤੇ ਮਾਮਲਾ ਅੰਨ ਦੇ ਰੂਪ ਵਿਚ ਦਿਆ ਕਰਦੇ ਸਨ ਜੋ ਸਰਕਾਰੀ ਗੁਦਾਮਾਂ ਵਿਚ ਜਮਾਂ ਹੋ ਜਾਂਦਾ ਸੀ।

ਸਰਕਾਰੀ ਮੁਲਾਜ਼ਮਾਂ ਨੂੰ ਵੀ ਤਨਖਾਹ ਦਾ ਬਹੁਤਾ ਹਿੱਸਾ ਇਸ ਜਿਨਸ ਵਿੱਚੋਂ ਹੀ ਮਿਲਦਾ ਸੀ। ਜੋ ਗੁਰੂ ਜੀ ਨੂੰ ਪ੍ਰਾਪਤ ਹੋਈ ਅਤੇ ਵੰਡੀ ਜਾਂ ਵੇਚੀ ਗਈ ਜਿਨਸ ਦਾ ਹਿਸਾਬ ਰੱਖਣਾ ਪੈਂਦਾ ਸੀ। ਜਿਹੜੀ ਜਿਨਸ ਵੇਚੀ ਜਾਂਦੀ ਸੀ ਉਸ ਦਾ ਵੱਟਿਆ ਧਨ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਉਣਾ ਹੁੰਦਾ ਸੀ। ਜਿਨਸ ਨੂੰ ਚੋਰੀ ਤੋਂ ਬਚਾਉਣ ਦਾ ਕੰਮ ਵੀ ਮੋਦੀ ਦਾ ਹੀ ਹੁੰਦਾ ਸੀ ਜਦੋਂ ਗੁਰੂ ਸਾਹਿਬ ਨੇ ਮੋਦੀ ਦਾ ਕੰਮ ਸੰਭਾਲਿਆ ਤਾਂ ਉਹਨਾਂ ਦੀ ਉਮਰ ਸਾਢੇ ਪੈਂਤੀ ਸਾਲ ਦੀ ਸੀ। ਇਸ ਨੌਕਰੀ ਮਿਲਣ ਵਿਚ ਉਹਨਾਂ ਨੂੰ ਤਲਵੰਡੀ ਵਿਚਲਾ ਹੱਟੀ ਦਾ ਤਜਰਬਾ ਕੰਮ ਆਇਆ। ਆਮ ਤੌਰ 'ਤੇ ਮੋਦੀ ਸਰਕਾਰੀ ਅਨਾਜ ਨੂੰ ਨਿੱਜੀ ਲੋੜਾਂ ਲਈ ਵਰਤ ਲੈਂਦੇ ਸਨ, ਹਿਸਾਬ ਕਿਤਾਬ ਵਿਚ ਹੇਰਾ-ਫੇਰੀ ਕਰਦੇ ਸਨ। ਪਰ ਗੁਰੂ ਜੀ ਤਾਂ ਆਪਣੀ ਕਮਾਈ ਵੀ ਬਹੁਤਾ ਹਿੱਸਾ ਲੋੜਵੰਦਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਲਾ ਦਿੰਦੇ ਸਨ। ਈਮਾਨਦਾਰੀ ਅਤੇ ਲੋਕ ਸੇਵਾ ਕਾਰਨ ਜਿੱਥੇ ਗੁਰੂ ਸਾਹਿਬ ਬਹੁਤ ਹਰਮਨ ਪਿਆਰੇ ਹੋਏ, ਉੱਥੇ ਕੁਝ ਰਿਸ਼ਵਤਖੋਰ ਮੁਲਾਜ਼ਮ ਆਪ ਜੀ ਤੋਂ ਬਹੁਤ ਚਿੜਦੇ ਸਨ, ਕਿਉਂਕਿ ਗੁਰੂ ਜੀ ਦੀ ਮੌਜੂਦਗੀ ਵਿਚ ਉਹ ਹੇਰਾ ਫੇਰੀ ਨਹੀਂ ਸਨ ਕਰ ਸਕਦੇ। ਅਜਿਹੇ ਲੋਕਾਂ ਦੇ ਕਹਿਣ 'ਤੇ ਇਕ ਵਾਰ ਗੁਰੂ ਜੀ ਦੇ ਹਿਸਾਬ ਅਤੇ ਮੋਦੀਖਾਨੇ ਵਿਚਲੀ ਰਸਦ ਦੀ ਪੜਤਾਲ ਕੀਤੀ ਗਈ। ਪੜਤਾਲ ਹੋਣ ਤੋਂ ਬਾਅਦ ਮੋਦੀਖਾਨੇ ਵਿਚਲਾ ਅਨਾਜ ਕੁਝ ਵੱਧ ਨਿਕਲਿਆ। ਅਸਲ ਵਿਚ ਜੋ ਤਨਖਾਹ ਆਪ ਜੀ ਨੂੰ ਅਨਾਜ ਦੇ ਰੂਪ ਵਿਚ ਮਿਲਦੀ ਸੀ ਉਹ ਵੀ ਆਪ ਜੀ ਮੋਦੀਖਾਨੇ ਵਿਚ ਹੀ ਰੱਖ ਲੈਂਦੇ ਸਨ। ਇਸ ਨਾਲ ਗੁਰੂ ਸਾਹਿਬ ਦੀ ਸ਼ੋਭਾ ਹੋਰ ਫੈਲ ਗਈ ਤੇ ਨਵਾਬ ਦੌਲਤ ਖਾਨ ਵੀ ਗੁਰੂ ਜੀ ਦਾ ਮੁਰੀਦ ਬਣ ਗਿਆ। ਗੁਰੂ ਸਾਹਿਬ ਜੀ ਸਰਬੱਤ ਦਾ ਭਲਾ ਲੋੜਦੇ ਸਨ। ਉਹਨਾਂ ਨੇ ਚਾਰ ਉਦਾਸੀਆਂ ਸੱਚ ਧਰਮ ਦਾ ਮਾਰਗ ਪ੍ਰਚਾਰਨ ਲਈ ਕੀਤੀਆਂ। 'ਸਿੱਧ ਗੋਸਟਿ' ਨਾਮ ਦੀ ਬਾਣੀ ਵਿਚ ਜੋਗੀਆਂ ਦੇ ਪ੍ਰਸ਼ਨ-ਉੱਤਰ ਵਿਚ ਗੁਰੂ ਜੀ ਨੇ ਉਦਾਸੀ ਦਾ ਮਨੋਰਥ ਦੱਸਿਆ

ਸਿੱਧਾਂ ਜੋਗੀਆਂ ਦਾ ਪ੍ਰਸ਼ਨ:-
ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ॥
ਕਿਸੁ ਵਖਰ ਕੇ ਤੁਮ ਵਣਜਾਰੇ ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ॥
(ਗੁਰੂ ਗ੍ਰੰਥ ਸਾਹਿਬ, ਅੰਗ 939)
ਸਤਿਗੁਰਾਂ ਦਾ ਉੱਤਰ:-
ਗੁਰਮੁਖਿ ਖੋਜਤ ਭਏ ਉਦਾਸੀ॥
ਦਰਸਨ ਕੈ ਤਾਈ ਭੇਖ ਨਿਵਾਸੀ॥
ਸਾਚ ਵਖਰ ਕੇ ਹਮ ਵਣਜਾਰੇ॥
ਨਾਨਕ ਗੁਰਮੁਖਿ ਉਤਰਸਿ ਪਾਰੇ॥
(ਗੁਰੂ ਗ੍ਰੰਥ ਸਾਹਿਬ, ਅੰਗ 939)

ਗੁਰੂ ਜੀ ਨੇ ਪਹਿਲੀ ਉਦਾਸੀ ਵਿਚ ਲੋਕਾਂ ਨੂੰ ਪਿੱਤਰਾਂ ਨੂੰ ਭੋਜਨ ਆਦਿ ਦੇਣ ਦੇ ਕਰਮਕਾਂਡਾਂ ਤੋਂ ਰੋਕਿਆ। ਇਸੇ ਉਦਾਸੀ ਵਿਚ ਹੀ ਗੁਰੂ ਸਾਹਿਬ ਮਲਿਕ ਭਾਗੋ ਦਾ ਖਾਣਾ ਠੁਕਰਾ ਕੇ ਤਰਖਾਣ ਦਾ ਕੰਮ ਕਰਦੇ ਭਾਈ ਲਾਲੋ ਦੇ ਖਾਣੇ ਨੂੰ ਤਰਜੀਹ ਦਿੱਤੀ। ਗੁਰੂ ਸਾਹਿਬ ਨੇ ਮਲਿਕ ਭਾਗੋ ਦੇ ਖਾਣੇ ਵਿਚ ਗਰੀਬ ਲੋਕਾਂ ਦਾ ਚੂਸਿਆ ਹੋਇਆ ਖੂਨ ਦੱਸਿਆ ਤੇ ਉਸ ਦਾ ਸ਼ਾਹੀ ਭੋਜਨ ਠੁਕਰਾ ਕੇ ਕਿਰਤ ਦੀ ਮਹਾਨਤਾ ਪੇਸ਼ ਕੀਤੀ ਅਤੇ ਭਾਈ ਲਾਲੋ ਜੀ ਦੀ ਕੋਧਰੇ ਦੀ ਰੋਟੀ ਵਿਚੋਂ ਵੀ ਗੁਰੂ ਜੀ ਨੇ ਅਨੰਦ ਲਿਆ।

ਗੁਰੂ ਸਾਹਿਬ ਦੀ ਇਸ ਸਾਖੀ ਨੇ ਸਾਨੂੰ ਦਸਾਂ ਨਹੁੰਆਂ ਦੀ ਕਿਰਤ ਕਰਕੇ ਜੀਵਨ ਨਿਰਬਾਹ ਲਈ ਪ੍ਰੇਰਿਆ ਹੈ। ਗੁਰੂ ਸਾਹਿਬ ਨੇ ਲੋਕਾਂ ਨੂੰ ਅਵਤਾਰ ਅਤੇ ਮੂਰਤੀ ਪੂਜਾ ਤੋਂ ਰੋਕਿਆ ਅਤੇ ਇਕ ਅਕਾਲ ਪੁਰਖ ਨਾਲ ਜੁੜਨ ਲਈ ਪ੍ਰੇਰਿਆ। ਗੋਰਖ ਮਤੇ ਵਿਚ ਗੁਰੂ ਜੀ ਨੇ ਯੋਗੀਆਂ ਨੂੰ ਸਮਝਾਇਆ ਕਿ ਯੋਗ ਸਾਧਨਾਂ, ਸਮਾਧੀਆਂ ਲਗਾਉਣ ਦੀ ਬਜਾਇ ਮਨੁੱਖਤਾ ਦਾ ਭਲਾ ਕਰਦਿਆ ਜੀਵਨ ਗੁਜ਼ਾਰਨਾ ਚਾਹੀਦਾ ਹੈ। ਗੁਰੂ ਸਾਹਿਬ ਨੇ ਉਦਾਸੀਆਂ ਵਿਚ ਕੌਡੇ ਭੀਲ ਅਤੇ ਸੱਜਣ ਠੱਗ ਵਰਗੇ ਹੋਰ ਬਹੁਤ ਸਾਰੇ ਲੋਕਾਂ ਦਾ ਉਧਾਰ ਕੀਤਾ। ਵੱਡੇ ਪ੍ਰਚਾਰ ਦੌਰੇ ਖਤਮ ਕਰਨ ਮਗਰੋਂ ਗੁਰੂ ਜੀ ਬਾਕੀ ਉਮਰ ਕਰਤਾਰਪੁਰ ਵਿਚ ਗੁਜ਼ਾਰਨ ਦਾ ਫੈਸਲਾ ਲਿਆ। ਗੁਰੂ ਸਾਹਿਬ ਨੇ ਬਾਲ ਵਿਆਹ ਪ੍ਰਥਾ ਦੇ ਵਿਰੁੱਧ ਵੀ ਆਵਾਜ਼ ਉਠਾਈ ਅਤੇ ਸਤੀ ਪ੍ਰਥਾ ਦਾ ਵਿਰੋਧ ਕੀਤਾ। ਜਨਨੀ ਦੇ ਰੂਪ ਵਿਚ ਤਾਂ ਗੁਰੂ ਜੀ ਨੇ ਇਸਤਰੀ ਨੂੰ ਉਚਾਈਆਂ ਦੀਆਂ ਸਿਖਰਾਂ ਤੇ ਪਹੁੰਚਾ ਦਿੱਤਾ। ਗੁਰੂ ਨਾਨਕ ਸਾਹਿਬ ਜੀ ਨੇ ਇਸਤਰੀ ਨੂੰ ਘਰ, ਪਰਿਵਾਰ, ਸਮਾਜ ਵਿਚ ਉਸ ਦਾ ਯੋਗ ਸਥਾਨ ਦਿਵਾਇਆ ਅਤੇ ਜਗਤ-ਜਨਨੀ ਦੇ ਰੂਪ ਵਿਚ ਸਤਿਕਾਰ ਦੀ ਹੱਕਦਾਰ ਬਣਾਇਆ :

ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥
(ਗੁਰੂ ਗ੍ਰੰਥ ਸਾਹਿਬ, ਅੰਗ 473)

ਸਾਨੂੰ ਲੋੜ ਹੈ ਕਿ ਅਸੀਂ ਗੁਰਬਾਣੀ ਨੂੰ ਆਪ ਪੜ੍ਹਨਾ ਵਿਚਾਰਨਾ ਸਿੱਖੀਏ ਤੇ ਗੁਰੂ ਨਾਨਕ ਦੇ ਗਿਆਨ ਤੇ ਚਿੰਤਨ ਨਾਲ ਜੁੜੀਏ ਤਾਂ ਹੀ ਗੁਰੂ ਨਾਨਕ ਦੇ ਸਿੱਖ ਅਖਵਾ ਸਕਦੇ ਹਾਂ ਤੇ ਸਾਡੇ ਗੁਰਪੁਰਬ ਤੇ ਸ਼ਤਾਬਦੀਆਂ ਮਨਾਉਣੇ ਸਫਲ ਹੋ ਸਕਦੇ ਹਨ।

**(ਧੰਨਵਾਦ ਸਹਿਤ : ਪੁਸਤਕ 'ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ' ਵਿਚੋਂ)**

# ਮਾਂ ਗੁਜਰੀ

**ਗੁਰਚਰਨ ਸਿੰਘ ਜਿਊਣਵਾਲਾ**
(# 647 966 3132, 810 449 1079)

ਨਾ ਬਾਤ ਕਰੂੰ ਜਬ ਕੀ ਨਾ ਤਬ ਕੀ, ਬਾਤ ਕਰੂੰ ਅਬ ਕੀ॥
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਤੋ ਸੁੰਨਤ ਹੋਤੀ ਸਭ ਕੀ॥

ਮਾਤਾ ਗੁਜਰੀ ਜੀ ਨੂੰ ਸਿੱਖ ਇਤਿਹਾਸ ਵਿਚੋਂ ਮਨਫੀ ਨਹੀਂ ਕਰ ਸਕਦੇ, ਸਗੋਂ ਮੈਂ ਸਮਝਦਾ ਹਾਂ ਕਿ ਸਾਕਾ ਸਰਹੰਦ ਤੇ ਸਾਕਾ ਚਮਕੌਰ, ਉਨ੍ਹਾਂ ਦੇ ਜ਼ਿਕਰ ਤੋਂ ਬਿਨਾ ਅਧੂਰੇ ਹਨ। ਮਾਤਾ ਗੁਜਰੀ ਜੀ ਇਕ ਸੁਚੱਜੀ ਮਾਂ ਸਨ। ਉਹ ਆਪਣੇ ਬੱਚੇ ਨੂੰ ਆਪਣੇ ਪਿਤਾ, ਦਾਦੇ ਤੇ ਪੜਦਾਦੇ ਵਾਂਗ, ਸਿੱਖ ਲਹਿਰ ਵਾਸਤੇ, ਜੋ ਗੁਰੂ ਨਾਨਕ ਪਾਤਸ਼ਾਹ ਵੇਲੇ ਤੋਂ ਚੱਲੀ ਆ ਰਹੀ ਸੀ, ਸ਼ਹੀਦ ਹੋਣ/ਕੁਰਬਾਨ ਹੋਣ ਦੀਆਂ ਨਸੀਹਤਾਂ ਵੀ ਦਿੰਦੀ ਹੋਵੇਗੀ। ਇਸੇ ਕਰਕੇ ਹੀ ਤਾਂ ਗੁਰੂ ਗੋਬਿੰਦ ਸਿੰਘ ਜੀ ਲੱਖ ਮੁਸੀਬਤਾਂ ਝੱਲਣ ਲਈ ਤਿਆਰ ਹੋ ਗਏ ਪਰ ਪਹਾੜੀ ਰਾਜਿਆਂ ਨਾਲ ਗੈਰ-ਸਿਧਾਂਤਕ ਸਮਝੌਤਾ ਕਰਨ ਲਈ ਤਿਆਰ ਨਹੀਂ ਹੋਏ। ਗੱਲ ਸਿਰਫ ਐਨੀ ਕੁ ਹੀ ਸੀ ਕਿ ਗੁਰੂ ਜੀ ਤੁਸੀਂ ਲੱਖਾਂ ਦਾ ਇਕੱਠ ਕਰੋ, ਖੰਡੇ-ਬਾਟੇ ਦੀ ਪਾਹੁਲ ਦੇ ਕੇ ਸਮਾਜ ਵਿਚ ਤਬਦੀਲੀ ਲਿਆਓ, ਸਾਨੂੰ ਕੋਈ ਇਤਰਾਜ਼ ਨਹੀਂ। ਅਸੀਂ ਤੁਹਾਡੇ ਨਾਲ ਹਾਂ ਪਰ ਜਦੋਂ ਪਾਹੁਲ ਦਾ ਬਾਟਾ ਤਿਆਰ ਹੋ ਜਾਏ, ਸਾਨੂੰ ਇਨ੍ਹਾਂ ਚੂਹੜੇ-ਚਮਾਰਾਂ, ਕੰਮੀਆਂ ਤੇ ਕਾਮਿਆਂ ਦੀ ਕਤਾਰ ਵਿਚ ਖੜੇ ਕਰਕੇ ਖੰਡੇ-ਬਾਟੇ ਦੀ ਪਾਹੁਲ ਲੈਣ ਨੂੰ ਨਾ ਕਹਿਣਾ। ਸਾਡੇ ਲਈ ਇਹ ਸੰਭਵ ਨਹੀਂ। ਪਰ ਗੁਰੂ ਜੀ ਨੇ ਗੈਰ-ਸਿਧਾਂਤਕ ਸਮਝੌਤਾ ਪ੍ਰਵਾਨ ਨਹੀਂ ਕੀਤਾ ਤੇ ਇਸੇ ਕਰਕੇ ਹੀ ਜਦੋਂ ਦਾਅ ਲੱਗਦਾ ਪਹਾੜੀ ਰਾਜੇ ਹੀ ਗੁਰੂ ਜੀ 'ਤੇ ਚੜ੍ਹਾਈ ਕਰਕੇ ਆਏ।

ਇਹ ਤਾਂ ਜੱਗ ਜਾਹਰ ਹੈ ਕਿ ਠੰਡੇ ਬੁਰਜ ਵਿਚ ਮਾਤਾ ਜੀ ਨੇ ਆਪਣੇ ਪੋਤਰਿਆਂ ਨੂੰ ਕਿਹੜਾ ਉਪਦੇਸ਼ ਦਿੱਤਾ ਹੋਵੇਗਾ ਜਿਸ ਕਰਕੇ ਉਹ ਸੂਬਾ ਸਰਹੰਦ ਦੀ ਈਨ ਮੰਨਣ ਤੋਂ ਇਨਕਾਰੀ ਹੋ ਮੌਤ ਨੂੰ ਗਲੇ ਲਗਾ ਗਏ। 'ਨਿੱਕਿਆਂ ਜ਼ਿੰਦਾਂ ਵੱਡਾ ਸਾਕਾ' ਵਾਪਰਿਆ। ਮਾਤਾ ਗੁਜਰੀ ਜੀ ਤੋਂ ਵੀ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਨਾਨਕੀ ਜੀ, ਜਿਸ ਬਾਰੇ ਸਿੱਖ ਇਤਿਹਾਸ ਬਿਲਕੁੱਲ ਚੁੱਪ ਬੈਠਾ ਹੈ, ਨੇ ਵੀ ਛੇਵੇਂ ਪਾਤਸ਼ਾਹ ਦੇ ਪਰਲੋਕ ਸਿਧਾਰਣ ਤੋਂ ਬਾਅਦ ਸਿੱਖ ਲਹਿਰ ਦੀ ਅਗਵਾਈ ਜਿਸ ਤਰ੍ਹਾਂ ਕਾਇਮ ਮੁਕਾਮ ਕੀਤੀ, ਭੁੱਲਣਯੋਗ ਨਹੀਂ ਅਤੇ ਇਸੇ ਹੀ ਤਰੀਕੇ ਮਾਤਾ ਗੁਜਰੀ ਜੀ ਨੇ ਵੀ ਆਪਣੇ ਪਤੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਲਹਿਰ ਦੀ ਵਾਗਡੋਰ ਸੰਭਾਲੀ ਅਤੇ ਸਿੱਖ ਲਹਿਰ ਨੂੰ ਪੈਰਾਂ ਸਿਰ ਖੜਾ ਕਰਨ ਲਈ ਇਸ ਵਿਚ ਰੂਹ ਫੂਕੀ।

ਵਾਰੇ ਵਾਰੇ ਜਾਈਏ ਮਾਤਾ ਗੁਜਰੀ ਜੀ ਦੇ ਉਪਦੇਸ਼ ਦੇ ਕਿ ਛੋਟੀ ਉਮਰ ਦੇ ਬੱਚਿਆਂ ਨੇ ਵੀ ਉਹ ਕੁਝ ਕਰ ਵਿਖਾਇਆ ਜੋ ਅੱਜ ਤਕ ਕਿਸੇ ਵੀ ਮੁਲਕ ਦੇ ਇਤਿਹਾਸ ਵਿਚ ਦਰਜ ਨਹੀਂ। ਇਸ ਦਾ ਮਤਲਬ ਹੈ ਕਿ ਮਾਤਾ ਜੀ ਇਕ ਸੁਚੱਜੇ ਲੀਡਰ ਤੇ ਫੌਜੀ ਜਰਨੈਲ ਵੀ ਸਨ। ਕੁਰਬਾਨ ਜਾਈਏ ਮਾਤਾ ਗੁਜਰੀ ਜੀ ਦੇ ਹੌਂਸਲੇ ਤੋਂ ਜਿਸ ਦਾ ਪਤੀ ਪੰਜ-ਪੰਜ, ਸੱਤ-ਸੱਤ ਸਾਲ ਤਕ ਘਰੋਂ ਗਾਇਬ ਹੋਵੇ, ਪਤਾ ਹੀ ਨਹੀਂ ਕਿ ਉਹ ਕਿਹੜੇ ਸ਼ਹਿਰ ਵਿਚ ਹਨ, ਜਾਂ ਜਿਉਂਦੇ ਵੀ ਹਨ। ਹੋ ਸਕਦਾ ਹੈ ਕਿ ਕਦੀ ਕਦਾਈਂ ਕੋਈ ਗੁਰੂ ਦਾ ਪਿਆਰਾ ਆ ਕੇ ਸੁਨੇਹਾ ਦਿੰਦਾ ਹੋਵੇ ਕਿ ਮਾਤਾ ਜੀ ਫਿਕਰ ਨਾ ਕਰਨਾ, ਗੁਰੂ ਤੇਗ ਬਹਾਦਰ ਜੀ ਠੀਕ ਠਾਕ ਫਲਾਣੇ ਸ਼ਹਿਰ ਵਿਚ ਹਨ। ਪਰ ਇਸ ਸਭ ਕੁਝ ਦੇ ਬਾਵਜੂਦ ਮਾਤਾ ਜੀ ਗੁਰੂ ਘਰ ਦੀਆਂ ਗਤੀਵਿਧੀਆਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਨਿਪੁੰਨ ਤਰੀਕੇ ਨਾਲ ਚਲਾ ਰਹੇ ਹਨ। ਇਹ ਸਾਰਾ ਕੰਮ ਕੋਈ ਬਹਾਦਰ ਤੇ ਸੁਚੱਜੀ ਮਾਂ ਹੀ ਕਰ ਸਕਦੀ ਹੈ।

"ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ" ਅਨੁਸਾਰ ਮਾਤਾ ਜੀ ਨੇ ਆਪਣੇ ਆਖਰੀ ਸਮੇਂ ਤੋਂ ਬਹੁਤ ਚਿਰ ਪਹਿਲਾਂ ਹੀ ਇਹ ਭਾਂਪ ਲਿਆ ਹੋਵੇਗਾ ਕਿ ਆਉਣ ਵਾਲਾ ਸਮਾ ਕਸ਼ਟਾਂ ਭਰਿਆ ਹੋਵੇਗਾ। ਇਸ ਕਰਕੇ ਹੀ ਉਹ ਹਰ ਮੁਸੀਬਤ ਨਾਲ ਲੜਨ-ਭਿੜਨ ਲਈ ਤਿਆਰ ਸਨ ਅਤੇ ਇਸੇ ਹੌਸਲੇ ਦੀ ਬਦੌਲਤ ਹੀ ਉਹ ਆਪਣੇ ਪੁੱਤਰ, ਗੁਰੂ ਗੋਬਿੰਦ ਸਿੰਘ ਜੀ ਅਤੇ ਪੋਤਰਿਆਂ ਨੂੰ ਵੀ ਸਿਖਿਆ ਦੇ ਕੇ ਸੰਪੂਰਣ ਮਨੁੱਖ, ਯੋਧੇ ਅਤੇ ਜਰਨੈਲ ਬਣਾ ਗਏ।

ਹਕੀਮ ਅੱਲਾਹ ਯਾਰ ਖਾਂ ਜੋਗੀ ਦਾ ਇਕ ਨਗਮਾ ਬੱਚਿਆਂ ਦੀ ਦਲੇਰੀ ਪੇਸ਼ ਕਰਦਾ ਹੈ ਜੋ ਮਾਤਾ ਗੁਜਰੀ ਜੀ ਨੇ ਉਨ੍ਹਾਂ ਵਿਚ ਭਰੀ ਸੀ :

ਰੋਕਾ ਜੁ ਜ਼ੁਲਮ ਸੇ ਤੋ ਮੁਸਲਮਾਂ ਬਿਗੜ ਗਏ।
ਬੁਤ ਕੋ ਬੁਰਾ ਕਹਾ ਤੋ ਯਿ ਹਿੰਦੂ ਬਿਟਰ ਗਏ।
ਤੇਗਾ ਨਿਕਾਲਾ ਹਮਨੇ ਸੋ ਸਭ ਜੋਸ਼ ਝੜ ਗਏ।
ਚਿੜੀਓ ਸੇ ਬਾਜ਼ ਰਨ ਮੇਂ ਨਦਾਮਤ ਸੇ ਗੜ ਗਏ।
ਫੌਜੇਂ ਯਿ ਨਾਜ਼ ਇਨ੍ਹੇਂ ਉਨ੍ਹੇਂ ਦੇਵੀ ਕਾ ਮਾਨ ਹੈ।
ਆਸ਼ਕ ਹੈਂ ਹਮ ਖ਼ੁਦਾ ਕੇ, ਹਥੇਲੀ ਪਿ ਜਾਨ ਹੈ।

# ਨਾਨਕਸ਼ਾਹੀ ਕੈਲੰਡਰ ਬਾਰੇ ਭਰਮ-ਭੁਲੇਖਿਆਂ ਦਾ ਸ਼ਿਕਾਰ ਹਨ ਵਿਰੋਧੀ

**ਕਿਰਪਾਲ ਸਿੰਘ ਬਠਿੰਡਾ**
(88378-13661)

ਭਾਰਤ ਵਿਚ ਚੱਲ ਰਹੇ ਵੱਖ-ਵੱਖ ਕੈਲੰਡਰਾਂ ਕਾਰਨ ਤਿਉਹਾਰਾਂ ਦੀਆਂ ਤਰੀਖਾਂ ਸਰਕਾਰੀ ਕੈਲੰਡਰਾਂ ਵਿਚ ਨਿਸ਼ਚਿਤ ਕਰਨ ਸਮੇਂ ਆ ਰਹੀਆਂ ਔਕੜਾਂ ਨੂੰ ਹੱਲ ਕਰਨ ਲਈ ਭਾਰਤ ਸਰਕਾਰ ਨੇ ਨਵੰਬਰ 1952 ਵਿਚ ਪ੍ਰੋ: ਐੱਮ.ਐੱਨ. ਸ਼ਾਹ ਦੀ ਪ੍ਰਧਾਨਗੀ ਹੇਠ ਕੈਲੰਡਰ ਸੁਧਾਰ ਕਮੇਟੀ ਬਣਾਈ ਜਿਸ ਦੇ ਜਿੰਮੇ ਵਿਗਿਆਨਿਕ ਨਿਯਮਾਂ 'ਤੇ ਪੂਰਾ ਉਤਰਨ ਵਾਲਾ ਇੱਕ ਸਰਬ ਸਾਂਝਾ ਕੈਲੰਡਰ ਬਣਾਉਣ ਦਾ ਕਾਰਜ ਸੌਂਪਿਆ ਗਿਆ। ਇਸ ਕਮੇਟੀ ਨੇ ਭਾਰਤ ਵਿਚ ਪ੍ਰਚਲਿਤ ਵੱਖ-ਵੱਖ 30 ਕੈਲੰਡਰਾਂ ਤੋਂ ਇਲਾਵਾ ਦੁਨੀਆ ਭਰ ਵਿਚ ਪ੍ਰਚਲਿਤ ਪੁਰਾਤਨ ਅਤੇ ਨਵੀਨ ਰੂਪ 'ਚ ਸੋਧੇ ਹੋਏ ਸੂਰਜੀ ਅਤੇ ਚੰਦਰਮਾ ਕੈਲੰਡਰਾਂ ਦਾ ਇਤਿਹਾਸ ਵਾਚਣ ਉਪਰੰਤ ਇਕ ਸੂਰਜੀ ਕੈਲੰਡਰ ਤਜਵੀਜ਼ ਕੀਤਾ ਜਿਸ ਦੀ ਰਿਪੋਰਟ ਕਮੇਟੀ ਨੇ ਭਾਰਤ ਸਰਕਾਰ ਨੂੰ ਨਵੰਬਰ-1955 ਵਿਚ ਪੇਸ਼ ਕੀਤੀ। ਇਸ ਰਿਪੋਰਟ ਦਾ ਪੰਜਾਬੀ ਵਿਚ ਉਲਥਾ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੇ ਛਪਵਾਇਆ। ਇਸ ਰਿਪੋਰਟ ਦੇ ਅਧਿਆਇ 2, ਸੂਰਜੀ ਕੈਲੰਡਰ, 2.1 ਪ੍ਰਾਚੀਨ ਮਿਸਰ ਵਿਚ ਵਕਤ ਨਾਪਣ ਦਾ ਤਰੀਕਾ ਸਿਰਲੇਖ ਹੇਠ ਇਕ ਦਿਲਚਸਪ ਕਥਾ ਹੈ, ਜਿਸ ਨੂੰ ਪਾਠਕਾਂ ਦੀ ਜਾਣਕਾਰੀ ਲਈ ਇੱਥੇ ਸਾਂਝਾ ਕਰਨਾ ਲਾਹੇਵੰਦ ਹੋਵੇਗਾ। ਕਥਾ ਹੂ-ਬ-ਹੂ ਇਉਂ ਹੈ :-
ਹੋਰ ਪ੍ਰਾਚੀਨ ਕੌਮਾਂ ਵਾਂਗੂ ਪ੍ਰਾਚੀਨ ਮਿਸਰੀ ਵੀ 360 ਦਿਨਾਂ ਦਾ ਸਾਲ ਮੰਨਦੇ ਸਨ, ਜਿਹੜਾ ਤੀਹ-ਤੀਹ ਦਿਨਾਂ ਦੇ 12 ਮਹੀਨਿਆਂ ਵਿਚ ਵੰਡਿਆ ਹੋਇਆ ਸੀ। ਪਰ ਨੀਲ ਦਰਿਆ ਵਿਚ ਵਾਰ ਵਾਰ ਆਉਣ ਵਾਲੇ ਹੜ੍ਹਾਂ ਤੋਂ ਬੜੀ ਛੇਤੀ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਰੁੱਤੀ ਸਾਲ ਵਿਚ ਲਗਭਗ 365 ਦਿਨ ਹੁੰਦੇ ਹਨ ਅਤੇ ਚੰਦੀ ਮਹੀਨਾ (ਇਕ ਏਕਮ ਤੋਂ ਅਗਲੀ ਏਕਮ ਤਕ ਦਾ ਸਮਾਂ) ਲਗਭਗ ਸਾਢੇ 29 ਦਿਨਾਂ (ਅਸਲੀ ਲੰਬਾਈ (29.531 ਦਿਨ) ਦਾ ਹੁੰਦਾ ਹੈ। ਪਰ ਉਹ ਪਹਿਲਾਂ ਹੀ 30 ਦਿਨਾਂ ਦੇ ਮਹੀਨਿਆਂ ਵਾਲਾ ਅਤੇ 360 ਦਿਨਾਂ ਦੇ ਸਾਲ ਵਾਲਾ ਕੈਲੰਡਰ ਬਣਾ ਚੁੱਕੇ ਸਨ, ਜਿਸ ਨੂੰ ਧਾਰਮਿਕ ਸੰਸਥਾਵਾਂ ਦੀ ਪ੍ਰਵਾਨਗੀ ਮਿਲ ਚੁੱਕੀ ਸੀ। ਪ੍ਰਾਚੀਨ ਇਤਿਹਾਸ ਅਨੁਸਾਰ ਇਸ ਤਰ੍ਹਾਂ ਕੈਲੰਡਰ ਸੁਧਾਰ ਦੀ ਲੋੜ ਪਹਿਲੀ ਵਾਰ ਅਨੁਭਵ ਕੀਤੀ ਗਈ। ਲੋਕਾਂ ਕੋਲੋਂ ਇਹ ਸੁਧਾਰ ਮਨਵਾਉਣ ਲਈ ਉਨ੍ਹਾਂ ਦੇ ਪੁਜਾਰੀਆਂ ਨੇ ਹੇਠ ਲਿਖਿਆ ਮਿਥਿਹਾਸ ਘੜ ਲਿਆ:-
ਪ੍ਰਿਥਵੀ ਦੇ ਦੇਵਤਾ ਸੇਬ (Seb) ਅਤੇ ਅਸਮਾਨ ਦੀ ਦੇਵੀ ਨਟ (Nut) ਵਿਚਕਾਰ ਇਕ ਵਾਰੀ ਨਾਜਾਇਜ਼ ਮਿਲਾਪ ਹੋਇਆ, ਜਿਸ ਤੋਂ ਗੁੱਸੇ ਹੋ ਕੇ ਸਰਬ ਸ਼ਕਤੀਮਾਨ ਦੇਵਤੇ ਰਾ (Ra) ਸੂਰਜ ਨੇ ਆਕਾਸ਼ ਦੀ ਦੇਵੀ ਨਟ ਨੂੰ ਸਰਾਪ ਦਿੱਤਾ ਕਿ ਇਸ ਮਿਲਾਪ ਵਿਚੋਂ ਪੈਦਾ ਹੋਏ ਬੱਚੇ, ਨਾ ਕਿਸੇ ਸਾਲ ਵਿਚ ਅਤੇ ਨਾ ਕਿਸੇ ਮਹੀਨੇ ਵਿਚ ਜੰਮਣਗੇ। ਨਟ ਸਲਾਹ ਮਸ਼ਵਰੇ ਲਈ ਸਿਆਣਪ ਦੇ ਦੇਵਤੇ 'ਥੋਥ' (Thoth) ਕੋਲ ਗਈ। ਥੋਥ ਨੇ ਚੰਦਰਮਾ ਦੀ ਦੇਵੀ ਨਾਲ ਸਤਰੰਜ਼ ਦੀ ਇਕ ਬਾਜ਼ੀ ਲਈ ਅਤੇ ਉਸ ਤੋਂ ਉਸ ਦੇ ਪ੍ਰਕਾਸ਼ ਦਾ 72ਵਾਂ ਹਿੱਸਾ ਜਿੱਤ ਲਿਆ, ਜਿਸ ਨਾਲ ਉਸ ਨੇ ਪੰਜ ਦਿਨ ਵਾਧੂ ਬਣਾਏ। ਸੂਰਜ ਦੇਵਤਾ ਰਾ ਨੂੰ ਖ਼ੁਸ਼ ਕਰਨ ਲਈ ਇਹ ਪੰਜ ਦਿਨ ਉਸ ਨੂੰ ਦੇ ਦਿੱਤੇ ਜਿਸ ਨਾਲ ਉਸ ਦੇ ਸਾਲ ਵਿਚ ਤਾਂ ਪੰਜ ਦਿਨਾਂ ਦਾ ਵਾਧਾ ਹੋ ਗਿਆ ਪਰ ਚੰਦਰਮਾ ਦੇ ਸਾਲ ਵਿਚ ਪੰਜ ਦਿਨ ਘਟ ਗਏ। ਸੂਰਜੀ ਸਾਲ ਦੇ ਇਨ੍ਹਾਂ ਪੰਜ ਦਿਨਾਂ ਨੂੰ ਕਿਸੇ ਮਹੀਨੇ ਵਿਚ ਨਾ ਜੋੜਿਆ ਗਿਆ ਅਤੇ ਪਹਿਲਾਂ ਵਾਂਗੂ ਉਨ੍ਹਾਂ ਦੀ ਗਿਣਤੀ 30 ਦਿਨ ਹੀ ਰਹੀ ਪਰ ਇਹ ਪੰਜ ਦਿਨ ਸਾਲ ਦੇ ਖਾਤਮੇ ਪਿੱਛੋਂ ਆਉਂਦੇ ਸਨ ਅਤੇ ਸੇਬ ਤੇ ਨਟ ਦੇ ਮਿਲਾਪ ਵਿਚੋਂ ਪੈਦਾ ਹੋਏ



ਦੇਵਤਿਆਂ ਅਰਥਾਤ Osiris, Isis, Nephthys, Set ਅਤੇ Anubis ਮਿਸਰੀ ਮੰਦਰਾਂ ਦੇ ਪ੍ਰਮੁੱਖ ਦੇਵਤਿਆਂ ਦੇ ਜਨਮ ਦਿਨ ਦੇ ਤੌਰ 'ਤੇ ਮਨਾਏ ਜਾਂਦੇ ਸਨ।
ਇਹ ਸਾਖੀ ਲਿਖਣ ਉਪਰੰਤ ਕਮੇਟੀ ਨੇ ਆਪਣੇ ਵਿਚਾਰ ਇਉਂ ਪ੍ਰਗਟ ਕੀਤੇ : ਆਓ ! ਅਸੀਂ ਇਸ ਮਿਥਿਹਾਸ ਦੀ ਪਰਖ ਕਰੀਏ। ਇਸ ਦੇ ਅਰਥ ਤਾਂ ਚੰਦ ਨੂੰ ਸਮਾਂ-ਮਾਪਕ ਦੇ ਤੌਰ 'ਤੇ ਬਿਲਕੁਲ ਛੱਡ ਦੇਣ ਅਤੇ ਕੈਲੰਡਰ ਨੂੰ ਕੇਵਲ ਸੂਰਜ ਉੱਤੇ ਹੀ ਆਧਾਰਤ ਕਰਨ ਦੇ ਹਨ। ਇਹ ਬਹੁਤ ਹੀ ਸਿਆਣਪ ਭਰਿਆ ਕਦਮ ਸੀ ਕਿਉਂਕਿ ਪ੍ਰਾਚੀਨ ਸਮੇਂ ਤੋਂ ਹੀ ਪਤਾ ਲੱਗ ਗਿਆ ਸੀ ਕਿ ਚੰਦ ਦੀ ਸਹਾਇਤਾ ਨਾਲ ਸਮਾਂ ਮਾਪਣਾ ਸੁਖਾਲਾ ਨਹੀਂ।
ਜਿਹੜੀ ਗੱਲ ਮਿਸਰੀ ਲੋਕਾਂ ਨੂੰ 22 ਈਸਵੀ ਪੂਰਵ ਵਿਚ ਹੀ ਪਤਾ ਲੱਗ ਗਈ ਸੀ; ਭਾਰਤ ਸਰਕਾਰ ਵੱਲੋਂ ਗਠਿਤ ਕੀਤੀ ਕੈਲੰਡਰ ਸੁਧਾਰ ਕਮੇਟੀ ਦੇ ਵਿਦਵਾਨ (ਖਗੋਲ ਵਿਗਿਆਨੀਆਂ) ਨੇ ਵੀ ਉਸ ਮੁਤਾਬਕ ਸੰਨ 1955 ਈ: 'ਚ ਸੂਰਜ ਆਧਾਰਿਤ ਕੈਲੰਡਰ ਨੂੰ ਸਵੀਕਾਰਨ ਲਈ ਹਾਮੀ ਭਰ ਦਿੱਤੀ ਪਰ ਬਿਬੇਕ ਬੁੱਧ ਦੇ ਮਾਲਕ ਕਹਾਉਣ ਵਾਲੇ ਬਾਬਿਆਂ ਨੂੰ ਅੱਜ 21ਵੀਂ ਸਦੀ ਵਿਚ ਵੀ ਇਹ ਗੱਲ ਸਮਝ ਨਾ ਆਈ। ਕਾਸ਼ ਕਿ ਜੇ ਸ. ਪਾਲ ਸਿੰਘ ਪੁਰੇਵਾਲ ਵੀ ਕਿਸੇ ਅਖੌਤੀ ਬਾਬੇ ਦੀ ਸ਼ਰਨ ਵਿਚ ਜਾ ਕੇ ਮਿਸਰੀ ਪੁਜਾਰੀਆਂ ਵਾਂਙ ਉਸ ਨੂੰ ਮਨਘੜਤ ਕਹਾਣੀ ਘੜ ਕੇ ਸੁਣਾਉਣ ਲਈ ਰਾਜ਼ੀ ਕਰ ਲੈਂਦੇ ਤਾਂ ਇੰਨਾ ਵਿਰੋਧ ਨਾ ਹੁੰਦਾ ਪਰ ਉਹ ਸਿੱਖਾਂ ਨੂੰ ਸਮਝਾਉਣ ਲਈ ਮਨਘੜਤ ਕਹਾਣੀਆਂ ਦਾ ਸਹਾਰਾ ਲੈਣ ਦੀ ਬਜਾਏ ਕੈਲੰਡਰ ਨਿਯਮਾਂ ਦੀਆਂ ਬਰੀਕੀਆਂ ਸਮਝਾਉਦਿਆਂ ਇਹ ਦੱਸਣ ਦਾ ਯਤਨ ਕਰਨ ਲੱਗ ਪਏ ਕਿ ਜੇ ਆਪਾਂ ਇਸੇ ਤਰ੍ਹਾਂ ਹੀ ਚਲਦੇ ਰਹੇ ਅਤੇ ਕੈਲੰਡਰ ਵਿਚ ਸੋਧ ਨਾ ਕੀਤੀ ਤਾਂ 13000 ਸਾਲਾਂ ਪਿੱਛੋਂ ਗੁਰਬਾਣੀ ਵਿਚ ਦਰਜ ਬਾਰਹ ਮਾਹਾ ਅਤੇ ਰੁੱਤੀ ਸਲੋਕ ਮਹੀਨਿਆਂ ਦੀਆਂ ਰੁੱਤਾਂ ਦਾ ਸਬੰਧ ਕੁਦਰਤੀ ਰੁੱਤਾਂ ਨਾਲੋਂ ਇਸ ਕਦਰ ਟੁੱਟ ਜਾਵੇਗਾ ਕਿ ਜਿੰਨੀ ਅੱਜ ਹਾੜ ਦੇ ਮਹੀਨੇ ਗਰਮੀ ਪੈਂਦੀ ਹੈ, ਓਨੀ ਗਰਮੀ ਲਾਗੂ ਪਰਚਲਿਤ ਬਿਕਰਮੀ ਕੈਲੰਡਰ ਮੁਤਾਬਕ ਪੋਹ ਦੇ ਮਹੀਨੇ ਵਿਚ ਪਵੇਗੀ ਅਤੇ ਅਜੋਕੀ ਪੋਹ ਵਿਚ ਪੈਣ ਵਾਲੀ ਸਰਦੀ ਤਦ ਹਾੜ ਦੇ ਮਹੀਨੇ ਵਿਚ ਪਵੇਗੀ। ਇਸ ਤਬਦੀਲੀ ਨਾਲ ਇਹ ਇਤਿਹਾਸਕ ਤੱਥ ਸਮਝਾਉਣਾ ਔਖਾ ਹੋ ਜਾਵੇਗਾ ਕਿ ਗੁਰੂ ਅਰਜਨ ਸਾਹਿਬ ਜੀ ਨੂੰ ਸਮੇਂ ਦੀ ਜ਼ਾਲਮ ਸਰਕਾਰ ਨੇ ਗਰਮੀ ਵਿਚ ਤੱਤੀ ਰੇਤ ਪਾ ਕੇ ਸ਼ਹੀਦ ਕੀਤਾ ਹੈ, ਜਾਂ ਸਰਦੀ ਵਿਚ ਅਤੇ ਇਸੇ ਤਰ੍ਹਾਂ ਪੋਹ ਦੀ ਠੰਡ ਵਿਚ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਨੂੰ ਤਸੀਹੇ ਦੇਣ ਲਈ ਠੰਡੇ ਬੁਰਜ ਵਿਚ ਰੱਖਿਆ ਜਾਂ ਗਰਮੀ ਵਿਚ ਹਮਦਰਦੀ ਲਈ।
ਜਿਨ੍ਹਾਂ ਬਾਬਿਆਂ ਨੂੰ ਡਾਇਰੀ ਵੇਖੇ ਬਿਨਾ ਇਹੀ ਪਤਾ ਨਾ ਲੱਗੇ ਕਿ ਆਉਣ ਵਾਲੇ ਮਹੀਨੇ ਦੀ ਸੰਗਰਾਂਦ ਕਿਸ ਦਿਨ ਹੈ, ਜਾਂ ਪਿਛਲੇ ਸਾਲ ਇਹੀ ਸੰਗਰਾਂਦ ਕਦੋਂ ਸੀ ਅਤੇ ਅੱਜ ਚੰਦਰ ਮਹੀਨੇ ਦੀ ਕਿਹੜੀ ਤਿੱਥ ਹੈ ਜਾਂ ਕੱਲ੍ਹ ਨੂੰ ਕਿਹੜੀ ਹੋਵੇਗੀ; ਉਹ ਕਿਵੇਂ ਸਮਝਣ ਕਿ ਅਗਾਂਹ 13000 ਸਾਲ ਬਾਅਦ ਆਉਣ ਵਾਲੀਆਂ ਰੁੱਤਾਂ ਦਾ ਅਪਣਾਏ ਜਾ ਰਹੇ ਕੈਲੰਡਰ ਮਹੀਨਿਆਂ ਉਤੇ ਪ੍ਰਭਾਵ ਕਿਹੋ ਜਿਹਾ ਹੋਵੇਗਾ? ਇਸ ਲਈ ਉਹ ਯੂਨੀਅਨ ਬਣਾ ਕੇ ਸੱਤਾਧਾਰੀ ਰਾਜਨੀਤਕ ਪਾਰਟੀ ਕੋਲ ਗਏ ਤੇ ਆਪਣੀ ਵੋਟ ਗਿਣਤੀ ਦਾ ਅਹਿਸਾਸ ਕਰਵਾ ਕੇ ਵਿਗਿਆਨ ਆਧਾਰਿਤ ਨਾਨਕਸ਼ਾਹੀ ਕੈਲੰਡਰ (2003-2010) ਦਾ ਕਤਲ ਕਰਵਾ ਦਿੱਤਾ। "ਜੈਸਾ ਰਾਜਾ ਵੈਸੀ ਪਰਜਾ" ਮੁਤਾਬਕ ਕੁਝ ਗੂਗਲ ਵਿਦਵਾਨ ਵੀ ਇਨ੍ਹਾਂ ਦੀ ਸਹਾਇਤਾ ਲਈ ਮਿਲ ਗਏ ਜਿਨ੍ਹਾਂ ਵਿਚੋਂ ਕਿਸੇ ਨੇ ਬਾਬਿਆਂ ਦੀ ਸਹੂਲਤ ਲਈ 86 ਸਾਲਾ ਕੈਲੰਡਰ ਬਣਾ ਦਿੱਤਾ ਅਤ ਕੁਝ ਫੇਸਬੁੱਕ ਉਤੇ ਨਿਰੰਤਰ ਊਲ-ਜਲੂਲ ਲਿਖ ਕੇ ਨਾਨਕਸ਼ਾਹੀ ਕੈਲੰਡਰ ਵਿਚ ਨੁਕਸ ਕੱਢਦੇ ਰਹਿੰਦੇ ਹਨ ਜਿਵੇਂ ਕਿ ਪੁਰੇਵਾਲ ਨੇ ਗੁਰਬਾਣੀ ਦੀ ਤੁਕ "ਰਥੁ ਫਿਰੈ.." ਦੇ ਗ਼ਲਤ ਅਰਥ ਕੀਤੇ ਹਨ; ਕਦੀ ਕਹਿੰਦੇ ਹਨ ਕਿ ਸੂਰਜ ਦਾ ਰਥ ਲਗਾਤਾਰ ਆਪਣੀ ਚਾਲ ਚਲਦਾ ਹੀ ਰਹਿੰਦਾ ਹੈ; ਉਹ ਨਾ ਕਦੇ ਉੱਤਰੈਣ ਤੋਂ ਦੱਖਣੈਣ ਜਾਂ ਦੱਖਣੈਣ ਤੋਂ ਉੱਤਰੈਣ ਨੂੰ ਮੁੜਦਾ ਹੈ, ਨਾ ਹੀ ਪੈਂਡੂਲਮ ਵਾਂਙ ਚਲਦਾ। ਕੋਈ ਕਹਿੰਦਾ ਜੇ ਸਮਾਂ ਪਾ ਕੇ ਹਾੜ੍ਹ ਦੇ ਮਹੀਨੇ ਸਰਦੀ ਅਤੇ ਪੋਹ ਦੇ ਮਹੀਨੇ ਗਰਮੀ ਪੈਣ ਲੱਗ ਪਏ ਤਾਂ ਇਸ ਨਾਲ ਗੁਰਬਾਣੀ ਦੇ ਸਿਧਾਂਤ ਨੂੰ ਕੀ ਫਰਕ ਪੈਂਦਾ ਹੈ? ਕੋਈ ਕਹਿੰਦਾ ਹੈ ਪੁਰੇਵਾਲ ਵੱਲੋਂ ਨਿਸਚਿਤ ਕੀਤੇ ਗੁਰਪੁਰਬਾਂ ਦੀਆਂ ਤਰੀਖਾਂ ਵਿਚ 4 ਤੋਂ 7 ਦਿਨਾਂ ਦੀ ਗਲਤੀ ਹੈ ਅਤੇ ਕੋਈ ਕਹਿੰਦਾ ਹੈ ਕਿ ਪੁਰੇਵਾਲ ਨੇ ਚਾਰ ਚਾਰ ਗੁਰਪੁਰਬ ਇਕੱਠੇ ਕਰ ਦਿੱਤੇ। ਇਨ੍ਹਾਂ ਸਾਰੇ ਗੈਰ-ਵਾਜਬ ਸਵਾਲਾਂ ਦਾ ਜਵਾਬ ਅਗਲੀ ਲੇਖ ਲੜੀ ਵਿਚ ਤੱਥਾਂ ਦੇ ਅਧਾਰ 'ਤੇ ਦੇਣ ਦਾ ਯਤਨ ਕੀਤਾ ਜਾਵੇਗਾ।

# ਸਿੱਖੀ ਸਰੂਪ ਦਾ ਕਿਰਦਾਰ

**ਮਾਸਟਰ ਨਿਰਮਲ ਲਾਲੀ**

ਸਿੱਖੀ ਕੌਮ ਦਾ ਭਵਿੱਖ ਬਹੁਤ ਉੱਜਲ ਹੈ, ਕਿਉਂਕਿ ਕੌਮ ਵਿਚ ਕਈ ਕਮਜ਼ੋਰੀਆਂ ਤੇ ਘਾਟਾਂ ਹੋਣ ਦੇ ਬਾਵਜੂਦ, ਸਿੱਖਾਂ ਨੇ ਬਹੁਤ ਮੱਲਾਂ ਵੀ ਮਾਰੀਆਂ ਹਨ। ਸਰੀਰਕ, ਆਰਥਿਕ, ਬੌਧਿਕ, ਵਿੱਦਿਅਕ ਅਤੇ ਰਾਜਨੀਤਕ ਖੇਤਰਾਂ ਵਿਚ ਸਿੱਖਾਂ ਦੀ ਸਾਰੇ ਸੰਸਾਰ ਵਿਚ ਥਾਂ ਹੈ। ਹਰ ਦੇਸ਼ ਵਿਚ ਸਿੱਖਾਂ ਨੇ ਵੱਡੀਆਂ ਵੱਡੀਆਂ ਅਸਾਮੀਆਂ ਅਤੇ ਰਾਜਨੀਤਕ ਖੇਤਰ ਵਿਚ ਯੋਗ ਥਾਂ ਬਣਾਈ ਹੈ। ਇਸੇ ਤਰ੍ਹਾਂ ਆਰਥਿਕ ਤੌਰ 'ਤੇ ਵੱਡੇ ਵੱਡੇ ਫਾਰਮਰਜ਼ ਅਤੇ ਵੱਡੀਆਂ ਕੰਪਨੀਆਂ ਦੇ ਮਾਲਕ ਹਨ। ਸਰੀਰਕ ਤੌਰ 'ਤੇ ਖੇਡਾਂ ਦਾ ਖੇਤਰ ਹੈ, ਜਿੱਥੇ ਸਿੱਖਾਂ ਨੇ ਕਾਫ਼ੀ ਮੱਲਾਂ ਮਾਰੀਆਂ ਹੋਈਆਂ ਹਨ ਪਰ ਘਾਟ ਹੈ ਜੇ ਤਾਂ ਉਹ ਸਿੱਖੀ ਸਰੂਪ ਤੇ ਸਿੱਖੀ ਕਿਰਦਾਰ ਦੀ। ਸਿੱਖ ਅਜੇ ਤੱਕ ਸਿੱਖੀ ਸਰੂਪ ਅਤੇ ਸਿੱਖੀ ਕਿਰਦਾਰ ਨਹੀਂ ਬਣਾ ਸਕਿਆ ਹੈ। ਸਿੱਖੀ ਸਰੂਪ ਤੇ ਕਿਰਦਾਰ ਜਿਹੜਾ ਪੁਰਾਣੇ ਸਿੱਖਾਂ ਦਾ ਸੀ, ਉਹ ਸ਼ਲਾਘਾਯੋਗ ਸੀ ਪਰ ਹੁਣ ਉਹ ਵੀ ਨਹੀਂ ਰਿਹਾ। ਸਿੱਖੀ ਸਰੂਪ ਵਾਲੇ ਸਿੱਖਾਂ ਦੀ ਗਿਣਤੀ ਘੱਟਦੀ ਜਾ ਰਹੀ ਹੈ, ਅੱਜ ਦਾ ਨੌਜਵਾਨ ਪਤਿਤ ਹੋ ਰਿਹਾ ਹੈ ਅਤੇ ਨਸ਼ਿਆਂ ਵਿਚ ਗਲਤਾਨ ਹੋ ਕੇ ਸਿੱਖੀ ਉਦੇਸ਼ਾਂ, ਉਪਦੇਸ਼ਾਂ ਤੇ ਸਿਧਾਂਤਾਂ ਤੋਂ ਦੂਰ ਜਾ ਰਿਹਾ ਹੈ।
ਗੁਰੂਘਰਾਂ ਵਿਚ ਲੜਾਈਆਂ ਝਗੜੇ ਆਮ ਹੁੰਦੇ ਰਹਿੰਦੇ ਹਨ। ਇਸਤਰੀ ਜਾਤੀ ਦੀ ਇੱਜ਼ਤ ਲੁੱਟੀ ਜਾਂਦੀ ਹੈ, ਬਲਾਤਕਾਰ ਹੁੰਦੇ ਹਨ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਸਬੰਧ ਚਰਿਤਰ ਨਾਲ ਭਾਵ ਮਨੁੱਖੀ ਕਿਰਦਾਰ ਨਾਲ ਹੈ। ਮਨੁੱਖੀ ਕਿਰਦਾਰ ਹੀ ਸਭ ਕੁਝ ਹੁੰਦਾ ਹੈ ਅਤੇ ਮਨੁੱਖ ਦੇ ਬਾਕੀ ਗੁਣ ਬਚਪਨ ਦੀ ਗੱਲ ਹੁੰਦੀ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਵੀ ਫਰਮਾਇਆ ਹੈ :
ਸਚਹੁ ਉਰੈ ਸਭੁ ਕੋ, ਉਪਰਿ ਸਚੁ ਆਚਾਰ॥
ਆਚਾਰ ਦਾ ਸਬੰਧ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਨਾਲ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਇਸ ਸੰਕਲਪ 'ਤੇ ਕਾਫ਼ੀ ਅਮਲ ਹੋ ਰਿਹਾ ਹੈ ਪਰ ਅਜੇ ਵੀ ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ। ਕਿਰਦਾਰ, ਆਚਾਰ ਬਾਰੇ ਇਕ ਅੰਗਰੇਜ਼ੀ ਕਵੀ ਨੇ ਬਹੁਤ ਵਧੀਆ ਲਿਖਿਆ ਹੈ :
If wealth is lost, nothing is lost.
If Health is lost, something is lost.
If character is lost everything is lost.
ਇਸੇ ਤਰ੍ਹਾਂ ਸਾਡੇ ਲੋਕਾਂ ਵਿਚ ਸਹਿਣਸ਼ੀਲਤਾ, ਨਿਮਰਤਾ, ਅਰਥਾਤ ਪਿਆਰ ਸਤਿਕਾਰ ਦੀ ਵੀ ਬਹੁਤ ਵੱਡੀ ਘਾਟ ਹੈ। ਕਿੰਨੀਆਂ ਸਦੀਆਂ ਬੀਤ ਚੁੱਕੀਆਂ ਹਨ, ਜਦੋਂ ਗੁਰੂ ਨਾਨਕ ਦੇਵ ਜੀ ਨੇ ਫਰਮਾਇਆ ਸੀ :
ਮਿੱਠਤ ਨੀਵੀਂ ਨਾਨਕ, ਗੁਣ ਚੰਗਿਆਈਆਂ ਤੱਤ
ਸਾਨੂੰ ਲੋੜ ਹੈ ਕਿ ਅਸੀਂ ਇਨ੍ਹਾਂ ਦੈਵੀ ਗੁਣਾਂ ਦੇ ਧਾਰਨੀ ਬਣੀਏ। ਸਿੱਖ ਕੌਮ ਵਿਚ ਏਕਤਾ ਅਤੇ ਅਨੁਸ਼ਾਸਨ ਦੀ ਵੀ ਵੱਡੀ ਘਾਟ ਹੈ। ਕੋਈ ਵੀ ਕੌਮ, ਸੰਸਥਾ ਜਾਂ ਮਨੁੱਖ ਜੀਵਨ ਵਿਚ ਇਨ੍ਹਾਂ ਗੁਣਾਂ ਤੋਂ ਬਿਨਾ ਉਨਤੀ ਨਹੀਂ ਕਰ ਸਕਦਾ। ਅਨੁਸ਼ਾਸਨ ਜੀਵਨ ਦੀ ਜ਼ਿੰਦਜਾਨ ਹੁੰਦਾ ਹੈ। ਸਾਰਾ ਪੰਥ ਵੱਖ ਵੱਖ ਧੜਿਆਂ ਵਿਚ ਵੰਡਿਆ ਹੋਇਆ ਹੈ। ਕਿਸੇ ਵੀ ਧੜੇ ਕੋਲ ਕੋਈ ਏਜੰਡਾ ਨਹੀਂ। ਇਨ੍ਹਾਂ ਸਾਰੀਆਂ ਚੀਜ਼ਾਂ ਲਈ ਪ੍ਰਚਾਰ ਦੀ ਲੋੜ ਹੈ। ਇਹ ਕੰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦਾ ਹੈ, ਦੁੱਖ ਦੀ ਗੱਲ ਇਹ ਹੈ ਕਿ ਇਸ ਸੰਸਥਾ ਦੀ ਸਥਾਪਨਾ ਹੋਈ ਨੂੰ ਲਗਭਗ ਇਕ ਸਦੀ ਬੀਤ ਚੁੱਕੀ ਹੈ ਪਰ ਇਸ ਸੰਸਥਾ ਨੂੰ ਜੋ ਕਰਨਾ ਚਾਹੀਦਾ ਸੀ, ਹੁਣ ਤੱਕ ਉਹ ਨਹੀਂ ਕਰ ਸਕੀ।
ਲੋੜ ਹੈ, ਸਿੱਖੀ ਸਰੂਪ ਤੇ ਸਿੱਖੀ ਕਿਰਦਾਰ ਦੇ ਧਾਰਨੀ ਹੋਣ ਦੀ ਤੇ ਗੁਰੂਆਂ ਦੇ ਉਪਦੇਸ਼ਾਂ ਤੇ ਸਿਧਾਂਤਾਂ ਭਾਵ ਗੁਰਬਾਣੀ ਦੇ ਆਸ਼ੇ ਦੇ ਅਨੁਸਾਰ ਆਪਣਾ ਅਮਲੀ ਜੀਵਨ ਗੁਜ਼ਾਰਨ ਦੀ। ਤਦ ਉਹ ਦਿਨ ਦੂਰ ਨਹੀਂ ਜਦੋਂ ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ ਦਾ ਸੰਕਲਪ ਪੂਰਾ ਨਾ ਹੋਵੇ।

*ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼*

# ਮਾਨਵਤਾ ਦੀ ਸੁਖ-ਸ਼ਾਂਤੀ ਦਾ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

**- ਅਵਤਾਰ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਬਾਕੀ ਧਰਮਾਂ ਦੇ ਸਤਿਕਾਰਤ ਗ੍ਰੰਥਾਂ ਵਿਚ ਇਕ ਵਿਸ਼ੇਸ਼ ਅੰਤਰ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਧੁਰ ਕੀ ਬਾਣੀ ਸਾਡੇ ਪਾਸ ਇੰਨ-ਬਿੰਨ ਉਸੇ ਰੂਪ ਵਿਚ ਮੌਜੂਦ ਹੈ, ਜਿਵੇਂ ਕਿ ਇਸ ਨੂੰ ਗੁਰੂ ਸਾਹਿਬਾਨ, ਮਹਾਂਪੁਰਸ਼ਾਂ, ਭਗਤਾਂ ਤੇ ਭੱਟਾਂ ਨੇ ਉਚਾਰਨ ਕੀਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਮਹਾਨ ਕਾਰਜ ਪੰਚਮ ਸਤਿਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦੇ ਰਮਣੀਕ ਸਥਾਨ 'ਤੇ ਕੀਤਾ ਅਤੇ ਸਮੇਂ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਪਾਸੋਂ ਗੁਰਬਾਣੀ ਲਿਖਣ ਦੀ ਸੇਵਾ ਲਈ। ਇਹ ਪਵਿੱਤਰ ਕਾਰਜ ਸੰਪੂਰਨ ਹੋਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਨੂੰ ਭਾਦਰੋਂ ਸੁਦੀ 1 ਸੰਮਤ 1661 ਦੇ ਦਿਨ ਨਗਰ ਕੀਰਤਨ ਦੇ ਰੂਪ ਵਿਚ ਬੜੀ ਸੱਜ-ਧੱਜ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਆ ਕੇ ਪ੍ਰਕਾਸ਼ ਕੀਤਾ ਗਿਆ। ਸਾਰਾ ਰਸਤਾ ਸਿੱਖ ਸੰਗਤਾਂ ਵੱਡੇ ਉਤਸ਼ਾਹ ਨਾਲ ਗੁਰਬਾਣੀ ਦੇ ਸ਼ਬਦ ਪੜ੍ਹਦੀਆਂ ਰਹੀਆਂ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਉੱਤੇ ਚੌਰ ਕਰਦੇ ਰਹੇ।
ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਦੁੱਤੀ ਪਾਵਨ ਧਰਮ ਗ੍ਰੰਥ ਹੈ ਜੋ ਸਭ ਦਾ ਸਾਂਝਾ ਅਤੇ ਸੰਸਾਰ ਦਾ ਹਰ ਪ੍ਰਾਣੀ ਮਾਤਰ ਇਸ ਨੂੰ ਪੜ੍ਹ-ਸੁਣ ਕੇ ਸੁਚੱਜੀ ਤੇ ਉਸਾਰੂ ਜੀਵਨ ਸੇਧ ਲੈ ਸਕਦਾ ਹੈ। ਇਸ ਦੇ ਪਵਿੱਤਰ ਉਪਦੇਸ਼, ਚਾਰਾਂ ਵਰਨਾਂ ਦੇ ਕਲਿਆਣ ਅਤੇ ਉਧਾਰ ਲਈ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ-
ਖਤ੍ਰੀ ਬ੍ਰਾਹਮਣ ਸੂਦ ਵੈਸ, ਉਪਦੇਸੁ ਚਹੁ ਵਰਨਾ ਕਉ ਸਾਝਾ (ਅੰਗ 748)
ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਨ ਦੀ ਵਿਸ਼ਾਲਤਾ, ਹਰ ਧਰਮ ਦੇ ਲੋਕਾਂ ਵਿਚ ਪ੍ਰਸਪਰ ਪਿਆਰ ਰੱਖਣ ਦੇ ਉਪਰਾਲੇ, ਜਾਤ-ਪਾਤ, ਇਲਾਕਾਵਾਦ ਅਤੇ ਬੋਲੀ ਦੇ ਝਗੜਿਆਂ ਤੋਂ ਉੱਚਾ ਉੱਠਣ ਦਾ ਪ੍ਰਤੱਖ ਸਬੂਤ ਮਿਲਦਾ ਹੈ। ਵਿਸ਼ਵ ਦੇ ਸਭ ਧਰਮ-ਗ੍ਰੰਥਾਂ ਵਿਚੋਂ ਇਹੋ ਇਕੋ ਇਕ ਧਾਰਮਿਕ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਹਨ, ਜਿਨ੍ਹਾਂ ਨੂੰ ਰਾਸ਼ਟਰੀ ਏਕਤਾ ਅਤੇ ਆਪਸੀ ਸਦਭਾਵਨਾ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ। ਬਾਣੀ ਦੀ ਚੋਣ ਕਰਦੇ ਸਮੇਂ ਗੁਰੂ ਸਾਹਿਬ ਨੇ ਰਚਨਾਕਾਰ ਦੀ ਜਾਤ-ਪਾਤ, ਰੰਗ, ਨਸਲ, ਧਰਮ, ਦੇਸ਼ ਆਦਿ ਕਿਸੇ ਵੀ ਕਿਸਮ ਦਾ ਵਿਚਾਰ ਨਹੀਂ ਰੱਖਿਆ ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸਮੁੱਚੇ ਭਾਰਤ ਦੀ ਅਧਿਆਤਮਕਤਾ ਨੂੰ ਵੀ ਸਤਿਕਾਰ ਦਿੱਤਾ ਗਿਆ ਹੈ।
ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਠੋਸ ਅਤੇ ਦਲੀਲ ਭਰਪੂਰ ਸਿਧਾਂਤ ਪੇਸ਼ ਕੀਤੇ ਗਏ ਹਨ। ਅਜੋਕੇ ਵਿਗਿਆਨਕ ਯੁੱਗ ਵਿਚ ਜਦੋਂ ਕਿ ਸਭ ਪਾਸੇ ਪਦਾਰਥਵਾਦ ਦਾ ਹੀ ਬੋਲਬਾਲਾ ਹੈ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਵਿਸ਼ਵ ਮਾਨਵ ਨੂੰ ਸੁਖ-ਸ਼ਾਂਤੀ ਪ੍ਰਦਾਨ ਕਰਨ ਲਈ ਪ੍ਰਮੁੱਖ ਸਰੋਤ ਵਜੋਂ ਇਕ ਨਿਰਾਲੀ ਸ਼ਾਨ ਸਹਿਤ ਸੰਸਾਰ ਸਾਹਵੇਂ ਸਾਕਾਰ ਹੋ ਰਿਹਾ ਹੈ ਅਤੇ ਵਿਗਿਆਨੀਆਂ ਨੂੰ ਖੋਜਾਂ ਲਈ ਨਵੇਂ ਤੋਂ ਨਵੇਂ ਵਿਸ਼ੇ ਜੁਟਾ ਰਿਹਾ ਹੈ। ਜਿਨ੍ਹਾਂ ਤੱਥਾਂ ਨੂੰ ਅੱਜ ਦੇ ਰਸਾਇਣ, ਭੂ, ਭੌਤਿਕ ਅਤੇ ਖਗੋਲ ਵਿਗਿਆਨੀ ਵਰ੍ਹਿਆਂ ਬੱਧੀ ਮਿਹਨਤ ਉਪਰੰਤ ਸਿੱਧ ਕਰ ਰਹੇ ਹਨ- ਉਨ੍ਹਾਂ ਸਾਰੇ ਤੱਥਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਦੀਆਂ ਪਹਿਲਾਂ ਹੀ ਸੰਸਾਰ ਸਾਹਮਣੇ ਪੇਸ਼ ਕੀਤਾ ਜਾ ਚੁੱਕਾ ਹੈ।
ਮਿਸਾਲ ਵਜੋਂ ਵਿਗਿਆਨੀਆਂ ਨੇ ਅੱਜ ਸਾਬਤ ਕੀਤਾ ਹੈ ਕਿ ਧਰਤੀ ਇਕ ਨਹੀਂ ਬਲਕਿ ਵਧੇਰੇ ਹਨ, ਪੌਦਿਆਂ ਵਿਚ ਵੀ ਅਤੀ ਬਾਰੀਕ ਜੀਵ ਹੁੰਦੇ ਹਨ ਜੋ ਕਿ ਅੱਖਾਂ ਨਾਲ ਨਜ਼ਰ ਨਹੀਂ ਆਉਂਦੇ, ਜੀਵ ਪੰਜਾਂ ਤੱਤਾਂ ਤੋਂ ਬਣਿਆ ਹੋਇਆ ਹੈ, ਮਾਦੇ ਦਾ ਰੂਪ ਭਾਵੇਂ ਬਦਲਦਾ ਰਹਿੰਦਾ ਹੈ ਪ੍ਰੰਤੂ ਉਹ ਘਟਦਾ-ਵਧਦਾ ਬਿਲਕੁਲ ਨਹੀਂ, ਵੱਖ-ਵੱਖ ਨਸ਼ੇ ਤਨ ਅਤੇ ਮਨ ਦੀ ਖਵਾਰੀ ਦਾ ਕਾਰਨ ਬਣਦੇ ਹਨ, ਪਰੰਤੂ ਇਸ ਸਬੰਧੀ ਗੁਰਬਾਣੀ ਵਿਚ ਪਹਿਲਾਂ ਹੀ ਸਭ ਤੱਥ ਬਿਆਨੇ ਜਾ ਚੁੱਕੇ ਹਨ।
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੈਵੀ-ਗਿਆਨ ਦਾ ਲਟ-ਲਟ ਬਲਦੇ ਸੂਰਜ ਦੇ ਰੂਪ ਵਿਚ ਪ੍ਰਕਾਸ਼ਮਾਨ ਹਨ, ਜਿਸ ਦੀ ਚਮਕ-ਦਮਕ ਸਮੇਂ ਦੇ ਗੁਜ਼ਰਨ ਨਾਲ ਘਟਣ ਵਾਲੀ ਨਹੀਂ। ਇਹ ਗਿਆਨ ਦਾ ਸੂਰਜ ਹਮੇਸ਼ਾ-ਹਮੇਸ਼ਾ ਲਈ ਲੋਕਾਈ ਨੂੰ ਉਜਵਲ ਪ੍ਰਕਾਸ਼ ਦੇਣ ਦੇ ਸਮਰੱਥ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਦੁਖੀਆਂ ਦੇ ਦੁੱਖ ਹਰਨ, ਮਨਾਂ ਦੇ ਸੰਸੇ ਦੂਰ ਕਰਨ, ਡਰ ਅਤੇ ਭਉ ਮਿਟਾ ਕੇ ਨਿਰਭੈ ਬਨਾਉਣ, ਸਾਵੇਂ-ਸੁਖਾਵੇਂ ਜੀਵਨ ਦਾ ਮਾਰਗ ਦਰਸਾਉਣ ਅਤੇ ਸਮੁੱਚੇ ਸੰਸਾਰ ਵਿਚ ਪਰਸਪਰ ਪਿਆਰ, ਏਕਤਾ ਅਤੇ ਸ਼ਾਂਤੀ ਦਾ ਮਾਹੌਲ ਸਥਾਪਤ ਕਰਨ ਵਾਲੀ ਹੈ। ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਦੀ ਮੁੱਖ ਲੋੜ ਹੈ।
ਸੰਨ 1708 ਈਸਵੀ ਵਿਚ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਹਜ਼ੂਰ ਸਾਹਿਬ ਵਿਖੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਅੱਗੇ ਤੋਂ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਹਮੇਸ਼ਾ ਲਈ ਖ਼ਤਮ ਕਰਦੇ ਹੋਏ ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਾਉਂਦੇ ਹੋਏ ਫ਼ੁਰਮਾਇਆ ਸੀ:
ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ।
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।


Sir Speedy® Tustin Printers to the Community
SUBWAY eat fresh.
OPEN 24 HOURS 7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਸਟਾਕਟਨ ਤੇ ਫਰਿਜ਼ਨੋ 'ਚ ਸਤਿੰਦਰ ਸਰਤਾਜ ਦੇ ਗੀਤਾਂ ਦੀ ਛਹਿਬਰ ਲੱਗੀ

ਬੰਦਗੀ ਕਰਨ ਤੋਂ ਬਾਅਦ ਆਪਣਾ ਇਕ ਹੋਰ ਬਹੁਚਰਚਿਤ ਗੀਤ "ਦਰਦਾਂ ਵਾਲਾ ਦੇਸ਼" ਗਾਇਆ ਜੋ ਪਹਿਲੀ ਅੰਤਰਰਾਸ਼ਟਰੀ ਬਹੁ-ਭਾਸ਼ਾਈ ਪੰਜਾਬੀ ਦੀ ਇਤਿਹਾਸਕ ਫਿਲਮ "ਦ ਬਲੈਕ ਪ੍ਰਿੰਸ" ਵਿਚ ਵੀ ਫਿਲਮਾਇਆ ਜਾ ਚੁੱਕਾ ਹੈ। ਸਰਤਾਜ ਨੇ ਇਸ ਮੌਕੇ ਇਸ "ਦ ਬਲੈਕ ਪ੍ਰਿੰਸ" ਫਿਲਮ ਨਾਲ ਜੁੜੀਆਂ ਯਾਦਾਂ ਵੀ ਦਰਸ਼ਕਾਂ ਤੇ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਗੀਤਾਂ ਦੀ ਫਰਮਾਇਸ਼ ਲਈ ਔਨਲਾਇਨ ਪਲੇਟਫਾਰਮ 'ਸਲਾਇਡ ਡੌਟ ਇਨ' ਰਾਹੀਂ ਸਤਿੰਦਰ ਸਰਤਾਜ ਸਿੱਧਾ ਦਰਸ਼ਕਾਂ ਨਾਲ ਜੁੜੇ ਹੋਏ ਸਨ ਜੋ ਇਕ ਵੱਖਰੀ ਤਰ੍ਹਾਂ ਦਾ ਅਨੁਭਵ ਸੀ। ਸਤਿੰਦਰ ਸਰਤਾਜ ਦਾ ਅਮਰੀਕਾ-ਕਨੇਡਾ ਵਿਚ ਹਰ ਸ਼ੋਅ ਦੇਖਣ ਵਾਲੇ ਬਿੱਲ ਬੜਿੰਗ ਉਚੇਚੇ ਤੌਰ 'ਤੇ ਕਨੇਡਾ ਤੋਂ ਆਏ ਹੋਏ ਸਨ।

ਇਸ ਦੌਰਾਨ ਸਤਿੰਦਰ ਸਰਤਾਜ ਨੇ "ਸਾਂਈ ਵੇ ਸਾਂਈ, ਬੀਤ ਜਾਣੀਆਂ-ਇਹ ਰੁੱਤਾਂ ਮਾਣੀਆਂ, ਦਿਲ ਪਹਿਲਾਂ ਜਿਹਾ ਨੀ ਰਿਹਾ, ਗੁਰਮੁਖੀ ਦਾ ਬੇਟਾ, ਸੱਜਣਾ ਤੇਰੇ ਵਾਸਤੇ, ਉਡਾਰੀਆਂ, ਨਿੱਕੀ ਜਹੀ ਕੁੜੀ, ਮੇਰੀ ਹੀਰੀਏ, ਸੱਜਣ ਰਾਜ਼ੀ ਹੋ ਜਾਵੇ, ਚੀਰੇ ਵਾਲਿਆ, ਵਾਰ ਹਰੀ ਸਿੰਘ ਨਲੂਆ, ਸਭ ਤੋਂ ਮਹਿੰਗੀ ਹੁੰਦੀ ਏ ਮਾਸੂਮੀਅਤ, ਸੱਜਣਾ ਤੇਰੇ ਬਿਨਾ, ਬੱਗੀ-ਬੱਗੀ ਕਣਕ ਦੁਆਬੇ ਦੀ, ਦੁਖ ਸਾਡੇ ਲੇਖਾਂ ਦੇ ਜਰਦੀ ਅੰਮੀ, ਯਾਮਹਾ ਤੇ ਜਿੱਤ ਦੇ ਨਿਸ਼ਾਨ" ਆਦਿ ਗੀਤਾਂ ਨਾਲ ਦਰਸ਼ਕਾਂ ਨੂੰ ਮੰਤਰ-ਮੁਗਧ ਕਰੀ ਰੱਖਿਆ।

ਪ੍ਰੋਗਰਾਮ ਦੌਰਾਨ ਸਟੇਜ ਉਤੇ 'ਵਸਦਾ ਪੰਜਾਬ ਭੰਗੜਾ ਅਕੈਡਮੀ' ਦੇ ਬੱਚਿਆਂ ਤੇ ਬੱਚੀਆਂ ਨੇ ਸਰਤਾਜ ਦੇ ਗੀਤਾਂ ਨਾਲ ਪਾਇਆ ਭੰਗੜਾ ਜੋ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਇਸ ਮੌਕੇ ਸਾਬਕਾ ਆਈਏਐਸ ਹਰਕੇਸ਼ ਸਿੰਘ ਸਿੱਧੂ ਦੀ ਅਗਵਾਈ ਵਾਲੀ ਐਨਜੀਓ 'ਸਹਾਇਤਾ' ਨੇ ਆਪਣਾ ਕਾਊਂਟਰ ਲਗਾਇਆ ਤੇ ਪੰਜਾਬ ਵਿਚ ਸੰਸਥਾ ਦੁਆਰਾ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ।

ਪ੍ਰੋਗਰਾਮ ਦੇ ਆਖਰ ਵਿਚ ਸਰਤਾਜ ਨੇ ਪੰਜਾਬੀ ਸੱਭਿਆਚਾਰ ਦੇ ਵੱਖ-ਵੱਖ ਰੰਗਾਂ ਨੂੰ ਦਰਸਾਉਂਦੀਆਂ ਬੋਲੀਆਂ ਪਾ ਕੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਤਾੜੀਆਂ ਦੀ ਗੂੰਜ ਵਿਚ ਪੰਜਾਬੀਆਂ ਦੇ ਇਸ ਹਰਮਨਪਿਆਰੇ ਗਾਇਕ ਤੇ ਅਦਾਕਾਰ ਨੇ ਆਪਣੇ ਅਗਲੇ ਪੜਾਅ ਲਈ ਦਰਸ਼ਕਾਂ ਤੋਂ ਵਿਦਾ ਲਈ।

**ਫਰਿਜ਼ਨੋ/ਕੁਲਵੰਤ ਧਾਲੀਆਂ :**

ਫਰਡਿਊਸ ਪ੍ਰੋਡਕਸ਼ਨ ਦੇ ਨਾਜ਼ਰ ਸਿੰਘ ਸਹੋਤਾ, ਅਮਰਜੀਤ ਸਿੰਘ ਦੌਧਰ, ਗੁਰਿੰਦਰਜੀਤ ਨੀਟਾ ਮਾਛੀਕੇ ਅਤੇ ਕਿੱਟੀ ਗਿੱਲ ਦੀ ਅਗਵਾਈ ਵਿਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਕਲੋਵਸ ਦੇ ਹਾਈ ਸਕੂਲ ਦੇ ਨੌਰਥ ਪਰਫੌਰਮਿੰਗ ਆਰਟਸ ਸੈਂਟਰ ਵਿਚ ਉੱਘੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਦਾ ਸ਼ਾਨਦਾਰ ਸ਼ੋਅ ਕਰਵਾਇਆ ਗਿਆ। ਸਟੇਜ ਸੰਚਾਲਨ ਦੀ ਭੂਮਿਕਾ ਨਿਭਾਉਂਦੇ ਹੋਏ ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ 'ਜੀ ਆਇਆਂ' ਕਹਿੰਦੇ ਹੋਏ ਸ਼ਾਇਰਾਨਾ ਅੰਦਾਜ ਨਾਲ ਕੀਤੀ।ਇਸ ਮੌਕੇ ਦਰਸ਼ਕਾਂ ਨਾਲ ਖਚਾ-ਖਚ ਭਰੇ ਹਾਲ ਅੰਦਰ ਸਤਿੰਦਰ ਸਰਤਾਜ ਦਾ ਤਾੜੀਆਂ ਦੀ ਗੂੰਜ ਵਿਚ ਸੁਆਗਤ ਹੋਇਆ। ਸਤਿੰਦਰ ਸਰਤਾਜ ਨੇ ਆਪਣੇ ਨਵੇਂ-ਪੁਰਾਣੇ ਗੀਤਾਂ ਦੀ ਅਜਿਹੀ ਛਹਿਬਰ ਲਾਈ ਕਿ ਹਰ ਇਕ ਪੱਬ ਢੋਲ ਦੇ ਡੱਗੇ ਤੇ ਥਿਰਕਣ ਲਈ ਕਾਹਲਾ ਪੈ ਰਿਹਾ ਸੀ। ਸਤਿੰਦਰ ਸਰਤਾਜ ਨੇ 'ਸਾਂਈ ਵੇ ਸਾਡੀ ਫ਼ਰਿਆਦ ਤੇਰੇ ਤਾਈਂ' ਤੋਂ ਪ੍ਰੋਗਰਾਮ ਸ਼ੁਰੂ ਕਰਦਿਆਂ "ਦੁਸ਼ਮਣ ਵੀ ਹੋਵੇ ਭਾਵੇਂ ਦਸਤਾਰ ਕਦੇ ਨੀ ਲਾਹੀਦੀ, ਜਿੱਤ ਦੇ ਨਿਸ਼ਾਨ ਸਦਾ ਲਾਏ ਜਾਂਦੇ ਝੰਡੇ ਨਾਲ, ਪਹਿਲਾ ਵਾਰ ਕਲਮਾਂ ਦਾ ਪਿੱਛੋਂ ਵਾਰ ਖੰਡੇ ਨਾਲ, ਅੱਧੀ ਕਿੱਕ ਤੇ ਸਟਾਰਟ ਮੇਰਾ ਯਾਮਹਾ, ਅਜੇ ਘੜਾ ਅਕਲ ਦਾ ਊਣਾ ਏ ਜਦ ਭਰ ਕੇ ਡੁੱਲੂ ਵੇਖਾਂਗੇ, ਹੁਣ ਦੇਰ ਨਹੀਂ ਦਿਨਾਂ 'ਚ ਰੱਬ ਛੇਤੀ ਹੀ ਕਰਾਊ ਬੱਲੇ ਬੱਲੇ, ਲਾ ਲੈ ਢੋਲਕੀ ਨੂੰ ਆਟਾ ਪਾ ਲੈ ਪੰਜੇ ਉਂਗਲਾਂ 'ਚ ਛੱਲੇ" ਆਦਿਕ ਬਹੁਤ ਸਾਰੇ ਮਕਬੂਲ ਗੀਤਾਂ ਰਾਹੀ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਜਦੋਂ ਸਰਤਾਜ ਨੇ 'ਮੈਂ ਗੁਰਮੁਖੀ ਦਾ ਬੇਟਾ ਮੈਨੂੰ ਤੋਰਦੇ ਨੇ ਅੱਖਰ' ਗਾਇਆ ਤਾਂ ਜਿਵੇਂ ਸਾਰਾ ਹਾਲ ਹੀ ਉਸ ਦੇ ਨਾਲ ਗਾਉਣ ਲੱਗ ਪਿਆ। ਇਸ ਸਮੇਂ ਛੋਟੇ ਬੱਚੇ ਗੁਰਮੁੱਖੀ 'ਚ ਲਿਖੀਆਂ ਟੀ ਸ਼ਰਟਾਂ ਪਹਿਨੇ ਹੋਏ ਸਟੇਜ 'ਤੇ ਪਹੁੰਚੇ ਤਾਂ ਪ੍ਰੋਗਰਾਮ ਇਕ ਤਰ੍ਹਾਂ ਨਾਲ ਚਰਮ ਸੀਮਾ 'ਤੇ ਪਹੁੰਚ ਗਿਆ। ਇਸ ਸ਼ੋਅ ਦੌਰਾਨ ਫਰਿਜ਼ਨੋ ਦੀਆਂ ਸਿਰਕੱਢ ਸ਼ਖ਼ਸੀਅਤਾਂ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਹੋਰ ਚਾਰ ਚੰਨ ਲਾਏ।

ਪ੍ਰੋਗਰਾਮ ਦੇ ਅੰਤ ਵਿਚ ਪੱਤਰਕਾਰ ਨੀਟਾ ਮਾਛੀਕੇ ਨੇ ਸਮੂਹ ਸਪਾਂਸਰਡ ਤੇ ਦਰਸ਼ਕ ਵੀਰਾਂ ਦਾ ਧੰਨਵਾਦ ਕੀਤਾ। ਸਾਹਿਤਕ ਰੰਗ ਵਿਚ ਰੰਗਿਆ ਇਹ ਪ੍ਰੋਗਰਾਮ ਅਮਿੱਟ ਪੈੜਾਂ ਛੱਡਦਾ ਯਾਦਗਾਰੀ ਹੋ ਨਿੱਬੜਿਆ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਐਨਕੇਆਰਐਸ ਟਰੱਕਿੰਗ ਵਾਲੇ ਅਮੋਲਕ ਸਿੱਧੂ (ਭੋਲੇ) ਨੇ ਸ਼ਾਨਦਾਰ ਰਾਤਰੀ ਦੇ ਭੋਜਨ ਦਾ ਪ੍ਰਬੰਧ ਇੰਡੀਆ ਕਬਾਬ ਰੈਸਟੌਰੈਂਟ ਵਿਚ ਕੀਤਾ।

## ਬਾਬਾ ਫਕੀਰ ਚੰਦ, ਤਾਇਆ ਤੁਲਸੀ ਰਾਮ ਅਤੇ ਮੇਰਾ ਸਾਈਕਲ

ਉਸ ਨੇ ਕਿਹਾ ਕਿ ਮੇਰੀ ਉਸ ਦਿਨ ਦੀ ਪੜ੍ਹਾਈ ਬਚ ਜਾਵੇ ਜਿਸ ਲਈ ਮੈਂ ਉਸ ਦੇ ਸਾਈਕਲ ਦੇ ਪਿੱਛੇ ਉਸ ਦੇ ਰੱਸੇ ਨਾਲ ਆਪਣਾ ਸਾਈਕਲ ਬੰਨ੍ਹ ਲਵਾਂ। ਥੋੜ੍ਹੀ ਦੂਰ ਜਾਣ ਤੋਂ ਬਾਅਦ ਸੜਕ ਵਿਚ ਖੱਡਾ ਹੋਣ ਕਾਰਨ ਮੇਰਾ ਸਾਈਕਲ ਜਦੋਂ ਉਸ ਵਿੱਚ ਪਿਆ ਤਾਂ ਮੇਰੇ ਸਾਈਕਲ ਦਾ ਪਹਿਲਾ ਅੱਧਾ ਹਿੱਸਾ ਸਵਰਨ ਸਿੰਘ ਦੇ ਸਾਈਕਲ ਦੇ ਨਾਲ ਚਲਾ ਗਿਆ ਅਤੇ ਬਾਕੀ ਦਾ ਅੱਧਾ ਹਿੱਸਾ ਸੜਕ ਦੇ ਖੱਡੇ ਦੇ ਪਿੱਛੇ ਡਿਗ ਪਿਆ। ਮੈਂ ਸਾਈਕਲ ਦੇ ਦੋਵਾਂ ਵੱਖ ਹੋਏ ਹਿੱਸਿਆਂ ਦੇ ਵਿਚਕਾਰ ਸੜਕ ਦੇ ਖੱਡੇ ਵਿੱਚ ਜਾ ਪਿਆ। ਸਵਰਨ ਸਿੰਘ ਬਹੁਤ ਫੁਰਤੀ ਨਾਲ ਆਪਣਾ ਸਾਈਕਲ ਰੋਕ ਕੇ ਮੇਰੇ ਕੋਲ ਆ ਕੇ ਪੁੱਛਣ ਲੱਗਿਆ ਕਿ ਗਿਆਨ ਤੇਰੇ ਸੱਟਾਂ ਜ਼ਿਆਦਾ ਤਾਂ ਨਹੀਂ ਲੱਗੀਆਂ। ਮੇਰਾ ਸੁਭਾਵਿਕ ਜਵਾਬ ਸੀ ਕਿ ਮੇਰਾ ਤਾਂ ਸਾਈਕਲ ਟੁੱਟ ਗਿਆ ਹੈ। ਜਦੋਂ ਟੁੱਟੇ ਹੋਏ ਸਾਈਕਲ ਨੂੰ ਤਾਏ ਤੁਲਸੀ ਰਾਮ ਕੋਲ ਲਿਆਂਦਾ ਗਿਆ ਤਾਂ ਉਨ੍ਹਾਂ ਨੇ ਉਸ ਦੀ ਮੁਰੰਮਤ ਅਤੇ ਪੇਂਟ ਕਰਕੇ ਫਿਰ ਤੋਂ ਨਵੇਂ ਸਾਈਕਲ ਹੋਂਦ ਦੀ ਦਿੱਖ ਬਖ਼ਸ਼ ਕੇ ਮੁਰੰਮਤ ਅਤੇ ਪੇਂਟ ਦੇ ਪੈਸੇ ਲੈਣ ਤੋਂ ਪਹਿਲਾਂ ਦੀ ਤਰ੍ਹਾਂ ਇਨਕਾਰ ਕਰ ਕੇ ਦਿਲਾਸਾ ਦਿੱਤਾ ਕਿ ਜਦੋਂ ਤੱਕ ਤੁਲਸੀ ਰਾਮ ਜਿਉਂਦਾ ਹੈ, ਗਿਆਨ ਦਾ ਸਾਈਕਲ ਚੱਲਦਾ ਰਹੇਗਾ।

ਇਸ ਸਮੇਂ ਮੇਰੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ। ਬਾਬਾ ਫਕੀਰ ਚੰਦ ਅਤੇ ਤਾਇਆ ਤੁਲਸੀ ਰਾਮ ਦੀ ਮਦਦ ਕਾਰਨ ਮੇਰਾ ਇਹ ਸਾਈਕਲ ਨਸਰਾਲੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਕਰਵਾਉਣ ਤੋਂ ਬਾਅਦ ਏ.ਐੱਸ. ਕਾਲਜ ਖੰਨਾ ਤੋਂ ਬੀ.ਏ. ਪੂਰੀ ਕਰਨ ਤੱਕ ਮੇਰਾ ਸਾਥ ਦਿੰਦਾ ਰਿਹਾ।

### ਤਾਇਆ

## ਚੁਆਨੀ ਆਲੀ ਸਕੀਮ

**- ਜਨਮੇਜਾ ਸਿੰਘ ਜੌਹਲ**

ਤਾਏ ਨੇ ਕਿਤੇ ਸੁਣਿਆ ਸੀ ਬਈ, ਵੱਡੇ ਵੱਡੇ ਲੀਡਰ ਹਰ ਮੁਨਾਫੇ ਵਾਲੇ ਕੰਮ ਚ ਹਿੱਸਾ ਪਾ ਲੈਂਦੇ ਹਨ, ਚਾਹੇ ਧੱਕੇ ਨਾਲ ਹੀ ਸਹੀ। ਉੱਤੋਂ ਦੇਣਾ ਵੀ ਕੁਝ ਨਹੀਂ ਪੈਂਦਾ ਤੇ ਮੁਨਾਫੇ 'ਚੋਂ ਹੀ ਆਪਣੇ ਹਿੱਸੇ ਦੀ ਕਿਸ਼ਤ ਕਟਵਾ ਦੇਂਦੇ ਹਨ। ਤਾਏ ਨੂੰ ਇਹ ਸਕੀਮ ਚੰਗੀ ਲੱਗੀ। ਸਾਡੇ ਤਾਏ ਵਿਚ ਲੀਡਰੀ ਵਾਲੇ ਗੁਣ ਤਾਂ ਸੀ 'ਗੇ ਹੀ, ਤਾਂ ਹੀ ਤਾਂ ਤਾਈ ਦੇ ਸਿੱਧੇ ਮਾਰੇ ਨਿਸ਼ਾਨੇ ਵੀ ਖੁੰਝਦੇ ਰਹੇ। ਤਾਏ ਨੇ ਸੋਚਿਆ ਕਿ ਪਹਿਲੇ ਕੰਮ ਛੋਟੇ ਪੱਧਰ 'ਤੇ ਕੀਤਾ ਜਾਵੇ। ਤਾਏ ਨੂੰ ਲੱਗਾ ਕੇ ਇਸ ਕੰਮ ਲਈ ਪਹਿਲੋਂ ਪਿੰਡ ਦਾ ਕਰਿਆੜ ਹੀ ਠੀਕ ਰਹੂ। ਤਾਏ ਨੇ ਦੁਪਹਿਰ ਜਿਹੇ ਦੁਕਾਨ ਵਿਹਲੀ ਜਹੀ ਦੇਖ ਕੇ ਜਾ ਬਾਣੀਏ ਦੇ ਗੋਡੀਂ ਹੱਥ ਲਾਇਆ, "ਚਾਚਾ ਕਿਮੇਂ ਆ, ਕੰਮ ਲੋਟ ਆ ?"

ਬਾਣੀਆਂ ਭਾਂਪ ਗਿਆ ਬਈ ਇਹ ਜ਼ਰੂਰ ਪੈਸਾ ਧੇਲਾ ਮੰਗੂ ਜਾਂ ਫੇਰ, "ਕਿਤੇ ਕਿਰਕ ਤਾਂ ਨੀ ?" ਪੁੱਛ ਕੇ ਗੱਚਕ ਦਾ ਟੁੱਕੜਾ ਲਪੇਟ ਜੂ। ਬਾਣੀਏ ਨੇ ਇਸੇ ਡਰ ਵਿਚ ਕਹਿ ਤਾਂ, "ਮੰਗ੍ਹਾਈ ਬਹੁਤ ਹੋ ਗੀ, ਵੇਚਣ ਨੂੰ ਸੌਦਾ ਹੀ ਨੀ ਖਰੀਦ ਹੁੰਦਾ।"

ਤਾਏ ਦੀਆਂ ਵਾਛਾਂ ਖਿੜ ਗਈਆਂ। "ਲੈ ਚਾਚਾ ਤੇਰੇ ਕੰਮ ਚ ਚੁਆਨੀ ਮੇਰੀ।"

ਬਾਣੀਆਂ ਹੱਕਾ ਬੱਕਾ ਰਹਿ ਗਿਆ। ਵਪਾਰ 'ਚ ਧੱਕੇ ਨਾਲ ਹਿੱਸੇਦਾਰ ਆ ਖੜੋਇਆ। ਬਾਣੀਏ ਦੀ ਚੁੱਪ ਨੇ ਤਾਏ ਨੂੰ ਯਕੀਨ ਦੁਆ 'ਤਾ ਬਈ ਸਕੀਮ ਕਾਮਯਾਬ ਹੋਗੀ।

"ਹੱਛਾਅ, ਪਰ ਕਾਕਾ ਚੁਆਨੀ ਤਾਂ ਸਰਕਾਰ ਕਦੇ ਦੀ ਬੰਦ ਕਰ ਚੁੱਕੀ ਆ।"

"ਨਹੀਂ ਚਾਚਾ ਮੇਰਾ ਮਤਲਬ..."

"ਮਤਲੁਬ ਮਤਲੁਬ ਮੈਨੂੰ ਨੀ ਪਤਾ, ਆ ਖੋਟੀਆਂ ਚੁਆਨੀਆਂ ਘਰੇ ਰੱਖ ਤੇ ਦੌੜ ਜਾ ਏਥੋਂ।"

ਨਾਲ ਹੀ ਬਾਣੀਏ ਨੇ ਵੇਚਣ ਲਈ ਰੱਖੇ ਬਾਂਸ ਦੇ ਝਾੜੂ ਨੂੰ ਹੱਥ ਪਾ ਲਿਆ। ਤਾਇਆ ਹੁਣ ਉਹ ਨੂੰ ਲੱਭ ਰਿਹਾ ਸੀ ਜਿਹਨੇ ਚੁਆਨੀ ਆਲੀ ਸਕੀਮ ਦੱਸੀ ਸੀ।

## ਅਮਰੀਕਾ-ਚੀਨ ਵਪਾਰ ਯੁੱਧ ਵਿਚ ਫਸਿਆ ਭਾਰਤ

ਹੇਰਾ-ਫੇਰੀ ਦੇ ਠੱਪੇ ਨੂੰ ਹਲਕੇ ਵਿਚ ਨਹੀਂ ਲਿਆ। ਇਕ ਬਿਆਨ ਵਿਚ ਅਮਰੀਕੀ ਖਜ਼ਾਨਾ ਵਿਭਾਗ ਨੇ ਕਿਹਾ ਕਿ ਇਹ ਚੀਨ ਦੇ ਨਵੀਨਤਮ ਕਾਰਜਾਂ ਵਲੋਂ ਬਣਾਏ ਗਏ ਅਣਉਚਿਤ ਲਾਭ ਨੂੰ ਖ਼ਤਮ ਕਰਨ ਦੇ ਲਈ ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਨਾਲ ਗਤੀਸ਼ੀਲ ਹੋਵੇਗਾ। ਆਪਣੇ ਵਲੋਂ ਅਮਰੀਕਾ ਅੱਗੇ ਵਧ ਕੇ ਪਾਬੰਦੀਆਂ ਲਗਾਉਣ ਦੇ ਲਈ ਯੂਆਨ ਦੇ ਹੇਠਾਂ ਜਾ ਰਹੇ ਪ੍ਰਭਾਵ ਨੂੰ ਨਾਕਾਰਨ ਦੇ ਲਈ ਦਰਾਮਦ ਟੈਕਸ ਵਧਾ ਸਕਦਾ ਹੈ। ਕੀ ਭਾਰਤੀ ਬਾਜ਼ਾਰ ਵਿਚ ਚੀਨੀ ਵਸਤੂਆਂ ਦੇ ਪ੍ਰਵੇਸ਼ ਨੂੰ ਰੋਕਣ ਦੇ ਲਈ ਭਾਰਤ ਵੀ ਦਰਾਮਦ ਟੈਕਸ ਵਧਾ ਸਕਦਾ ਹੈ ? ਉਮੀਦ ਹੈ ਭਾਰਤ ਦੇ ਵਿੱਤ ਅਤੇ ਵਣਜ ਮੰਤਰਾਲਿਆਂ ਨੇ ਦੇਸ਼ ਦੀ ਦਰਾਮਦ ਅਤੇ ਚੀਨ ਦੇ ਨਾਲ ਵਪਾਰ ਸੰਤੁਲਨ ਅਤੇ ਜ਼ਿਆਦਾ ਮਹੱਤਵਪੂਰਨ ਰੂਪ ਨਾਲ ਦੇਸ਼ ਦੀ ਡਿਗਦੀ ਆਰਥਿਕ ਵਿਕਾਸ ਦੀ ਪ੍ਰਵਿਰਤੀ 'ਤੇ ਯੂਆਨ ਦੇ ਡਿਗਦੇ ਪੱਧਰ ਦੇ ਪੂਰਨ ਪ੍ਰਭਾਵ ਦਾ ਮੁਲਾਂਕਣ ਕਰਨ ਦੇ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ। ਭਾਰਤ ਚੀਨ ਦੀ ਮੁਦਰਾ ਦਖਲਅੰਦਾਜ਼ੀ ਦੇ ਨਵੇਂ ਦੌਰ ਦਾ ਮੂਕ ਦਰਸ਼ਕ ਬਣੇ ਰਹਿਣ ਦਾ ਜੋਖ਼ਮ ਨਹੀਂ ਉਠਾ ਸਕਦਾ ਕਿਉਂਕਿ ਆਪਣੇ ਬਾਜ਼ਾਰ ਨੂੰ 'ਮੇਡ ਇਨ ਚਾਈਨਾ' ਉਤਪਾਦਕਾਂ ਦੁਆਰਾ ਅੱਗੇ ਵਧਾਇਆ ਜਾ ਸਕਦਾ ਹੈ। ਇਹ ਸਰਬਵਿਆਪੀ ਰੂਪ ਨਾਲ ਚੰਗੀ ਤਰ੍ਹਾਂ ਨਾਲ ਮੰਨਿਆ ਹੈ ਕਿ ਚੀਨ ਵਲੋਂ ਵੱਡੀ ਪੱਧਰ 'ਤੇ ਬਰਾਮਦ ਵਿਚ ਅਤੇ ਆਰਥਿਕ ਵਾਧਾ ਇਸ ਦੀ ਕੇਂਦਰ ਵਲੋਂ ਕੰਟਰੋਲ ਕੀਤੀ ਜਾ ਰਹੀ ਆਰਥਿਕ ਨੀਤੀ ਅਧੀਨ ਕੀਤਾ ਜਾਂਦਾ ਹੈ। ਜਿਸ ਨੇ ਕਈ ਸਾਲਾਂ ਤੱਕ ਆਪਣੀ ਮੁਦਰਾ ਦੇ ਮੁੱਲ ਨੂੰ ਹੇਠਾਂ ਰੱਖਿਆ ਹੈ।

ਡਿਗਦਾ ਯੂਆਨ ਦੀ ਭਾਰਤ ਦੀ ਪੰਜ ਸਾਲਾਂ ਵਿਚ ਪੰਜ ਟ੍ਰਿਲੀਅਨ ਡਾਲਰ ਦੀ ਅਰਥ-ਵਿਵਸਥਾ ਬਣਨ ਦੀ ਇੱਛਾ ਦੇ ਲਈ ਇਕ ਵੱਡਾ ਖਤਰਾ ਹੈ। ਭਾਰਤ ਦੀ ਆਰਥਿਕ ਵਿਕਾਸ ਦਰ ਵਿਚ ਨਵੀਨਤਮ ਮੰਦੀ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ 2019-20 ਦੇ ਬਜਟ ਦੌਰਾਨ ਕੀਤੇ ਦਾਅਵੇ ਨੂੰ ਗ਼ਲਤ ਸਾਬਤ ਕਰ ਚੁੱਕੀ ਹੈ ਕਿ ਭਾਰਤ ਦੁਨੀਆ ਦੀ 6ਵੀਂ ਸਭ ਤੋਂ ਵੱਡੀ ਅਰਥ-ਵਿਵਸਥਾ ਬਣ ਚੁੱਕਾ ਹੈ। ਵਿਸ਼ਵ ਬੈਂਕ ਦੇ ਤਾਜ਼ਾ ਅੰਕੜਿਆਂ ਅਨੁਸਾਰ ਭਾਰਤ 2018 ਵਿਚ ਆਲਮੀ ਜੀ.ਡੀ.ਪੀ. ਦੀ ਰੈਂਕਿੰਗ ਵਿਚ 7ਵੇਂ ਸਥਾਨ 'ਤੇ ਵਾਪਸ ਆ ਗਿਆ ਹੈ, ਬਰਤਾਨੀਆ ਅਤੇ ਫਰਾਂਸ ਤੋਂ ਵੀ ਪਿਛੇ।

ਪਹਿਲਾਂ ਦੇ ਅੰਕੜਿਆਂ ਦੇ ਅਨੁਸਾਰ ਭਾਰਤ 2017 ਵਿਚ ਫਰਾਂਸ ਤੋਂ ਅੱਗੇ 6ਵੇਂ ਸਥਾਨ 'ਤੇ ਸੀ। ਇਕ ਨਵੇਂ ਡਾਟੇ ਨੇ ਦਰਸਾਇਆ ਸੀ ਕਿ ਭਾਰਤ ਅਸਲ ਵਿਚ ਬਰਤਾਨੀਆ ਤੋਂ ਵੀ ਅੱਗੇ 5ਵੀਂ ਸਭ ਤੋਂ ਵੱਡੀ ਅਰਥ-ਵਿਵਸਥਾ ਸੀ। ਭਾਰਤ ਦੀ ਜੀ.ਡੀ.ਪੀ. 2.65 ਟ੍ਰਿਲੀਅਨ ਡਾਲਰ ਦੀ ਹੈ, ਜਦੋਂਕਿ ਬਰਤਾਨੀਆ 2.64 ਟ੍ਰਿਲੀਅਨ ਡਾਲਰ 'ਤੇ ਸੀ। ਇਸ ਤੋਂ ਬਾਅਦ 2017 ਵਿਚ ਫਰਾਂਸ ਦੀ ਜੀ.ਡੀ.ਪੀ. 2.5 ਟ੍ਰਿਲੀਅਨ ਡਾਲਰ ਸੀ।

## ਗੁਰੂ ਨਾਨਕ ਦੇ ਮੁਸਲਮਾਨ ਉਪਾਸ਼ਕ

ਉਸ ਦੀ ਮ੍ਰਿਤਕ ਦੇਹ ਨੂੰ ਰਾਵੀ ਦਰਿਆ ਵਿਚ ਸੁੱਟਿਆ ਗਿਆ। ਮਰਦਾਨਾ ਕਵੀ ਵੀ ਸੀ, ਜਿਸ ਦਾ ਇਕ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਤਵਾਰੀਖ਼ ਇਸ ਗੱਲ ਦੀ ਗਵਾਹੀ ਦੇਂਦੀ ਹੈ ਕਿ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਪਿਆਰਾ ਸਾਥੀ ਸੀ।

ਫ਼ਕੀਰ ਮੁਰਾਦ : ਜਦੋਂ ਗੁਰੂ ਨਾਨਕ ਸਾਹਿਬ ਬਗ਼ਦਾਦ ਗਏ ਤਾਂ ਉਨ੍ਹਾਂ ਨੇ ਕਬਰਸਤਾਨ ਕੋਲ ਜਾ ਕੇ ਅਸਥਾਨਾ ਕੀਤਾ, ਜਿਸ ਦੀ ਗਵਾਹੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਅੰਕਿਤ ਹੈ। ਗੁਰੂ ਨਾਨਕ ਦਾ ਬਗ਼ਦਾਦ ਜਾਣਾ ਇਕ ਤਾਰੀਖ਼ੀ ਹਕੀਕਤ ਹੈ। ਬਗ਼ਦਾਦ ਇਰਾਕ (ਅਰਬ) ਵਿਚ ਨੌਸ਼ੇਰਾਂ ਦਾ ਵਸਾਇਆ ਹੋਇਆ ਨਗਰ ਹੈ ਜਿੱਥੇ ਦਰਿਆ ਦਜ਼ਲਾ ਤੇ ਫਿਰਾਤ ਦਾ ਸੰਗਮ ਹੁੰਦਾ ਹੈ। ਇੱਥੇ ਗੁਰੂ ਸਾਹਿਬ ਮੱਕੇ-ਮਦੀਨੇ ਦੀ ਯਾਤਰਾ ਸਮੇਂ ਪਹੁੰਚੇ ਸਨ। ਬਗ਼ਦਾਦ ਵਿਚ ਪੀਰ ਦਸਤਗੀਰ ਅਤੇ ਬਿਲੋਲ ਜਿਹੇ ਵਲੀਆਂ ਦੇ ਜਾਨਸ਼ੀਨ ਗੁਰੂ ਜੀ ਦੇ ਬੜੇ ਸ਼ਰਧਾਲੂ ਹੋ ਗਏ ਸਨ। ਗੁਰੂ ਜੀ ਦੀ ਯਾਦ ਵਿਚ ਇਕ ਖੁਤਬਾ ਜੋ ਫਾਰਸੀ ਅਤੇ ਤੁਰਕੀ ਜ਼ੁਬਾਨ ਵਿਚ ਲਿਖਿਆ ਹੈ, ਬਗ਼ਦਾਦ ਰੇਲਵੇ ਸਟੇਸ਼ਨ ਤੋਂ ਡੇਢ ਮੀਲ ਦੇ ਫਾਸਲੇ ਉਤੇ ਹੈ। ਬਗ਼ਦਾਦ ਇਰਾਨੀ ਸ਼ਬਦ ਹੈ ਜਿਸ ਦੇ ਅਰਥ 'ਰੱਬ ਦਾ ਦਿੱਤਾ ਤੋਹਫ਼ਾ' ਹਨ। ਬਗ਼ਦਾਦ ਵਿਚ ਗੁਰੂ ਸਾਹਿਬ ਨੇ ਸ਼ੇਖ਼ ਅਬਦੁਲ ਕਾਦਰ ਜਿਲਾਨੀ (1077-1168) ਦੇ ਮਜ਼ਾਰ ਦੇ ਮੁਖਦਮ ਨਾਲ ਵਿਚਾਰਾਂ ਕੀਤੀਆਂ। ਸ਼ੇਖ਼ ਅਬਦੁਲ ਕਾਦਰ ਜਿਲਾਨੀ ਵਾਂਗ ਇਨ੍ਹਾਂ ਨੂੰ ਵੀ ਪੀਰ ਦਸਤਗੀਰ ਆਖਿਆ ਜਾਂਦਾ ਸੀ। ਜਿਥੇ ਗੁਰੂ ਸਾਹਿਬ ਨੇ ਵਿਚਾਰ-ਵਟਾਂਦਰਾ ਕੀਤਾ, ਉੱਥੇ ਹੁਣ ਥੜ੍ਹਾ ਸਾਹਿਬ ਹੈ। ਪਹਿਲੀ ਵੱਡੀ ਜੰਗ ਵਿਚ ਕਈ ਸਿੱਖ ਫ਼ੌਜੀਆਂ ਨੇ ਇਸ ਥੜ੍ਹਾ ਸਾਹਿਬ ਦੇ ਦਰਸ਼ਨ ਕੀਤੇ ਸਨ। ਇਹ ਸ਼ਿਲਾਲੇਖ 1916 ਵਿਚ ਲੱਗੀ ਹੋਈ ਹੈ। ਇਸ ਸ਼ਿਲਾਲੇਖ ਦੀ ਬੋਲੀ ਅਰਬੀ, ਫ਼ਾਰਸੀ ਤੇ ਤੁਰਕੀ ਦੀ ਰਲੀ-ਮਿਲੀ ਹੈ।

ਇਸ ਯਾਦਗਾਰ ਦੇ ਕਰਤਾ-ਧਰਤਾ ਦਾ ਨਾਂ ਮਜੀਦ ਯੂਸਫ਼ ਹੈ। ਮੁਰਾਦ ਨੇ ਹਜ਼ਰਤ ਅਬੇ ਮਜ਼ੀਦ ਬਾਬਾ ਨਾਨਕ ਫ਼ਕੀਰ ਔਲੀਆ ਦੀ ਇਮਾਰਤ ਖਸਤਾ ਹਾਲਤ ਵਿਚ ਵੇਖੀ ਤੇ ਆਪਣੇ ਹੱਥੀਂ ਮੁਰੰਮਤ ਕੀਤੀ ਤਾਂ ਕਿ ਇਤਿਹਾਸਕ ਯਾਦਗਾਰ ਕਾਇਮ ਰਹੇ। ਸਵਾਮੀ ਅਨੰਦ ਉਚਾਰਿਆ ਨੇ ਸੰਨ 1919 ਵਿਚ ਇਹ ਸ਼ਿਲਾਲੇਖ ਵੇਖਿਆ ਸੀ ਅਤੇ ਆਪਣੀ ਕਿਤਾਬ ਵਿਚ ਜ਼ਿਕਰ ਕਰ ਕੇ ਇਕ ਕਵਿਤਾ ਲਿਖੀ। ਇਸ ਸ਼ਿਲਾਲੇਖ ਦਾ ਜ਼ਿਕਰ ਪਾਕਿਸਤਾਨੀ ਲੇਖਕ ਜ਼ਫ਼ਰ ਪਿਆਮੀ ਨੇ ਵੀ ਆਪਣੀ ਇਕ ਲਿਖਤ ਵਿਚ ਕੀਤਾ ਹੈ, "ਮੁਕਾਮ ਬਾਬਾ ਔਲੀਆ ਅੱਲ੍ਹਾ ਦੀ ਬਰਕਤ ਨਾਲ ਇਸ ਜਗ੍ਹਾ ਦੀ ਮੁਰੰਮਤ ਕਰਾਈ, ਮਜੀਦ ਸ਼ਰੀਫ਼ ਹਸਨ ਅਲ੍ਹਾ ਰਜ਼ਵੀ ਪਾਕਿਸਤਾਨੀ ਨੇ ਸੰਨ 1941 ਵਿਚ।"

ਇਹ ਤਾਰੀਖ਼ੀ ਮੁਕਾਮ ਸੰਨ 1966 ਵਿਚ ਫਿਰ ਖਸਤਾ ਹਾਲਤ 'ਚ ਕਈ ਸਿੱਖਾਂ ਨੇ ਦੇਖਿਆ। ਇਸ ਤੋਂ ਪਹਿਲਾਂ ਸੰਨ 1942 ਵਿੱਚ ਉਜਾਗਰ ਸਿੰਘ, ਤਾਰਾ ਸਿੰਘ ਤੇ ਅਬਦੁੱਲ ਮਜੀਦ ਆਦਿ ਨੇ ਇਸ ਨੂੰ ਦੁਬਾਰਾ ਤਾਮੀਰ ਕੀਤਾ। ਇਸ ਸਾਰੀ ਇਮਾਰਤ ਦਾ ਮਾਲਕ ਇਕ ਇਰਾਕੀ ਮੁਸਲਮਾਨ ਹੈ। ਗੁਰੂ ਨਾਨਕ ਨੂੰ ਮੰਨਣ ਵਾਲੇ ਅੱਜ ਵੀ ਅਲਕੋਟ ਅਤੇ ਬਗ਼ਦਾਦ ਵਿਚ ਦਰਿਆ ਦੇ ਕੰਢਿਆਂ 'ਤੇ ਵਸਦੇ ਹਨ ਜਿਨ੍ਹਾਂ ਨੂੰ ਸਾਫ਼ੀ ਆਖਿਆ ਜਾਂਦਾ ਹੈ। ਗੁਰੂ ਜੀ ਬਗ਼ਦਾਦ ਵਿਚ ਪੂਰੇ ਚਾਰ ਮਹੀਨੇ ਰਹੇ। ਇੱਥੇ ਦੇ ਆਲਮਾਂ ਫ਼ਾਜ਼ਲਾਂ ਨਾਲ ਗੁਰੂ ਸਾਹਿਬ ਦੇ ਕਾਫ਼ੀ ਵਿਚਾਰ-ਵਟਾਂਦਰੇ ਹੋਏ। ਜਦੋਂ ਆਲਮਾਂ ਨੇ ਪੁੱਛਿਆ, "ਤੁਸੀਂ ਮੁਹੰਮਦ ਦਾ ਨਾਂ ਇਲਮੇ ਅਬਜਦ ਨਾਲ ਕਿੰਜ ਲਿਖੋਗੇ ?" ਤਾਂ ਗੁਰੂ ਸਾਹਿਬ ਨੇ ਜਵਾਬ ਦਿੱਤਾ :

"ਨਾਮ ਜੋ ਜਿਸ ਹਿੰਦਸੇ ਕਾ ਕਰਲੋ ਚੌ ਗੁਨਾ
ਦੋ ਔਰ ਮਿਲਾ ਲੋ ਫ਼ਿਰ ਕਰ ਲੋ ਪਾਂਚ ਗੁਨਾ
ਬੀਚ ਸੇ ਉੜਾ ਲੋ ਬਾਕੀ ਕਰ ਲੋ ਨੌਂ ਗੁਨਾ
ਇਸ ਮੇਂ ਦੋ ਔਰ ਮਿਲਾ ਲੋ ਨਾਨਕ
ਇਸ ਤਰ੍ਹਾਂ ਨਾਮ ਮੁਹੰਮਦ ਬਨਾ ਲੋ।"

ਇਸ ਤੋਂ ਬਾਅਦ ਜਦੋਂ ਗੁਰੂ ਸਾਹਿਬ ਬਗ਼ਦਾਦ ਤੋਂ ਵਾਪਸ ਆਉਣ ਲੱਗੇ ਤਾਂ ਆਲਮਾਂ ਨੇ ਇਕ ਖ਼ੂਬਸੂਰਤ ਚੋਲਾ ਭੇਟ ਕੀਤਾ ਜਿਸ 'ਤੇ ਕੁਰਾਨ ਸ਼ਰੀਫ਼ ਦੀਆਂ ਆਇਤਾਂ ਲਿਖੀਆਂ ਹੋਈਆਂ ਸਨ ਜੋ ਅੱਜ-ਕੱਲ੍ਹ ਡੇਰਾ ਬਾਬਾ ਨਾਨਕ ਵਿਖੇ ਸੁਰੱਖਿਅਤ ਹੈ।

ਮੱਕੇ ਦੇ ਮੁਸਲਮਾਨ : ਗੁਰੂ ਨਾਨਕ ਸਾਹਿਬ ਮੱਕੇ ਗਏ ਤਾਂ ਉੱਥੇ ਮੁਸਲਮਾਨ ਆਲਮਾਂ-ਫਾਜ਼ਲਾਂ ਨਾਲ ਚਰਚਾ ਹੋਈ। ਖ਼ਿਆਲ ਹੈ ਕਿ ਕਾਬਾ ਖ਼ੁਦਾ ਦਾ ਘਰ ਹੈ। ਇਸ ਵੱਲ ਪੈਰ ਕਰ ਕੇ ਸੌਣਾ ਗੁਨਾਹ ਹੈ। ਮਗਰਬ ਵੱਲ ਮੁਸਲਮਾਨਾਂ ਦਾ ਕਾਬਲੇ ਅਹਿਤਰਾਮ 'ਮੱਕਾ ਤੇ ਕਾਬਾ' ਹਨ। ਇਸ ਪਾਸੇ ਦੀ ਅਦਬ ਤੇ ਇੱਜ਼ਤ ਕਰਨੀ ਵੱਡੀ ਗੱਲ ਹੈ। ਗੁਰੂ ਸਾਹਿਬ ਦਾ ਮਕਸਦ ਕਿਸੇ ਧਾਰਮਿਕ ਅਸੂਲ ਨੂੰ ਤੋੜਨਾ ਨਹੀਂ ਸੀ। ਉਹ ਕਿਸੇ ਦਾ ਦਿਲ ਦੁਖਾਉਣਾ ਨਹੀਂ ਚਾਹੁੰਦੇ ਸਨ। ਗੁਰੂ ਨਾਨਕ ਦਾ ਪੈਗਾਮ ਇਹ ਸੀ ਕਿ ਅੱਲ੍ਹਾ ਦਾ ਘਰ ਹਰ ਪਾਸੇ ਹੈ। ਗੁਰੂ ਸਾਹਿਬ ਨੇ ਬੜੇ ਅਦਬ ਨਾਲ ਮੱਕੇ ਦਾ ਹੱਜ ਕੀਤਾ। ਗੁਰੂ ਜੀ ਨੇ ਹੱਜ ਕਰਨ ਸਮੇਂ ਹਾਜੀਆਂ ਵਾਲੇ ਕੱਪੜੇ ਪਾਏ ਹੋਏ ਸਨ। ਆਪਣੇ ਨਾਲ ਇਕ ਕਿਤਾਬ ਵੀ ਰੱਖੀ ਸੀ। ਇਹ ਕਿਤਾਬ ਗੁਰਬਾਣੀ ਸੀ ਜਾਂ ਕੁਰਾਨ ? ਇਸ ਬਾਰੇ ਖੋਜ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬ ਦੇ ਇਸ ਫਾਨੀ ਸੰਸਾਰ ਤੋਂ ਜਾਣ ਸਮੇਂ ਮੁਸਲਮਾਨ ਉਨ੍ਹਾਂ ਦਾ ਇਸਲਾਮੀ ਅਤੇ ਹਿੰਦੂ ਉਨ੍ਹਾਂ ਦਾ ਆਪਣੇ ਤਰੀਕੇ ਨਾਲ ਅੰਤਿਮ ਸੰਸਕਾਰ ਕਰਨਾ ਚਾਹੁੰਦੇ ਸਨ। ਇਸ ਤਰ੍ਹਾਂ ਮੁਸਲਮਾਨਾਂ ਨੇ ਚਾਦਰ ਦਾ ਇੱਕ ਟੁਕੜਾ ਲੈ ਕੇ ਦਫ਼ਨਾ ਦਿੱਤਾ ਅਤੇ ਹਿੰਦੂਆਂ ਨੇ ਦੂਜਾ ਚਾਦਰ ਦਾ ਟੁਕੜਾ ਲੈ ਕੇ ਸਾੜ ਦਿੱਤਾ। ਮੱਕੇ ਵਿੱਚ ਹਾਜੀਆਂ ਨਾਲ ਵਿਚਾਰਾਂ ਵੀ ਹੋਈਆਂ।

ਫ਼ਕੀਰ ਕਮਾਲ : ਗੁਰੂ ਨਾਨਕ ਸਾਹਿਬ ਆਪਣੀ ਇਕ ਉਦਾਸੀ ਸਮੇਂ ਕਸ਼ਮੀਰ ਆਏ ਤਾਂ ਉਨ੍ਹਾਂ ਨਾਲ ਫ਼ਕੀਰ ਕਮਾਲ ਨੇ ਮੁਲਾਕਾਤ ਕੀਤੀ, ਜੋ ਗੁਰੂ ਸਾਹਿਬ ਦੇ ਏਕਤਾ ਤੇ ਰੂਹਾਨੀ ਇਲਮ ਤੋਂ ਬੜਾ ਪ੍ਰਭਾਵਿਤ ਹੋਇਆ। ਜਨਮਸਾਖੀ ਵਿਚ ਇਸ ਦਾ ਨਾਂ ਗਲਤੀ ਨਾਲ ਕਨਾਲ ਲਿਖਿਆ ਗਿਆ ਹੈ। ਉਹ ਕਸ਼ਮੀਰ ਵਿਚ ਗੁਰੂ ਜੀ ਦਾ ਸਿੱਖ ਬਣ ਕੇ ਬੀਜ ਬਿਹਾੜੇ ਦੇ ਪੰਡਤ ਬ੍ਰਹਮ ਦਾਸ ਨਾਲ ਸਿੱਖ ਧਰਮ ਦਾ ਪ੍ਰਚਾਰ ਕਰਦਾ ਰਿਹਾ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਪੂਰੇ ਸੰਸਾਰ ਵਿਚ ਮੁਸਲਮਾਨ ਬੜਾ ਸਤਿਕਾਰ ਕਰਦੇ ਸਨ। ਉਨ੍ਹਾਂ ਦੇ ਰੱਬੀ ਦੀਦਾਰ ਦੀ ਅਜ਼ਮਤ ਸਾਹਵੇਂ ਨਤਮਸਤਕ ਹੁੰਦੇ ਸਨ।

## ਮਾਮਲਾ ਹਵਾਈ ਅੱਡੇ 'ਤੇ ਭਾਈ ਵਡਾਲਾ ਨੂੰ ਤੰਗ ਕਰਨ ਦਾ, ਜਥੇਦਾਰ ਵੱਲੋਂ ਸ਼ਖ਼ਤ ਨੋਟਿਸ

ਦੂਜਿਆਂ ਦੀ ਧਾਰਮਿਕ ਆਜ਼ਾਦੀ ਵਿਚ ਬੇਲੋੜਾ ਦਖ਼ਲ ਦੇਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਹੋਰ ਸਿੱਖ ਆਗੂਆਂ ਨੂੰ ਕਿਹਾ ਕਿ ਇਸ ਮਾਮਲੇ ਨੂੰ ਭਾਰਤ ਸਰਕਾਰ ਕੋਲ ਰੱਖਣ ਅਤੇ ਇਸ ਦੇ ਪੱਕੇ ਹੱਲ ਲਈ ਚਾਰਾਜੋਈ ਕੀਤੀ ਜਾਵੇ। ਅੰਮ੍ਰਿਤਸਰ ਵਾਪਸ ਪੁੱਜੇ ਭਾਈ ਵਡਾਲਾ ਨੇ ਆਖਿਆ ਕਿ ਘਰੇਲੂ ਉਡਾਣਾਂ ਵਿਚ 9 ਇੰਚ ਤੋਂ ਛੋਟੀ ਕ੍ਰਿਪਾਨ ਸਮੇਤ ਅੰਮ੍ਰਿਤਧਾਰੀ ਸਿੱਖਾਂ ਨੂੰ ਯਾਤਰਾ ਕਰਨ ਦੀ ਪ੍ਰਵਾਨਗੀ ਹੈ ਪਰ ਇਸ ਹਵਾਈ ਕੰਪਨੀ ਨੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਹਨਨ ਕੀਤਾ ਹੈ।

## ਪੰਜਾਬ ਤੇ ਕਸ਼ਮੀਰ ਵਿਚ ਭਾਰਤੀ ਜ਼ੁਲਮਾਂ ਵਿਰੁੱਧ ਭਾਰੀ ਰੋਸ ਮੁਜ਼ਾਹਰਾ

ਇਸ ਮੌਕੇ ਕਸ਼ਮੀਰੀ ਅਮਰੀਕੀ ਵਿਦਿਆਰਥੀ ਤੇ ਵਿਦਿਆਰਥਣਾਂ ਕਈ ਸੌ ਦੀ ਗਿਣਤੀ ਵਿਚ ਪਹੁੰਚੇ ਹੋਏ ਸਨ। ਸਿੱਖਾਂ ਵੱਲੋਂ ਵੀ ਭਰਵੀਂ ਹਾਜ਼ਰੀ ਸੀ, ਜਿਸ ਵਿਚ ਏਜੀਪੀਸੀ ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ, ਖਾਲਿਸਤਾਨ ਦੇ ਸ਼ਹੀਦ ਪਰਿਵਾਰ, ਸਿੱਖ ਇਨਫਰਮੇਸ਼ਨ ਸੈਂਟਰ, ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ ਗੱਤਕਾ ਦਲ ਦੇ ਜਥੇਦਾਰ ਜਸਪ੍ਰੀਤ ਸਿੰਘ ਲਵਲਾ, ਹੇਠੀ ਤੇ ਗਿੱਲ ਪਰਿਵਾਰ ਤੇ ਅਮਰੀਕਨ ਸਿੱਖ ਯੂਥ ਵਾਲੇ ਆਪਣੇ ਬੈਨਰ ਨਾਲ ਪਹੁੰਚੇ ਹੋਏ ਸਨ।

ਸਿੱਖ ਬੁਲਾਰਿਆਂ ਨੇ ਸਿੱਖ ਨਸਲਕੁਸ਼ੀ ਤੇ ਕਸ਼ਮੀਰੀ ਨਸਲਕੁਸ਼ੀ ਦੀ ਤੁਲਨਾ ਕਰਦਿਆਂ ਕਿਹਾ ਕਿ ਦੋਵੇਂ ਘੱਟ ਗਿਣਤੀਆਂ ਨੂੰ ਭਾਰਤੀ ਧਰਤੀ ਤੋਂ ਅਲੋਪ ਕਰਨ ਦੀ ਵੱਡੀ ਸਾਜ਼ਿਸ਼ ਭਾਰਤ ਸਰਕਾਰ ਵੱਲੋਂ ਹਿਟਲਰ ਦੀ ਤਰਜ਼ ਉਤੇ ਹੌਲੀ-ਹੌਲੀ ਪੂਰੀ ਕੀਤੀ ਜਾ ਰਹੀ ਹੈ, ਜਿਸ ਨੂੰ ਨੰਗਿਆਂ ਕਰਨ ਦੀ ਭਾਰੀ ਲੋੜ ਹੈ। ਕਸ਼ਮੀਰ ਵਿਚੋਂ ਫੌਜ ਨੂੰ ਵਾਪਸ ਸੱਦਣ ਤੇ ਕਸ਼ਮੀਰ ਵਿਚ ਲੋਕਾਂ ਦੇ ਅਧਿਕਾਰ ਬਹਾਲ ਕਰਨ ਦੀ ਫੌਰੀ ਲੋੜ ਹੈ, ਜਿਸ ਲਈ ਅਮਰੀਕਾ ਨੂੰ ਦਖਲ ਦੇਣਾ ਚਾਹੀਦਾ ਹੈ ਤੇ ਸੰਯੁਕਤ ਰਾਸ਼ਟਰ ਸੰਘ ਨੂੰ ਭਾਰਤ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਅਪੀਲ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ, ਜੋ ਆਉਣ ਵਾਲੇ ਦਿਨਾਂ ਵਿਚ ਹੋਣ ਜਾ ਰਹੀਆਂ ਹਨ, ਉਸ ਲਈ ਆਪ ਜੀ ਦੀ ਵੋਟ ਬਣਨੀ ਅਤੇ ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਅਗਰ ਆਪ ਜੀ ਦੇ ਪਰਿਵਾਰ ਵਿਚ ਕਿਸੇ ਮੈਂਬਰ ਦੀ ਹਾਲੇ ਤੱਕ ਵੋਟ ਨਹੀਂ ਬਣੀ, ਤਾਂ ਜ਼ਰੂਰ ਬਣਾਉ ਜੀ। ਜੇਕਰ ਆਪ ਜੀ ਦੇ ਪਰਿਵਾਰ ਦਾ ਮੈਂਬਰ, ਰਿਸ਼ਤੇਦਾਰ, ਦੋਸਤ-ਮਿੱਤਰ ਜਾਂ ਕੋਈ ਹੋਰ ਸਾਕ-ਸੰਬੰਧੀ, ਸੈਂਟਾ ਕਲਾਰਾ, ਸੈਨ ਮੈਟੀਉ, ਸੈਂਟਾ ਕਰੂਜ਼, ਮੋਨਟਰੇਅ, ਸੈਨ ਬਨੀਟੋ ਅਤੇ ਕਾਂਟਰਾ ਕੋਸਟਾ ਕਾਊਂਟੀਆਂ ਵਿਚ ਰਹਿੰਦਾ ਹੈ, ਤਾਂ ਉਸ ਦੀ ਵੋਟ ਵੀ ਜ਼ਰੂਰ ਬਣਾਉ ਜੀ। ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗੇ ਜੀ।



ਡਾ. ਤਰਲੋਚਨ ਸਿੰਘ ਨਾਹਲ | ਬਲਬੀਰ ਸਿੰਘ ਢਿੱਲੋਂ | ਜਸਪਾਲ ਸੈਣੀ | ਭੁਪਿੰਦਰ ਸਿੰਘ ਚੀਮਾ | ਬਲਵਿੰਦਰ ਸਿੰਘ ਲੰਗੜੋਆ | ਹਰਪ੍ਰੀਤ ਸਿੰਘ | ਹਰਪ੍ਰੀਤ ਸਿੰਘ ਗਿੱਲ | ਓਂਕਾਰ ਸਿੰਘ ਨਾਹਲ | ਭਾਈ ਗੁਰਮੇਲ ਸਿੰਘ ਖਾਲਸ | ਨੀਟੂ ਸਿੰਘ ਕਾਹਲੋਂ | ਹਰਬਖਸ਼ ਸਿੰਘ ਰਾਉਕੇ



ਸਰਬਜੋਤ ਸਿੰਘ ਸਵੱਦੀ | ਉਪਿੰਦਰ ਸਿੰਘ | ਪ੍ਰੀਤ ਸਿੰਘ ਰੰਧਾਵਾ | ਜਗਜੀਤ ਸਿੰਘ ਮੰਡ | ਬਲਕਾਰ ਸਿੰਘ | ਵਿਕਰਮ ਸਿੰਘ | ਕਸ਼ਮੀਰ ਸਿੰਘ ਸੀਵੀਆ | ਸੁਖਵਿੰਦਰ ਸਿੰਘ ਮਾਨ | ਇੰਦਰਜੀਤ ਸਿੰਘ ਵਿਦ | ਜਰਨੈਲ ਸਿੰਘ ਰਾਜਾ | ਮਨਪ੍ਰੀਤ ਸਿੰਘ ਬਦੇਸ਼ਾ



ਸੁਰਿੰਦਰ ਸਿੰਘ ਮਾਹਲ | ਹਰਦੁੱਮਣ ਸਿੰਘ ਬਿੱਲਾ ਸੰਘੇੜਾ | ਸੁਖਵਿੰਦਰ ਸਿੰਘ ਗਰੇਵਾਲ | ਇਕਬਾਲ ਸਿੰਘ ਮਾਨ | ਮਹਿੰਦਰ ਸਿੰਘ ਮਾਨ | ਤਰਸੇਮ ਸਿੰਘ ਅਟਵਾਲ | ਪ੍ਰਿਤਪਾਲ ਸਿੰਘ ਗਿਰਨ | ਬੱਗਾ ਸਿੰਘ ਰੰਧਾਵਾ | ਅਵਤਾਰ ਸਿੰਘ ਖੇਲਾ | ਜਗਜੀਤ ਸਿੰਘ ਕੰਗ | ਗੁਰਿੰਦਰ ਸਿੰਘ ਢਿੱਲੋਂ



ਜੋਗਿੰਦਰ ਸਿੰਘ ਮਾਨ | ਰਣਜੀਤ ਸਿੰਘ ਅਖਾੜਾ | ਜਸਵੰਤ ਸਿੰਘ ਹੋਠੀ | ਜਰਨੈਲ ਸਿੰਘ ਰਾਏ | ਸ਼ਿਵਰਾਜ ਸਿੰਘ ਸੰਧੂ | ਸਤਪਾਲ ਸਿੰਘ ਸਿੱਧੂ | ਗੁਰਦੇਵ ਸਿੰਘ ਕਲਸੀ | ਹਰਪਾਲ ਸਿੰਘ ਚਾਹਲ | ਗੁਰਦੇਵ ਸਿੰਘ ਬੰਗਾ | ਕਮਲਜੀਤ ਸਿੰਘ ਚੀਮਾ | ਹਰਕੇਵਲ ਸਿੰਘ ਸੰਧੂ



ਸੰਦੀਪ ਸਿੰਘ ਸੰਧੂ | ਜੰਗ ਸਿੰਘ ਬਦੇਸ਼ਾ | ਪਰਮਜੀਤ ਸਿੰਘ ਗਿਰਨ | ਜੈਸੀ ਸਿੰਘ | ਅਵਤਾਰ ਸਿੰਘ ਗਿਰਨ | ਸੁਖਦੀਪ ਸਿੰਘ ਵੜੈਚ | ਹਰਦਿਆਲ ਸਿੰਘ ਗਰੇਵਾਲ | ਭੁਪਿੰਦਰ ਸਿੰਘ ਗਿੱਲ | ਅਮਰਜੀਤ ਸਿੰਘ ਦਿਓਲ | ਹਰਜਿੰਦਰ ਸਿੰਘ ਸੈਣੀ | ਬਘੇਲ ਸਿੰਘ ਜੱਸਵਾਲ | ਕੈਪਟਨ ਦਰਸ਼ਨ ਸਿੰਘ



ਗੁਰਮੀਤ ਸਿੰਘ ਸੈਣੀ | ਗੁਰਸੇਵਕ ਸਿੰਘ ਬੈਂਗੂ | ਗੁਰਜੀਤ ਸਿੰਘ ਗਿੱਲ | ਗੁਰਮੀਤ ਸਿੰਘ ਸਿੱਧੂ | ਜੇ.ਪੀ. ਸਿੰਘ | ਬਲਜੀਤ ਸਿੰਘ | ਰਣਜੀਤ ਸਿੰਘ ਨਾਗਰਾ | ਸੰਦੀਪ ਸਿੰਘ ਸੰਧੂ | ਇੰਦਰਜੀਤ ਸਿੰਘ | ਪਰਮਿੰਦਰ ਸਿੰਘ ਸਹੋਤਾ | ਰਵਿੰਦਰ ਸਿੰਘ ਮਿਨਹਾਸ | ਸੁਖਵਿੰਦਰ ਸਿੰਘ ਸੰਧੂ

Designed By Punjab Mail USA

ਵੱਲੋਂ

## ਸਾਧ ਸੰਗਤ ਸਲੇਟ

408-449-1639


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM